ਨਾਨਕ ਸਿੰਘ

# ਸੁਨਹਿਰੀ ਜਿਲਦ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸੁਨਿਹਰੀ ਜਿਲਦ

ਨਾਨਕ ਸਿੰਘ

ਨਾਨਕ ਸਿੰਘ ਪੁਸਤਕ ਮਾਲਾ

Sri Satguru Jagjit Singh Ji eLibrary NamdhariElibrary@gmail.com

**ਸੰਸਕਰਣ**
1987
ਪ੍ਰਕਾਸ਼ਕ:
ਕੁਲਬੀਰ ਸਿੰਘ ਸੂਰੀ
ਨਾਨਕ ਸਿੰਘ ਪੁਸਤਕ ਮਾਲਾ,
ਮਾਸਟਰ ਤਾਰਾ ਸਿੰਘ ਮਾਰਕਿਟ,
ਬਜ਼ਾਰ ਸਰਾਂ ਗੁਰੂ ਰਾਮਦਾਸ
ਅੰਮ੍ਰਿਤਸਰ।

ਛਾਪਕ:
ਲਾਕਟ ਪ੍ਰਿੰਟਰਜ਼,
ਅੰਮ੍ਰਿਤਸਰ।

ਮੁੱਲ: 25 ਰੁਪਏ

Sri Satguru Jagjit Singh Ji eLibrary NamdhariElibrary@gmail.com

## ਨਾਨਕ ਸਿੰਘ ਸਾਹਿਤ

ਚੜ੍ਹਦੀ ਕਲਾ, ਪਾਪ ਦਾ ਫ਼ਲ, ਸਵਰਗ ਅਤੇ ਉਸ ਦੇ ਵਾਰਿਸ, ਚੌੜ ਚਾਨਣ, ਗਗਨ ਦਮਾਮਾ ਬਾਜਿਆ, ਸਰਾਪੀਆਂ ਰੂਹਾਂ, ਕੋਈ ਹਰਿਆ ਬੂਟ ਰਹਿਓ ਰੀ, ਇਕ ਮਿਆਨ ਦੋ ਤਲਵਾਰਾਂ, ਛਲਾਵਾ, ਪੁਜਾਰੀ, ਬੰਜਰ, ਸੰਗਮ, ਆਸਤਕ ਨਾਸਤਕ, ਨਾਸੂਰ, ਆਦਮ ਖੋਰ, ਮੰਝਧਾਰ, ਧੁੰਦਲੇ ਪਰਛਾਵੇਂ, ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਮੇਰੀ ਦੁਨੀਆਂ, ਚਿੱਤ੍ਰਕਾਰ, ਸੁਮਨ ਕਾਂਤਾ, ਕੱਟੀ ਹੋਈ ਪਤੰਗ, ਅੱਗ ਦੀ ਖੇਡ, ਟੁੱਟੀ ਵੀਣਾ, ਗੰਗਾਜਲੀ ਵਿਚ ਸ਼ਰਾਬ, ਖ਼ੂਨ ਦੇ ਸੋਹਿਲੇ, ਪਵਿੱਤਰ ਪਾਪੀ, ਚਿੱਟਾ ਲਹੂ, ਫੌਲਾਦੀ ਫੁੱਲ, ਲਵ ਮੈਰਿਜ, ਜੀਵਨ ਸੰਗਰਾਮ, ਦੂਰ ਕਿਨਾਰਾ, ਅੱਧ ਖਿੜਿਆ ਫੁੱਲ, ਪੱਥਰ ਕਾਂਬਾ, ਕਾਗ਼ਤਾਂ ਦੀ ਬੇੜੀ, ਪ੍ਰਾਸ਼ਚਿਤ, ਕਾਲ ਚੱਕਰ, ਮਤਰੇਈ ਮਾਂ, ਪਾਪ ਦੀ ਖੱਟੀ, ਸੂਲਾਂ ਦੀ ਸੇਜ, ਪੱਤਝੜ ਦੇ ਪੰਛੀ, ਸੱਧਰਾਂ ਦੇ ਹਾਰ, ਹੰਝੂਆਂ ਦੇ ਹਾਰ, ਸੁਪਨਿਆਂ, ਦੀ ਕਬਰ, ਵਰ ਨਹੀਂ ਸਰਾਪ, ਅਣਸੀਤੇ ਜ਼ਖਮ, ਪੱਥਰ ਦੇ ਖੰਭ, ਮਿੱਠਾ ਮਹੁਰਾ, ਪ੍ਰੇਮ ਸੰਗੀਤ, ਫਰਾਂਸ ਦਾ ਡਾਕੂ, ਰਜਨੀ, ਸੁਨਿਹਰੀ ਜਿਲਦ, ਠੰਡੀਆਂ ਛਾਵਾਂ, ਮਿੱਧੇ ਹੋਏ ਫੁੱਲ, ਤਸਵੀਰ ਦੇ ਦੋਵੇਂ ਪਾਸੇ, ਬੀ. ਏ. ਪਾਸ, ਧੋਬੀ ਦਾ ਕੁੱਤਾ।

Sri Satguru Jagjit Singh Ji eLibrary NamdhariElibrary@gmail.com

# ਤਤਕਰਾ

**ਮੁਖ ਬੰਦ** 6
ਸੁਨਿਹਰੀ ਜਿਲਦ 8
ਭਗਤ ਜੀ 13
ਤਾਸ਼ ਦੀ ਆਦਤ 18
ਰੱਬ ਆਪਣੇ ਅਸਲੀ ਰੂਪ ਵਿਚ 22
ਅਰਜ਼ੀ 25
ਲੱਛਮੀ ਪੂਜਾ 34
ਉੱਚਾ ਨੱਕ 40
ਵੱਡਾ ਡਾਕਟਰ 45
ਮਾਂ ਦੀ ਦੌਲਤ 53
ਹਨੇਰਾ ਚੰਨ 59
ਪਰਭਾਤ ਦਾ ਸੁਪਨਾ 68

# ਮੁੱਖ ਬੰਦ

ਕਹਾਣੀਆਂ ਮੈਂ ਕੋਈ ਬਹੁਤੀਆਂ ਨਹੀਂ ਲਿਖੀਆਂ, ਪਰ ਲਿਖਣ ਦਾ ਠਰਕ ਚਿਰੱਕਾ ਹੈ। ਸ਼ਾਇਦ ਅੱਜ ਤੋਂ ਤੀਹ ਸਾਲ ਪਹਿਲਾਂ ਮੈਂ ਸਭ ਤੋਂ ਪਹਿਲੀ ਕਹਾਣੀ ਲਿਖੀ ਸੀ। ਇਹ ਉਦੋਂ ਦਾ ਜ਼ਿਕਰ ਹੈ ਜਦੋਂ ਸੁਰ ਗਵਾਸੀ ਗਿਆਨੀ ਕਰਤਾਰ ਸਿੰਘ 'ਹਿਤਕਾਰੀ' (ਅੰਮ੍ਰਿਤਾ ਪ੍ਰੀਤਮ ਦੇ ਪਿਤਾ) ਲਾਹੌਰ ਤੋਂ 'ਰਣਜੀਤ ਨਗਾਰਾ' ਨਾਉਂ ਦਾ ਰਸਾਲਾ ਕੱਢਿਆ ਕਰਦੇ ਸਨ। ਦੋ ਚਾਰ ਕਹਾਣੀਆਂ ਲਿਖ ਚੁੱਕਣ ਤੋਂ ਬਾਅਦ ਇਕ ਦਿਨ ਸੋਚ ਆਈ ਕਿ ਮੇਰੀ ਵੀ ਕੋਈ ਕਹਾਣੀ ਕਦੇ ਕਿਸੇ ਰਸਾਲੇ ਵਿਚ ਛਪੇਗੀ? ਅਤੇ ਇਸ ਤੋਂ ਕੁਝ ਦਿਨ ਬਾਅਦ ਮੈਂ ਇਕ ਕਹਾਣੀ ਸੋਧ ਬਣਾ ਕੇ 'ਰਣਜੀਤ ਨਗਾਰੇ' ਦੇ ਪਤੇ 'ਤੇ ਭੇਜ ਦਿੱਤੀ, ਭਾਵੇਂ ਕਿ ਉਸ ਦੇ ਛਪਣ ਦੀ ਉਮੀਦ ਮੈਨੂੰ ਨਹੀਂ ਦੇ ਬਰਾਬਰ ਸੀ। ਤੇ ਮੇਰਾ ਕਿਆਸ ਠੀਕ ਹੀ ਨਿਕਲਿਆਂ, ਜਦ ਕੁਝ ਦਿਨਾਂ ਬਾਅਦ ਉਹੀ ਕਹਾਣੀ ਮੈਨੂੰ ਵਾਪਸ ਆ ਗਈ ਤੇ ਨਾਲ ਅਡੀਟਰ ਵੱਲੋਂ ਇਕ ਚਿੱਠੀ ਵੀ, ਜਿਸ ਵਿਚਲੇ ਇਹ ਸ਼ਬਦ ਮੈਨੂੰ ਅੱਜ ਵੀ ਹੂ ਬ ਹੂ ਯਾਦ ਨੇ–"ਕਹਾਣੀ ਧੰਨਵਾਦ ਸਾਹਿਤ ਵਾਪਸ ਭੇਜੀ ਜਾਂਦੀ ਹੈ। ਅਜੇ ਦਿੱਲੀ ਦੂਰ ਹੈ, ਜੇ ਦ੍ਰਿੜਤਾ ਨਾਲ ਮਿਹਨਤ ਕਰੀ ਜਾਓਗੇ ਤਾਂ ਅਵੱਸ਼ ਕਦੀ ਪਹੁੰਚ ਜਾਓਗੇ...."

'ਦਿੱਲੀ ਦੂਰ ਹੈ' ਪੜ੍ਹ ਕੇ ਮੈਨੂੰ ਕੁਝ ਨਿਰਾਸ਼ਾ ਹੋਈ, ਪਰ 'ਪਹੁੰਚ ਜਾਓਗੇ' ਪੜ੍ਹ ਕੇ ਮੇਰੀ ਨਿਰਾਸ਼ਾ ਆਸ਼ਾ ਵਿਚ ਬਦਲ ਗਈ ਤੇ ਮੈਂ ਲੱਕ ਬੰਨ ਕੇ ਦਿੱਲੀ ਪਹੁੰਚਣ ਦਾ ਇਰਾਦਾ ਬਣਾ ਲਿਆ–ਲਗਾਤਾਰ ਕਹਾਣੀਆਂ ਲਿਖਦਾ ਚਲਾ ਗਿਆ। ਤੇ ਉਸ ਤੋਂ ਦੋ ਤਿੰਨ ਮਹੀਨੇ ਬਾਅਦ ਮੇਰੀ ਪਹਿਲੀ ਕਹਾਣੀ 'ਰਖੜੀ' ਉਸੇ ਪਰਚੇ ਵਿਚ ਛਪੀ। ਛਾਪਣ ਤੋਂ ਛੁਟ ਇਕ ਚਿੱਠੀ ਰਾਹੀ ਅਡੀਟਰ ਜੀ ਵੱਲੋਂ ਮੈਨੂੰ ਸ਼ਾਬਾਸ਼ ਤੇ ਅਸ਼ੀਰਵਾਦ ਵੀ ਮਿਲਿਆ, ਜਿਸ ਨੇ ਮੇਰਾ ਹੌਸਲਾ ਕਾਫ਼ੀ ਵਧਾ ਦਿੱਤਾ।

ਮੁੱਢਲੇ ਚਾਰ ਪੰਜ ਸਾਲ ਵਿਚ ਮੈਂ ਕਹਾਣੀਆਂ ਲਿਖਣ ਵਿਚ ਕਾਫ਼ੀ ਤੇਜ਼ੀ ਦਿਖਾਈ, ਪਰ ਮਗਰੋਂ ਜਿਉਂ ਜਿਉਂ ਨਾਵਲ ਲਿਖਣ ਵਲ ਰੁਝਾਨ ਹੁੰਦਾ ਗਿਆ, ਕਹਾਣੀ ਵਲ ਉਨਾ ਹੀ ਘਟਦਾ ਚਲਾ ਗਿਆ। ਕੇਵਲ ਕਦੇ ਕਦਾਈਂ ਹੀ ਲਿਖਦਾ ਸਾਂ, ਸੋ ਵੀ ਉਦੋਂ ਜਦੋਂ ਕਿਸੇ ਸੰਪਾਦਿਕ ਵੱਲੋਂ ਵਧੇਰੇ ਮੰਗ ਕੀਤੀ ਜਾਂਦੀ।

ਇਹ ਕਹਾਣੀ ਸੰਗ੍ਰਹਿ ਮੇਰੀ ਕੋਈ ਨਵੀਂ ਕ੍ਰਿਤ ਨਹੀਂ, ਸਗੋਂ ਅੱਜ ਤੀਕ ਲਿਖੀਆਂ ਅੱਸੀ ਦੇ ਲੱਗ ਪੱਗ ਕਹਾਣੀਆਂ ਵਿਚੋਂ ਚੁਣੀਆਂ ਹੋਈਆਂ ਕੁਝ ਕਹਾਣੀਆਂ ਦਾ ਇਕੱਠ ਹੈ। ਇਹਨਾਂ ਦੀ ਚੋਣ ਮੈਂ 'ਵਧੀਆ ਘਟੀਆ' ਦੇ ਖਿਆਲੋਂ ਨਹੀਂ ਕੀਤੀ, ਬਲਕਿ ਇਸ ਖਿਆਲੋਂ ਕੀਤੀ ਹੈ। ਕਿ ਬੀਤੇ ਤੀਹਾਂ ਸਾਲਾਂ ਵਿਚ ਜਿੰਨ੍ਹਾਂ ਕੁਝ ਵੀ ਕਹਾਣੀ ਦੇ ਰੂਪ ਵਿਚ ਮੈਂ ਲਿਖਿਆ ਹੈ, ਉਸ ਦੀ ਸ਼ੁਰੂ ਤੋਂ ਲੈ ਕੇ ਛੇਕੜ ਤੀਕ ਦੀ ਵੰਨਗੀ ਪੇਸ਼ ਕਰ ਸਕਾਂ।

ਜਿਨ੍ਹਾਂ ਜਿਨ੍ਹਾਂ ਵਿਸ਼ਿਆਂ ਉਤੇ ਲਿਖ ਚੁਕਾ ਹਾਂ, ਉਹਨਾਂ ਨੂੰ ਸਾਹਵੇਂ ਰੱਖ ਕੇ ਇਕ ਇਕ, ਦੋ ਦੋ ਕਹਾਣੀਆਂ ਇਸ ਪੁਸਤਕ ਵਿਚ ਦੇਣ ਦਾ ਯਤਨ ਕੀਤਾ।

'ਸੁਨਿਹਰੀ ਜਿਲਦ' ਤੇ 'ਰੱਬ ਆਪਣੇ ਅਸਲੀ ਰੂਪ ਵਿਚ' ਰਾਹੀਂ ਫਿਰਕਾ ਪ੍ਰਸਤੀ ਦੇ ਜ਼ਹਿਰੀਲੇ ਅਸਰਾਂ, ਅਤੇ ਇਤਹਾਦ ਦੇ ਸੁੱਚੇ ਅਮਲਾਂ ਦੀ ਵੰਨਗੀ ਪੇਸ਼ ਕੀਤੀ ਹੈ। 'ਤਾਸ਼ ਦੀ ਆਦਤ' ਅਤੇ 'ਵੱਡਾ ਡਾਕਟਰ' ਵਿਚ ਬੱਚੇ ਦਾ ਮਨੋਵਿਗਿਆਨਕ ਵਿਸ਼ਲੇਸ਼ਨ ਪੇਸ਼ ਕੀਤਾ ਹੈ। 'ਮਾਂ ਦੀ ਦੌਲਤ' ਤੇ 'ਹਨੇਰਾ ਚੰਨ' ਵਿਚ ਵਾਤਸਲ ਰਸ ਦੀ ਝਾਕੀ ਦਿਖਲਾਣ ਦਾ ਯਤਨ ਕੀਤਾ ਹੈ। 'ਲਛਮੀ ਪੂਜਾ' ਰਾਹੀਂ ਮੌਜੂਦਾ ਨਿਜ਼ਾਮ ਉੱਤੇ ਵਿਅੰਗ ਭਰੀ ਚੋਟ ਕੀਤੀ ਹੈ। ਕਿ ਕਿਸ ਤਰ੍ਹਾਂ ਇਕ ਕੋਮਲ ਕਲਾਕਾਰ ਨੂੰ ਅਪੇਖਿਆ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਨਾਲ ਘੋਲ ਕਰਨਾ ਪੈਂਦਾ ਹੈ। 'ਪਰਭਾਤ ਦਾ ਸੁਪਨਾ' ਅਤੇ 'ਆਰਜ਼ੀ' ਹਾਸਰਸ ਮਈ ਕਹਾਣੀਆਂ ਦਾ ਤ੍ਰੇਘੜਾ ਹੈ। 'ਭਗਤ ਜੀ' ਕਹਾਣੀ ਵਿਚ ਇਕ ਸਾਧਾਰਨ ਘਰ ਬਾਰੀ ਆਦਮੀ ਦੀ ਜੀਵਨੀ ਵਿਚੋਂ ਈਮਾਨਦਾਰੀ, ਸਾਦਗੀ ਤੇ ਕੁਰਬਾਨੀ ਦੇ ਉਚ ਗੁਣਾਂ ਦਾ ਅਭਾਸ ਕਰਾਇਆ ਹੈ। 'ਉੱਚਾ ਨੱਕ' ਰਾਹੀਂ ਝੂਠੀ ਲੋਕ ਲਾਜ ਤੇ ਬਨਾਵਟੀ ਵਡਿੱਤਣ ਪਿਛੇ ਇਕ ਪਰਵਾਰ ਦੀ ਬਰਬਾਦੀ ਹੁੰਦੀ ਦਸੀ ਹੈ।

ਇਸ ਸੰਗ੍ਰਹਿ ਵਿਚ ਹੋਰ ਕੋਈ ਗੁਣ ਹੋਵੇ ਨਾ ਹੋਵੇ ਪਰ ਇਕ ਗਲ ਦਾ ਮੈਨੂੰ ਪੂਰਾ ਭਰੋਸਾ ਹੈ ਕਿ ਮੇਰੇ ਦੇਸ਼ ਦੀ ਪਨੀਰੀ–ਜਿਨ੍ਹਾਂ ਨੇ ਵਡਿਆ ਹੋ ਕੇ ਆਪਣੇ ਸਮਾਜ ਦੀ ਫੁਲਵਾੜੀ ਬਣਨਾ ਹੈ–ਇਹਨਾਂ ਕਹਾਣੀਆਂ ਵਿਚੋਂ ਬਹੁਤ ਕੁਝ ਐਸੀ ਪ੍ਰੇਰਨਾ ਲੈ ਸਕੇਗੀ, ਜੋ ਉਹਨਾਂ ਦੇ ਜੀਵਨ ਰਾਹਾਂ ਦੀਆਂ ਕਈ ਕਠਨਾਈਆਂ ਦੂਰ ਕਰਨ ਦਾ ਸਾਧਨ ਬਣਨਗੀਆਂ।

**ਨਾਨਕ ਸਿੰਘ**

## ਸੁਨਿਹਰੀ ਜਿਲਦ

"ਕਿਉਂ ਜੀ ਤੁਸੀਂ ਸੁਨਿਹਰੀ ਜਿਲਦਾਂ ਵੀ ਬੰਨ੍ਹਦੇ ਹੁੰਦੇ ਓ?"

ਖ਼ੈਰ ਦੀਨ ਦਫਤਰੀ ਜੋ ਜਿਲਦਾਂ ਨੂੰ ਪੁਸ਼ਤੇ ਲਾ ਰਿਹਾ ਸੀ, ਗਾਹਕ ਦੀ ਗਲ ਸੁਣ ਕੇ ਬੋਲਿਆ–

"ਆਹੋ ਜੀ ਜਿਹੋ ਜਿਹੀ ਕਹੋ।"

ਗਾਹਕ ਇਕ ਅਧਖੜ ਉਮਰ ਦਾ ਸਿੱਖ ਸੀ। ਹੱਟੀ ਦੇ ਫੱਟੇ ਤੇ ਬੈਠ ਕੇ ਉਹ ਕਿਤਾਬ ਉਤਲੇ ਰੁਮਾਲਾਂ ਨੂੰ ਬੜੇ ਅਦਬ ਅਤੇ ਕੋਮਲਤਾ ਨਾਲ ਖੋਲਣ ਲੱਗ ਪਿਆ। ਪੰਜ ਛੇ ਰੁਮਾਲ ਉਤਾਰਨ ਤੋਂ ਬਾਅਦ ਉਸ ਨੇ ਵਿਚੋਂ ਇਕ ਕਿਤਾਬ ਕੱਢੀ। ਦਫ਼ਤਰੀ ਦੀ ਹੱਟੀ ਵਿਚ ਜਿੰਨੇ ਕਾਰੀਗਰ ਕੰਮ ਕਰ ਰਹੇ ਸਨ, ਸਾਰੇ ਹੀ ਕਿਤਾਬ ਵ ੱਲ ਤੱਕ ਕੇ ਮੂੰਹ ਨੀਵਾਂ ਪਾ ਕੇ ਹੱਸਣ ਲੱਗ ਪਏ। ਇਕ ਨੇ ਤਾਂ ਪੋਲੇ ਜਿਹੇ ਮੂੰਹ ਨਾਲ ਆਖ ਹੀ ਦਿੱਤਾ–"ਕੱਖਾਂ ਦੀ ਕੁੱਲੀ ਅਤੇ ਹਾਥੀ ਦੰਦ ਦਾ ਪਰਨਾਲਾ।"

ਕਿਤਾਬ ਸਾਰੀ ਵਰਕਾ ਵਰਕਾ ਹੋਈ ਹੋਈ ਸੀ। ਉਸ ਦੇ ਧੂੰਏ ਰੰਗੇ ਸਫ਼ੇ, ਹੱਥ ਲਾਇਆਂ ਭੁਰਦੇ ਜਾਂਦੇ ਸਨ। ਜਿਲਦ ਦੀ ਥਾਂ ਉਸਦੇ ਦੋਹੀਂ ਪਾਸੇ ਦੋ ਮੋਟੇ ਅਤੇ ਢਾਡੇ ਮੈਲੇ ਗੱਤੇ ਸਨ ਜਿਨ੍ਹਾਂ ਦੀ ਨੁੱਕਰਾਂ ਮੁੜੀਆਂ ਸਨ। ਇਉਂ ਜਾਪਦਾ ਸੀ ਕਿ ਕਦੇ ਇਹ ਚਮੜੇ ਦੀ ਜਿਲਦ ਦੇ ਰੂਪ ਵਿਚ ਰਹਿ ਚੁਕੇ ਹੋਣ।

ਕਿਤਾਬ ਦਫ਼ਤਰੀ ਨੇ ਹੱਥ ਵਿਚ ਫੜੀ ਤੇ ਉੱਥਲ ਪੁੱਥਲ ਕੇ ਵੇਖੀ। ਵੇਖਦਿਆਂ ਹੀ ਬਿਟਰ ਬਿਟਰ ਗਾਹਕ ਦੇ ਮੂੰਹ ਵੱਲ ਤੱਕਣ ਲੱਗ ਪਿਆ। ਇਹ ਇਕ ਹੱਥਾਂ ਦਾ ਲਿਖਿਆ ਹੋਇਆ ਕੁਰਾਨ ਸਰੀਫ਼ ਸੀ।

ਦਫ਼ਤਰੀ ਨੇ ਕਿਹਾ–

"ਬਣ ਜਾਏਗੀ ਸਰਦਾਰ ਜੀ।" ਫਿਰ ਸੰਕੋਚਵੇਂ ਭਾਵ ਨਾਲ ਪੁਛਣ ਲੱਗਾ–

"ਸਰਦਾਰ ਜੀ ਕੁਰਾਨ ਸਰੀਫ ਤੁਹਾਡਾ ਆਪਣਾ ਏ? ਲਿਖਾਈ ਤਾਂ ਬੜੀ ਕਮਾਲ ਦੀ ਏ।"

"ਨਹੀਂ ਇਹ ਮੇਰੀ ਲੜਕੀ ਦਾ ਏ।"

"ਹੱਛਾ ਚੀਜ਼ ਤਾਂ ਸਰਦਾਰ ਜੀ ਬੜੀ ਚੰਗੀ ਏ, ਪਰ ਵਰਕੇ ਬੜੇ ਖ਼ਸਤਾ ਹੋ ਗਏ ਨੇ। ਇਸ ਨਾਲੋਂ ਜੇ ਕਿਤੇ ਛਾਪੇ ਦਾ ਲੈ ਕੇ ਜਿਲਦ ਬਣਵਾਂਦੇ ਤਾਂ ਚੰਗਾ ਸੀ।

"ਤੁਸੀਂ ਠੀਕ ਕਹਿੰਦੇ, ਪਰ ਕੁੜੀ ਦੀ ਇਸ ਨਾਲ ਬੜੀ ਮੁਹੱਬਤ ਏ, ਇਹ ਉਸਦੇ ਪਿਉ ਦੀ ਨਿਸ਼ਾਨੀ ਏ।"

ਦਫ਼ਤਰੀ ਨੂੰ ਹੈਰਾਨੀ ਦੇ ਨਾਲ ਹੀ ਕੁਝ ਕੁਝ ਸ਼ੱਕ ਵੀ ਹੋਣ ਲੱਗਾ, "ਮੇਰੀ ਲੜਕੀ" ਅਤੇ ਫਿਰ "ਉਸਦੇ ਪਿਉ ਦੀ ਨਿਸ਼ਾਨੀ" ਗੱਲ ਉਸਦੀ ਸਮਝ ਵਿਚ ਨਾ ਆਈ। ਉਸ ਨੇ ਫਿਰ ਪੁੱਛਿਆ।

"ਤਾਂ ਤੁਹਾਡੇ ਕਿਸੇ ਰਿਸ਼ਤੇਦਾਰ ਦੀ ਬੀਬੀ ਏ।"

"ਆਹੋ....ਨਹੀਂ ਮੇਰੀ ਆਪਣੀ ਲੜਕੀ ਏ....ਹਾਂ ਦਸੋ, ਕਦ ਤੱਕ ਦਿਓਗੇ? ਮੈਨੂੰ ਇਸ ਦੀ ਬਹੁਤ ਛੇਤੀ ਲੋੜ ਏ। ਅੱਜ ਤੋਂ ਚੌਥੇ ਦਿਨ ਲੜਕੀ ਦਾ ਵਿਆਹ ਏ ਤੇ ਮੈਂ ਉਸ ਨੂੰ ਦਾਜ ਵਿਚ ਦੇਣਾ ਏ। ਹਾਂ ਸਚ, ਇਕ ਕੰਮ ਹੋਰ ਕਰਨਾ, ਜਿਲਦ ਉਤੇ ਸੁਨਿਹਰੀ ਅੱਖਰਾਂ ਵਿਚ 'ਬੀਬੀ ਜੈਨਾ' ਲਿਖ ਦੇਣਾ। ਪੈਸਿਆ ਦਾ ਕੋਈ ਖਿਆਲ ਨਾ ਕਰਨਾ, ਜੋ ਕਹੋਗੇ ਦਿਆਗਾ।"

ਜਿਉਂ ਜਿਉਂ ਦਫ਼ਤਰੀ ਇਸ ਪੇਚ ਨੂੰ ਖੋਲਣ ਦੀ ਕੋਸ਼ਿਸ਼ ਕਰਦਾ ਸੀ, ਤਿਉਂ ਤਿਉਂ ਉਹ ਹੋਰ ਉਲਝਣ ਵਿਚ ਪੈਂਦਾ ਜਾਂਦਾ ਸੀ। ਇਸ ਅਨੋਖੀ ਗਲ ਕਥ ਨੇ ਉਸ ਦੇ ਹੋਰ ਸਾਥੀਆਂ ਤੋਂ ਵੀ ਆਰਾ ਮਿਸਤਰ ਛੁਡਾ ਦਿੱਤੇ।

ਕਰਮ ਸਿੰਘ ਨੇ ਜਦ ਵੇਖਿਆ ਕਿ ਸਾਰੇ ਜਾਣੇ ਹੀ ਇਹ ਹਾਲ ਸੁਣਨ ਦੇ ਚਾਹਵਾਨ ਹਨ ਤੇ ਉਸ ਨੇ ਉਹਨਾਂ ਨੂੰ ਇਸ ਤਰ੍ਹਾਂ ਦੱਸਣਾ ਸ਼ੁਰੂ ਕਰ ਦਿੱਤਾ-

"ਅੱਜ ਤੋਂ ਪੰਜ ਵਰ੍ਹੇ ਪਹਿਲਾਂ ਦਾ ਜ਼ਿਕਰ ਹੈ। ਜਦ ਇਸ ਸ਼ਹਿਰ ਵਿਚ ਹਿੰਦੂਆਂ ਮੁਸਲਮਾਨਾਂ ਦਾ ਬੜਾ ਭਾਰੀ ਫ਼ਸਾਦ ਹੋਇਆ ਸੀ, ਉਹਨੀ ਦਿਨੀ ਮੈਂ ਬਜ਼ਾਜ਼ੀ ਦੀ ਹੱਟੀ ਕਰਦਾ ਸਾਂ। ਘਰ ਵਿਚ ਅਸੀਂ ਦੋਵੇਂ ਜੀ ਸਾਂ-ਮੈਂ ਤੇ ਮੇਰੀ ਘਰ ਵਾਲੀ।

"ਦੁਪਹਿਰ ਵੇਲੇ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਫ਼ਸਾਦ ਦਾ ਮੁਢ ਉਸੇ ਮੁਹੱਲੇ ਤੋਂ ਬੱਝਾ ਜਿਸ ਵਿਚ ਮੇਰਾ ਘਰ ਸੀ, ਤੇ ਇਹ ਮਹੱਲਾ ਲਗ ਪਗ ਮੁਲਸਮਾਣਾਂ ਦਾ ਹੀ ਸੀ। ਹੱਟੀ ਬੰਦ ਕਰਕੇ ਮੈਂ ਵਾਹੋ ਦਾਹੀ ਘਰ ਵਲ ਭੱਜਾ। ਰਾਹ ਵਿਚ ਟੋਲਿਆਂ ਦੇ ਟੋਲੇ, ਡਾਗਾਂ ਫੜੀ ਦਗੜ ਦਗੜ ਕਰਦੇ ਫਿਰਦੇ ਸਨ।

"ਮੈਂ ਘਰ ਪੁੱਜਾ ਪਰ ਦਰਵਾਜ਼ੇ ਨੂੰ ਜੰਦਰਾਂ ਲੱਗਾ ਵੇਖਕੇ ਮੇਰੀ ਤਸੱਲੀ ਹੋ ਗਈ ਕਿ ਸਤਵੰਤ ਕੌਰ ਆਪਣੀ ਮਾਸੀ ਦੇ ਘਰ ਚਲੀ ਗਈ ਹੈ। ਉਸ ਦੀ ਮਾਸੀ ਦਾ ਘਰ ਖਤਰੰਮੇ ਪਾਸੇ ਸੀ।

"ਉਸ ਦੀ ਦੂਰ ਅੰਦੇਸ਼ੀ ਨੂੰ ਦਿਲ ਵਿਚ ਸਲਾਹੁੰਦਾ ਹੋਇਆ ਮੈਂ ਆਪਣੀ ਮਸੇਸ ਦੇ ਘਰ ਵਲ ਟੁਰ ਪਿਆ।

"ਮੇਰਾ ਉਤਲਾ ਸਾਹ ਉਤੇ ਅਤੇ ਹੇਠਲਾ ਹੇਠਾ ਰਹਿ ਗਿਆ। ਜਦੋਂ ਮੈਨੂੰ ਪਤਾ ਲੱਗਾ ਕਿ ਸਤਵੰਤ ਕੌਰ ਇਥੇ ਨਹੀਂ ਆਈ। ਮੱਥੇ ਤੇ ਹੱਥ ਮਾਰ ਕੇ ਮੈਂ ਉਥੇ ਹੀ ਬੈਠ ਗਿਆ।

"ਸਾਡੀ ਸਾਰੇ ਦਿਨ ਦੀ ਸਿਰ ਤੋੜ ਢੂੰਡ ਭਾਲ ਦਾ ਕੁਝ ਵੀ ਸਿੱਟਾ ਨਾ ਨਿਕਲਿਆ। ਇਧਰ ਫਸਾਦ ਪਲ ਪਲ ਜ਼ੋਰਾਂ ਤੇ ਹੁੰਦਾ ਜਾਂਦਾ ਸੀ। ਕਈ ਮਹੱਲੇ ਫੂਕੇ ਗਏ। ਕਈ ਦੁਕਾਨਾਂ ਲੁੱਟੀਆਂ ਗਈਆਂ ਤੇ ਕਈਆਂ ਬੇਦੋਸ਼ਿਆਂ ਦੇ ਲਹੂ ਵਹਾਏ ਗਏ।

"ਹਫ਼ ਹੁਟ ਕੇ ਮੈਂ ਘਰ ਜਾ ਡਿੱਗਾ। ਚੰਗਾ ਹਨੇਰਾ ਪੈ ਗਿਆ ਸੀ। ਸਾਰੀ ਗਲੀ ਵਿਚ ਸੁੰਨਸਾਨ ਸੀ। ਕਿਸੇ ਕਿਸੇ ਵੇਲੇ ਪੈਦਲ ਤੇ ਸਵਾਰ ਸਿਪਾਹੀਆਂ ਦੇ ਫਿਰਨ ਦੀ ਆਵਾਜ਼ ਆਉਂਦੀ ਸੀ। ਇਸ ਵੇਲੇ ਸੇਵਾ ਸੰਮਤੀ ਦਾ ਇਕ ਵਲੰਟੀਅਰ ਮੇਰੇ ਘਰ ਆਇਆ। ਉਸ ਨੇ ਮੈਨੂੰ ਦੱਸਿਆ ਕਿ ਮੇਰੀ ਵਹੁਟੀ ਸਰਕਾਰੀ ਹਸਪਤਾਲ ਵਿਚ ਮੈਨੂੰ ਉਡੀਕ ਰਹੀ ਹੈ।

"ਮੈਨੂੰ ਸੁਣ ਕੇ ਖੁਸ਼ੀ ਹੋਈ, ਪਰ ਡਰ ਤੇ ਸਹਿਮ ਦੀ ਭਰੀ ਹੋਈ। ਕਈ ਤਰ੍ਹਾਂ ਦੀਆਂ ਸੋਚਾਂ ਸੋਚਦਾ ਹੋਇਆ ਮੈਂ ਹਸਪਤਾਲ ਪਹੁੰਚਿਆਂ।

"ਉਥੇ ਜਾ ਕੇ ਮੈਂ ਜੋ ਕੁਝ ਡਿੱਠਾ ਉਸ ਨੇ ਮੈਨੂੰ ਹੋਰ ਵੀ ਹੈਰਾਨੀ ਵਿਚ ਪਾ

ਦਿੱਤਾ। ਇਕ ਬੁੱਢਾ ਮੁਸਲਮਾਨ ਸਿਰ ਤੋਂ ਪੈਰਾਂ ਤੱਕ ਪੱਟੀਆਂ ਨਾਲ ਤੇ ਸਤਵੰਤ ਕੌਰ ਉਸ ਦੇ ਪਾਸ ਬੈਠੀ ਅੱਥਰੂ ਵਹਾਂਦੀ ਹੋਈ, ਉਸ ਦੇ ਮੂੰਹ ਵਿਚ ਦੁੱਧ ਪਾਣ ਦਾ ਯਤਨ ਕਰ ਰਹੀ ਸੀ।

"ਮੈਨੂੰ ਦੇਖਦਿਆਂ ਹੀ ਉਹ ਡਡਿਆ ਕੇ ਮੇਰੇ ਗਲ ਲਗ ਗਈ। ਹੈਰਾਨੀ ਭਰੀ ਨਜ਼ਰ ਨਾਲ ਉਸ ਵੱਲ ਤੱਕਦਿਆਂ ਮੈਂ ਉਸ ਨੂੰ ਪਿਆਰ ਦਿਲਾਸਾ ਦਿੱਤਾ। ਮੇਰਾ ਭਾਵ ਸਮਝ ਕੇ ਉਹ ਬੋਲੀ–

"ਜੇ ਇਹ ਨਾ ਹੁੰਦੇ ਤਾਂ...! ਇਸ ਦੇ ਅਗੋਂ ਉਹ ਨਾ ਬੋਲ ਸਕੀ।

ਅੰਤ ਉਸ ਨੇ ਵੇਰਵੇ ਨਾਲ ਬੈਠ ਕੇ ਸਾਰੀ ਹੱਡ ਬੀਤੀ ਮੈਨੂੰ ਸੁਣਾਈ। ਉਸ ਨੇ ਦੱਸਿਆ–

"ਫ਼ਸਾਦ ਦੀ ਖ਼ਬਰ ਸੁਣਦਿਆਂ ਹੀ ਸਾਰਾ ਗਹਿਣਾ ਗੱਟਾ ਤੇ ਨਕਦੀ ਇਕ ਨਿੱਕੇ ਟਰੰਕ ਵਿਚ ਪਾ ਕੇ ਤੇ ਕੱਛੇ ਮਾਰ ਕੇ ਮੈਂ ਮਾਸੀ ਦੇ ਘਰ ਵਲ ਟੁਰ ਪਈ। ਰਸਤੇ ਵਿਚ ਗੁੰਡਿਆਂ ਦਾ ਇਕ ਟੋਲਾ ਮੈਂ ਆਪਣੇ ਵਲ ਆਉਂਦਾ ਡਿੱਠਾ। ਉਹਨਾਂ ਤੋਂ ਬਚਣ ਲਈ ਮੈਂ ਘਾਬਰ ਕੇ ਇਧਰ ਉਧਰ ਤੱਕਣ ਲੱਗੀ। ਜਦ ਮੈਨੂੰ ਨੱਠਣ ਦਾ ਕੋਈ ਰਾਹ ਨਾ ਲੱਭਾ ਤਾਂ ਮੈਂ ਨੱਠ ਕੇ ਇਸ ਬੁੱਢੇ ਹਲਵਾਈ ਦੀ ਹੱਟੀ ਵਿਚ ਜਾ ਖਲੋਤੀ। ਪਰ ਮੇਰੇ ਪਿੱਛੇ ਹੀ ਗੁੰਡਿਆਂ ਦੀ ਧਾੜ ਆ ਪੁੱਜੀ। ਮੇਰਾ ਟਰੰਕ ਵੇਖਕੇ ਉਹ ਸਮਝ ਗਏ ਸਨ ਕਿ ਇਸ ਵਿਚ ਚੋਖਾ ਮਾਲ ਹੈ।

'ਇਸ ਬਾਬੇ ਦਾ ਰਬ ਦੋਨਾਂ ਜਹਾਨਾਂ ਵਿਚ ਭਲਾ ਕਰੇ। ਇਸ ਨੇ ਮੈਨੂੰ ਪਿਛਲੇ ਅੰਦਰ ਵਾੜ ਦਿੱਤਾ ਅਤੇ ਆਪ ਹੱਟੀ ਵਿਚ ਡਟ ਕੇ ਗੁੰਡਿਆਂ ਦੇ ਟਾਕਰੇ ਲਈ ਖਲੋ ਗਿਆ। ਇਸ ਨੇ ਉਹਨਾਂ ਲੋਕਾਂ ਨੂੰ ਬਥੇਰਾ ਸਮਝਾਇਆ, ਪਰ ਉਹਨਾਂ ਦਾ ਇਹੋ ਕਹਿਣਾ ਸੀ। ਕਿ ਟਰੰਕ ਸਾਡੇ ਹਵਾਲੇ ਕਰ ਦਏ ਤਾਂ ਅਸੀਂ ਚਲੇ ਜਾਂਦੇ ਹਾਂ।

'ਅੰਤ ਜਦ ਉਹ ਨਾ ਟਲੇ ਤਾਂ ਇਸ ਨੇ ਕੜਦੇ ਦੁੱਧ ਦੇ ਪਿਆਲੇ ਉਹਨਾਂ ਉਤੇ ਭਰ ਭਰ ਕੇ ਸੁੱਟਣੇ ਸ਼ੁਰੂ ਕਰ ਦਿੱਤੇ। ਉਹ ਇਕ ਵਾਰੀ ਤਾਂ ਨੱਸ ਗਏ ਪਰ ਜਦ ਉਹਨਾਂ ਵੇਖਿਆ ਕਿ ਦੁਧ ਦੀ ਕੜਾਹੀ ਖਾਲੀ ਹੋ ਗਈ ਹੈ, ਉਹ ਫਿਰ ਮੁੜ ਆਏ।

"ਦੂਜੀ ਵੇਰਾਂ ਉਸਨੇ ਚੁੱਲੇ ਵਿਚੋਂ ਅੱਗ ਅਤੇ ਤੱਤੀ ਫੁਸਲ ਕੱਢ ਕਢ ਕੇ ਉਹਨਾਂ ਉਤੇ ਵਰਾਣੀ ਸ਼ੁਰੂ ਕਰ ਦਿੱਤੀ। ਕਈਆਂ ਦੇ ਮੂੰਹ ਸਿਰ ਅਤੇ ਕੱਪੜੇ ਝੁਲਸ ਗਏ, ਪਰ ਇਸ ਨਾਲ ਉਹਨਾਂ ਦਾ ਜੋਸ਼ ਹੋਰ ਵੀ ਵੱਧ ਗਿਆ। ਜਦ ਚੁਲ੍ਹਾ ਵੀ ਖਾਲੀ ਹੋ ਗਿਆ ਤੇ ਇਸ ਬਾਬੇ ਪਾਸ ਹੋਰ ਕੋਈ ਹਥਿਆਰ ਨਾ ਰਿਹਾ ਤਾਂ ਉਹ ਸਾਰੇ ਹੱਟੀ ਤੇ ਆ ਚੜ੍ਹੇ ਤੇ 'ਕਾਫ਼ਰ ਕਾਫ਼ਰ' ਕਹਿ ਕੇ ਇਸ ਵਿਚਾਰੇ ਨੂੰ ਹੱਥੋ ਹੱਥ ਲੈ ਲਿਆ–ਮਾਰ ਮਾਰ ਕੇ ਗ਼ਰੀਬ ਨੂੰ ਫ਼ੇਹ ਸੁੱਟਿਆ।

"ਫਿਰ ਉਹ ਗੁੰਡੇ ਮੇਰੇ ਵੱਲ ਵਧੇ, ਪਰ ਮੈਂ ਅੰਦਰੋਂ ਕੁੰਡਾ ਮਾਰ ਲਿਆ ਸੀ। ਉਹਨਾਂ ਨੂੰ ਬੂਹਾ ਭੰਨਣ ਵਿਚ ਚੋਖਾ ਚਿਰ ਲੱਗ ਗਿਆ। ਇਸ ਵੇਲੇ ਪੁਲਿਸ ਆ ਗਈ ਦਾ ਰੌਲਾ ਪੈ ਗਿਆ ਤੇ ਸਾਰੇ ਜਿਧਰ ਮੂੰਹ ਆਇਆ ਨਸ ਗਏ।

"ਬਾਬਾ ਲਹੂ ਲੁਹਾਣ ਹੋਇਆ ਪਿਆ ਸੀ। ਸੇਵਾ ਸੰਮਤੀ ਵਾਲਿਆ ਉਸਨੂੰ ਸਟ੍ਰੇਚਰ ਤੇ ਪਾ ਲਿਆ। ਮੈਂ ਵੀ ਆਪਣਾ ਟਰੰਕ ਚੱਕ ਕੇ ਬਾਬੇ ਦੇ ਨਾਲ ਹੀ ਇਥੇ ਹਸਪਤਾਲ ਆ ਗਈ। ਦਿਹਾੜੀ ਵਿਚ ਕਈ ਵਾਰੀ ਸੇਵਾ ਸੰਮਤੀ ਵਾਲੇ ਤੁਹਾਨੂੰ ਘਰੋਂ ਅਤੇ ਹੱਟੀਓ ਲ ੱਭਣ ਗਏ ਪਰ ਤੁਹਾਡਾ ਕੁਝ ਪਤਾ ਨਾ ਲੱਗਾ।"

ਥੋੜਾ ਚਿਰ ਠਹਿਰ ਕੇ ਕਰਮ ਸਿੰਘ ਦਫ਼ਤਰੀ ਨੂੰ ਫਿਰ ਸੁਣਾਨ ਲੱਗਾ।

"ਸਤਵੰਤ ਕੌਰ ਦੀਆਂ ਗੱਲਾਂ ਸੁਣ ਕੇ ਮੇਰੇ ਲੂੰਅ ਕੰਡੇ ਖੜੇ ਹੋ ਗਏ। ਮੈਂ

ਬੇਹੋਸ਼ ਪਏ ਬਾਬੇ ਦੇ ਪੈਰਾਂ 'ਤੇ ਸ਼ਰਧਾ ਨਾਲ ਕਈ ਵਾਰ ਮੱਥਾ ਟੈਕਿਆ।

"ਦੂਜੇ ਦਿਨ ਸਵੇਰ ਵੇਲੇ ਬਾਬੇ ਨੂੰ ਹੋਸ਼ ਆਈ। ਉਸ ਦੇ ਮੂੰਹੋਂ ਪਹਿਲਾ ਵਾਕ ਨਿਕਲਿਆ–

'ਜ਼ੈਨਾ! ਪੁੱਤ ਤੂੰ ਕਿੱਥੇ ਐਂ?"

"ਥੋੜ੍ਹੇ ਜਿਰ ਪਿੱਛੋਂ ਉਸ ਦੀ ਹੋਸ਼ ਚੰਗੀ ਤਰ੍ਹਾਂ ਫਿਰ ਪਈ ਤੇ ਆਪਣੇ ਆਪ ਹੀ ਉਸ ਨੂੰ ਸਾਰੀ ਗਲ ਦੀ ਚੰਗੀ ਤਰ੍ਹਾਂ ਸਮਝ ਆ ਗਈ। ਅਸੀਂ ਦੋਵੇਂ ਉਸਦੇ ਪੈਰ੍ਹਾਂ ਤੇ ਸਿਰ ਰੱਖ ਕੇ ਉਸ ਦਾ ਧੰਨਵਾਦ ਕਰਨ ਲੱਗ ਪਏ। ਬਾਬਾ ਪਿਆਰ ਨਾਲ ਸਾਨੂੰ ਇਸ ਕੰਮੋਂ ਜੋ ਰੋਕਦਾ ਹੋਇਆ ਬੋਲਿਆ–

"ਸਰਦਾਰ ਜੀ! ਮੈਂ ਤੁਹਾਡੇ ਉਤੇ ਕੋਈ ਹਸਾਨ ਨਹੀਂ ਕੀਤਾ। ਜਹੀ ਮੇਰੀ ਜ਼ੈਨਾ ਬੱਚੀ ਤਹੀ ਇਹ। ਪਰ ਸਰਦਾਰ ਜੀ! ਅੱਲਾ ਦੇ ਵਾਸਤੇ ਉਸ ਨੂੰ ਏਥੇ ਲੈ ਆਓ, ਇਕੱਲੀ ਮਰ ਜਾਏਗੀ। ਜੇ ਵਿਚਾਰੀ ਦੀ ਮਾਂ ਜਿਊਦੀ ਹੁੰਦੀ ਤਾਂ ਵੀ ਮੇਰੇ ਪਿੱਛੋਂ ਰੁਲ ਖੁਲ ਕੇ ਪਲ ਹੁਣ ਕੌਣ ਉਸ ਨੂੰ....।' ਕਹਿੰਦਾ ਕਹਿੰਦਾ ਬੁੱਢਾ ਰੋਣ ਲੱਗ ਪਿਆ।

"ਉਸ ਦੇ ਦੱਸੇ ਪਤੇ ਤੇ ਜਾ ਕੇ ਅਸੀਂ ਜ਼ੈਨਾਂ ਨੂੰ ਲੈ ਆਏ। ਜ਼ੈਨਾਂ ਉਸ ਵੇਲੇ ਦਸਾਂ ਕੁ ਵਰ੍ਹਿਆਂ ਦੀ ਸੀ, ਡਾਢੀ ਭੋਲੀ ਭਾਲੀ, ਭਾਵੇਂ ਰੋ ਰੋ ਕੇ ਉਹ ਬੇਹਾਲ ਹੋਈ ਹੋਈ ਸੀ, ਪਰ ਪਿਉ ਦੇ ਗਲ ਲੱਗ ਕੇ ਉਸਦਾ ਦੁੱਖ ਅੱਧਾ ਹੋ ਗਿਆ।

"ਸਵਾ ਮਹੀਨਾ ਹਸਪਤਾਲ ਰੱਖਣ 'ਤੇ ਵੀ ਜਦ ਅਸੀਂ ਬਾਬੇ ਨੂੰ ਕੋਈ ਵੀ ਫ਼ਰਕ ਨਾ ਪੈਂਦਾ ਡਿੱਠਾ ਤਾਂ ਅਸੀਂ ਉਸ ਨੂੰ ਆਪਣੇ ਘਰ ਲੈ ਆਏ। ਅੰਦਰ ਦੀਆਂ ਸੱਟਾਂ ਨੇ ਉਸਦਾ ਲੱਕ ਉੱਕਾ ਹੀ ਨਕਾਰਾ ਕਰ ਦਿੱਤਾ ਸੀ। ਛਾਤੀ ਦੀਆਂ ਸੱਟਾਂ ਵੀ ਗੁੱਝੀਆਂ ਸਨ।

"ਘਰ ਆ ਕੇ ਜ਼ੈਨਾਂ ਸਾਡੇ ਨਾਲ ਇਸ ਤਰ੍ਹਾਂ ਹਿਲ ਮਿਲ ਗਈ ਜਿਵੇਂ ਸਾਡੇ ਹੀ ਘਰ ਜੰਮੀ ਪਲੀ ਹੈ। ਉਹ ਸਾਨੂੰ ਡਾਢੀ ਪਿਆਰੀ ਲੱਗਦੀ ਸੀ। ਸਤਵੰਤ ਕੌਰ ਨੂੰ ਤਾਂ ਜਿਵੇਂ ਕੋਈ ਖ਼ਜ਼ਾਨਾ ਲੱਭ ਪਿਆ ਸੀ। ਸਾਡੀ ਵੀ ਕਦੇ ਤਿੰਨ੍ਹਾਂ ਵਰ੍ਹਿਆਂ ਦੀ ਇਕ ਕੁੜੀ ਸੀ, ਜੋ ਰੱਬ ਨੇ ਸਾਨੂੰ ਦੇ ਕੇ ਫਿਰ ਲੈ ਲਈ ਸੀ। ਸਾਨੂੰ ਇਹੋ ਜਾਪਦਾ ਸੀ ਕਿ ਰੱਬ ਨੇ ਸਾਥੋਂ ਖੋਹੀ ਹੋਈ ਚੀਜ਼ ਫਿਰ ਸਾਨੂੰ ਮੋੜ ਦਿੱਤੀ ਹੈ। ਅਸੀਂ ਇਕ ਪਲ ਵੀ ਜ਼ੈਨਾਂ ਨੂੰ ਅੱਖੋਂ ਉਹਲੇ ਨਹੀਂ ਸੀ ਕਰ ਸਕਦੇ।

"ਮੰਜੇ ਤੇ ਪਿਆ ਬਾਬਾ ਜਦ ਸਾਨੂੰ ਜ਼ੈਨਾਂ ਨਾਲ ਪਿਆਰ ਕਰਦਾ ਵੇਖਦਾ ਸੀ ਤਾਂ ਖ਼ੁਸ਼ੀ ਨਾਲ ਉਸਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਸਨ।

"ਬਥੇਰੇ ਡਾਕਟਰ ਬਦਲੇ ਪਰ ਬਾਬੇ ਨੂੰ ਫ਼ਰਕ ਨਾ ਪਿਆ।"

"ਅਚਾਨਕ ਹੀ ਉਸਦੀ ਛਾਤੀ ਚੋਂ ਲਹੂ ਆਉਣ ਲੱਗ ਪਿਆ ਅਤੇ ਪੈਰੋਂ ਪੈਰ ਉਸ ਦੀ ਹਾਲਤ ਖ਼ਰਾਬ ਹੋਣ ਲੱਗੀ।

"ਅਖ਼ੀਰ ਇਕ ਰਾਤ ਉਹ ਜ਼ੈਨਾਂ ਦੀ ਬਾਂਹ ਸਤਵੰਤ ਦੇ ਹੱਥ ਫੜਾ ਕੇ ਸ਼ਾਂਤੀ, ਤਸੱਲੀ ਅਤੇ ਬੇਫ਼ਿਕਰੀ ਨਾਲ ਇਸ ਦੁਨੀਆਂ ਤੋਂ ਵਿਦਾ ਹੋ ਗਿਆ।

ਦੂਜੇ ਦਿਨ ਇਕ ਸਿਖ ਦੇ ਘਰ ਵਿਚੋਂ ਮੁਸਲਮਾਨ ਦਾ ਜ਼ਨਾਜ਼ਾ, ਨਿਰੋਲ ਮੁਸਣਮਾਨੀ ਤਰੀਕੇ ਨਾਲ, ਨਿਕਲਦਾ ਵੇਖਕੇ ਸਾਰਾ ਗਲੀ ਮੁਹੱਲਾ ਪਿਆਰ ਦੇ ਅੱਥਰੂ ਵਿਹਾ ਰਿਹਾ ਸੀ।

"ਉਸੇ ਦਿਨ ਤੋਂ ਮੈਂ ਜ਼ੈਨਾਂ ਲਈ ਇਕ ਹਾਫ਼ਜ਼ ਮੌਲਵੀ ਉਸਤਾਦ ਰੱਖ ਦਿੱਤਾ ਦੋ ਦੋਵੇਂ ਵੇਲੇ ਆ ਕੇ ਉਸ ਨੂੰ ਕੁਰਾਨ ਸ਼ਰੀਫ਼ ਪੜ੍ਹਾਂਦਾ ਸੀ।

"ਹੁਣ ਜ਼ੈਨਾਂ ਦੀ ਉਮਰ ਪੰਦਰਾਂ ਵਰ੍ਹਿਆਂ ਦੀ ਹੈ ਤੇ ਸਾਰਾ ਕੁਰਾਨ ਸਰੀਫ਼

ਇਨ੍ਹਾਂ ਪੰਜਾਂ ਵਰ੍ਹਿਆਂ ਵਿਚ ਉਸ ਨੇ ਹਿਫ਼ਜ਼ ਕਰ ਲਿਆ ਹੈ। ਇਕ ਖ਼ਾਨਦਾਨੀ ਮੁਸਲਮਾਣ ਨਾਲ ਉਸ ਦੀ ਮੰਗਣੀ ਹੋ ਚੁੱਕੀ ਹੈ ਅਜ ਤੋਂ ਚੌਥੇ ਦਿਨ ਉਸ ਦਾ ਨਿਕਾਹ ਹੋਣ ਵਾਲਾ ਹੈ। ਵਿਆਹ ਭਾਵੇਂ ਮੁਸਲਮਾਣੀ ਸਰ੍ਹਾਂ ਨਾਲ ਹੋਵੇਗਾ, ਪਰ ਜੰਞੇ ਹਿੰਦੂ, ਮੁਸਲਮਾਣ, ਸਿੱਖ ਸਾਰੇ ਹੀ ਆਉਣਗੇ।

ਜ਼ੈਨਾਂ ਦਾ ਦਾਜ ਬਣਾਣ ਵਿਚ ਅਸਾਂ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ ਪਰ ਇਹ ਕੁਰਾਨ ਸਰੀਫ਼ ਜ਼ੈਨਾਂ ਨੂੰ ਬਹੁਤ ਪਿਆਰਾ ਹੈ। ਇਹੋ ਉਸਦਾ ਪਿਉ ਪੜ੍ਹਿਆ ਕਰਦਾ ਸੀ ਤੇ ਇਸੇ ਤੋਂ ਹੀ ਜ਼ੈਨਾਂ ਨੇ ਤਾਲੀਮ ਹਾਸਿਲ ਕੀਤੀ ਹੈ। ਇਸੇ ਕਰਕੇ ਮੈਂ ਇਸਦੀ ਵਧੀਆ ਜਿਲਦ ਬਣਵਾ ਕੇ ਉਸ ਦੇ ਦਾਜ ਵਿਚ ਦੇਣਾ ਚਾਹੁੰਦਾ ਹਾਂ।”

ਖ਼ੈਰ ਦੀਨ ਦਫ਼ਤਰੀ ਅਤੇ ਉਸ ਦੇ ਕਾਰੀਗਰਾਂ ਨੇ ਮਾਨੋ ਪੱਥਰ ਦੇ ਬੁੱਤ ਬਣ ਕੇ ਸਾਰੀ ਵਾਰਤਾ ਸੁਣੀ। ਓਹਨਾਂ ਅਦਬ ਨਾਲ ਸਿਰ ਨਿਵਾਇਆਂ ਤੇ ਅੱਖਾਂ ਪੂੰਝੀਆਂ। ਕਿਸੇ ਕਿਸੇ ਨੇ ਇਕ ਦੋ ਹਾਉਕੇ ਵੀ ਭਰੇ ਤੇ ਫਿਰ ਆਪਣੇ ਕੰਮ ਲੱਗ ਪਏ।

ਜਿਲਦ, ਵੇਲੇ ਸਿਰ ਬੰਨ੍ਹ ਦੇਣ ਦੀ ਪੱਕੀ ਕਰਕੇ ਰੁਮਾਲਾਂ ਨੂੰ ਲਪੇਟ ਕੇ ਖ਼ੀਸੇ ਵਿਚ ਪਾਂਦਾ ਹੋਇਆ ਕਰਮ ਸਿੰਘ ਆਪਣੇ ਰਾਹ ਪਿਆ।

-0-

## ਭਗਤ ਜੀ

ਉਹ ਮੇਰਾ ਗੁਆਂਢੀ ਸੀ। ਆਪਣੇ ਆਲੇ ਦੁਆਲੇ ਵਿਚ ਉਹ ਇਸੇ 'ਭਗਤ ਜੀ' ਨਾਂ ਨਾਲ ਪ੍ਰਸਿੱਧ ਸੀ। 'ਹਮਸਾਏ ਮਾਂ ਪਿਉ ਜਾਏ' ਅਖਾਣ ਅਨੁਸਾਰ ਇਹ ਪੰਜਾਬੀਆਂ ਦੇ ਸੁਭਾ ਵਿਚ ਹੈ ਕਿ ਉਹ ਆਪਣੇ ਗੁਆਂਢੀਆਂ ਨਾਲ ਭਰਾਵਾਂ ਵਾਲਾ ਵਰਤਾਓ ਕਰਨ। ਮੇਰਾ ਵੀ ਆਪਣੇ ਦੂਜੇ ਗੁਆਂਢੀਆਂ ਨਾਲ ਕਾਫ਼ੀ ਪਿਆਰ ਸੀ, ਪਰ ਇਹ 'ਭਗਤ ਜੀ' ਪਤਾ ਨਹੀਂ ਮੈਨੂੰ ਕਿਉਂ ਏਨਾ ਬੁਰਾ ਲਗਦਾ ਸੀ। ਉਸਨੇ ਕਦੀ ਮੇਰਾ ਕੁਝ ਖੋਹਿਆ ਵਿਗਾੜਿਆ ਵੀ ਤਾਂ ਨਹੀਂ ਸੀ, ਪਰ ਉਸ ਦੀ ਸ਼ਕਲ ਤੋਂ ਹੀ ਮੈਨੂੰ ਨਫ਼ਰਤ ਜਿਹੀ ਸੀ। ਉਸ ਦੀ ਹਰ ਗਲ, ਉਸ ਦੇ ਹਰ ਕੰਮ ਤੋਂ ਮੈਨੂੰ ਗਿਲਾਨੀ ਸੀ।

ਸਾਡੇ ਦੋਹਾਂ ਦੇ ਘਰ ਨਾਲੋਂ ਨਾਲ ਸਨ। ਮੈਂ ਮਹਿਕਮਾ ਚੁੰਗੀ ਦਾ ਮੁਹਰਮ ਸਾਂ ਤੇ ਉਹ ਮਹਿਕਮਾ ਇਨਕਮ ਟੈਕਸ ਦਾ ਇੰਸਪੈਕਟਰ। ਉਮਰ ਵਿਚ ਵੀ ਉਹ ਮੇਰੇ ਨਾਲੋਂ ਕਾਫ਼ੀ ਵੱਡਾ ਸੀ ਅਤੇ ਅਹੁਦੇ ਵੱਲੋਂ ਤਾਂ ਸਾਡਾ ਜ਼ਮੀਨ ਅਸਮਾਨ ਦਾ ਫ਼ਰਕ ਸੀ। ਕਿਥੇ ਤੀਹੀਆਂ ਰੁਪਈਆਂ ਦਾ ਮੁਹਰਮ, ਤੇ ਕਿੱਥੇ ਢਾਈ ਸੌ ਤਨਖਾਹ ਲੈਣ ਵਾਲਾ ਇੰਸਪੈਕਟਰ।

ਫਿਰ ਇੰਸਪੈਕਟਰ ਵੀ ਉਸ ਮਹਿਕਮੇ ਦਾ ਜਿਸ ਦੀ ਸਾਲ ਛਿਮਾਹੀ ਦੀ ਨੌਕਰੀ ਵਿਚੋਂ ਉਮਰ ਭਰ ਦੀਆਂ ਰੋਟੀਆਂ ਨਿਕਲ ਆਉਣ।

ਸਾਡਾ ਆਪੋ ਵਿਚ ਕਦੀ ਕੋਈ ਝਗੜ ਤਨਾਜ਼ਾ ਵੀ ਤਾਂ ਨਹੀਂ ਸੀ ਹੋਇਆ, ਨਾ ਹੀ ਹੋਰ ਕਿਸੇ ਤਰ੍ਹਾਂ ਦਾ ਵੰਡ ਵਿਹਾਰ। ਮੈਂ ਸਿਖ ਸਾਂ ਤੇ ਉਹ ਹਿੰਦੂ। ਵਰ੍ਹਿਆਂ ਬਧੀ ਗੁਆਂਢ ਰਹਿਣ ਤੇ ਵੀ ਮੈਂ ਉਸ ਪਾਸੋਂ ਗੁਆਂਢੀਆਂ ਵਾਲਾ ਕੋਈ ਨਿੱਘ ਨਾ ਲੈ ਸਕਿਆ, ਨਾ ਦੇ ਸਕਿਆ।

ਸੱਚ ਤਾਂ ਇਹ ਹੈ ਕਿ ਭਗਤ ਹੋਰਾਂ ਦਾ ਕੁਝ ਵੀ ਮੈਨੂੰ ਪਸੰਦ ਨਹੀਂ ਸੀ। ਭਗਤ ਹੋਰੀਂ ਹਮੇਸ਼ਾਂ ਹੀ ਕੋਈ ਨਾ ਕੋਈ ਧਾਰਮਕ ਢੌਂਗ ਰਚਾਈ ਰਖਦੇ ਸਨ। ਨੌਂ ਵਜੇ ਸੂਰਜ ਚੜ੍ਹਦੇ ਤੀਕ ਉਹਨਾਂ ਦਾ ਪੂਜਾ ਪਾਠ ਹੀ ਨਹੀਂ ਸੀ ਮੁੱਕਦਾ। ਫਿਰ ਕਦੀ ਘਰ ਵਿਚ ਰਮਾਇਣ ਦੀ ਕਥਾ ਰਖਵਾ ਬਹਿੰਦੇ, ਕਦੀ ਦੇਵੀ ਮਾਤਾ ਦਾ ਜਾਗਾ, ਜਿਸ ਕਰਕੇ ਮੇਰੇ ਦਿਨ ਦੇ ਆਰਾਮ ਅਤੇ ਰਾਤ ਦੀ ਨੀਂਦਰ ਵਿਚ ਵੀ ਕਾਫ਼ੀ ਵਿਘਨ ਪੈਂਦਾ ਸੀ। ਸ਼ਾਇਦ ਭਗਤ ਹੋਰਾਂ ਦੇ ਇਹੋ ਨਾਰਮਕ ਪਾਖੰਡ ਹੀ ਸਨ, ਜਿਨ੍ਹਾਂ ਦੇ ਕਾਰਨ ਮੇਰੇ ਦਿਲ ਵਿਚ ਉਹਨਾਂ ਲਈ ਨਫ਼ਰਤ ਵਧਦੀ ਜਾਂਦੀ ਸੀ।

ਲਗਦੀ ਵਾਹ ਮੈਂ ਉਹਨਾਂ ਨਾਲ ਬੋਲਣ ਚਾਲਣ ਦਾ ਮੌਕਾ ਕਦੇ ਘਟ ਹੀ ਪੈਂਦਾ ਹੋਣ ਦਿੰਦਾ ਸਾਂ, ਪਰ ਭਗਤ ਹੋਰਾਂ ਦੇ ਢੀਠ ਪੁਣੇ ਨੂੰ ਕੀ ਕਹਾਂ ਕਿ ਉਹ ਮੇਰੇ ਘਰ ਅੱਗੋਂ ਲੰਘਦੇ ਹੋਏ ਮੈਨੂੰ ਵੇਖ ਕੇ ਆਪ ਮੁਹਾਰੇ ਹੀ ਰੁਕ ਜਾਂਦੇ ਤੇ ਰੁਕ ਕੇ ਕਹਿੰਦੇ –ਸੁਣਾਓ ਪ੍ਰਭੂ ਜੀ! ਆਨੰਦ ਪ੍ਰਸੰਨ ਹੋ....ਦੁਨੀਆਂ ਚਾਰ ਦਿਨ ਦਾ ਮੇਲਾ ਹੈ, ਰਾਮ ਦਾ ਭਜਨ ਕਰਿਆ ਕਰੋ.....ਦੀਨ ਦੁਖੀ ਦੀ ਸੇਵਾ ਕਰਿਆ ਕਰੋ.....'ਮੈਂ ਬੇ ਦਿਲਾ ਜਿਹਾ ਹੂੰ ਹਾਂ ਕਹਿ ਕੇ ਮੂੰਹ ਦੂਜੇ ਪਾਸੇ ਮੋੜ ਲੈਂਦਾ ਸਾਂ ਤੇ ਦਿਲ ਮੇਰਾ ਨਫ਼ਰਤ ਨਾਲ ਭਰ ਕੇ ਅੰਦਰੋਂ ਬੋਲ ਪੈਂਦਾ–ਵੱਡਾ ਈਸ਼ਵਰ ਭਗਤ। ਜਿਕਣ ਏਸੇ ਨੇ ਦੁਨੀਆਂ ਨੂੰ ਪਾਪਾਂ ਤੋਂ ਬਚਾਉਣ

ਦਾ ਠੇਕਾ ਲਿਆ ਹੋਇਆ ਹੈ। 'ਪ੍ਰਭੂ ਜੀ' ਲਫ਼ਜ਼ ਉਸਦਾ ਤਕੀਆ ਕਲਾਮ ਸੀ। ਹਰ ਆਪਣੇ ਬਿਗਾਨੇ ਅਤੇ ਵੱਡੇ ਛੋਟੇ ਨੂੰ ਉਹ 'ਪ੍ਰਭੂ ਜੀ' ਕਹਿ ਕੇ ਬੁਲਾਂਦਾ ਸੀ, ਇਹੋ ਸੰਬੋਧਨ ਵਰਤਦਾ ਸੀ।

ਨਫ਼ਰਤ ਮੈਂ ਉਸ ਨੂੰ ਮੁੱਢ ਤੋਂ ਹੀ ਕਰਦਾ ਸਾਂ, ਪਰ ਪਿਛਲੇ ਦਿਨੀ ਇਕ ਦੋ ਘਟਨਾਵਾਂ ਐਸੀਆਂ ਹੋਈਆਂ ਕਿ ਭਗਤ ਜੀ ਦੀ ਸ਼ਕਲ ਮੈਨੂੰ ਜ਼ਹਿਰ ਵਰਗੀ ਜਾਪਣ ਲੱਗ ਪਈ। ਪਹਿਲੀ ਘਟਨਾ ਤਾਂ ਅਸਲੋਂ ਹੀ ਮਾਮੂਲੀ ਜਿਹੀ ਸੀ। ਲੜਕੀ ਦਾ ਵਿਆਹ ਸੀ, ਜਿਸ ਕਰਕੇ ਮੈਨੂੰ ਬਿਜਲੀ ਦਾ ਚਾਨਣ ਕਰਨ ਦੀ ਲੋੜ ਸੀ। ਨਾਲੇ ਗ਼ਰਮੀਆਂ ਦਾ ਮੌਸਮ ਹੋਣ ਕਰਕੇ ਕੁਝ ਪੱਖੇ ਲਾਣ ਦੀ ਵੀ। ਜੰਞ ਦੇ ਸਤਕਾਰ ਲਈ ਇਹ ਕਰਨਾ ਜ਼ਰੂਰੀ ਸੀ।

ਘਰ ਵਾਲੀ ਕਹਿਣ ਲੱਗੀ ਭਗਤ ਹੋਰਾਂ ਨੂੰ ਰਤੀ ਆਖੋ, ਬਿਜਲੀ ਦੀ ਤਾਰ ਇਕ ਰਾਤ ਲਈ ਸਾਨੂੰ ਲਾ ਲੈਣ ਦੇਣ। ਬਦਕਿਸਮਤੀ ਨੂੰ ਮੈਂ ਭਗਤ ਹੋਰਾਂ ਨੂੰ ਜਾ ਆਖਿਆ। ਭਾਵੇਂ ਹਜ਼ਾਰ ਮੈਂ ਉਹਨਾਂ ਨੂੰ ਪਾਖੰਡੀ ਧਾਰਮਕਤਾ ਦਾ ਅੰਧ ਵਿਸ਼ਵਾਸ਼ੀ ਸਮਝਦਾ ਸਾਂ ਪਰ ਉਹ ਮੇਰੀ ਇੰਨੀ ਜਿਹੀ ਮੰਗ ਨੂੰ ਠੁਕਰਾ ਦੇਵੇਗਾ, ਇਹ ਤਾਂ ਮੈਂ ਕਦੀ ਭੁੱਲ ਕੇ ਵੀ ਨਹੀਂ ਸੀ ਸੋਚਿਆ। ਉਹਨਾਂ ਮੈਨੂੰ ਇਹ ਕਹਿ ਕੇ ਟਕੇ ਵਰਗਾ ਜਵਾਬ ਦੇ ਦਿੱਤਾ-'ਪ੍ਰਭੂ ਜੀ, ਕੀ ਤੁਸਾਂ ਬਿਜਲੀ ਘਰ ਪਾਸੋਂ ਇਜ਼ਾਜਤ ਲੈ ਲਈ ਹੈ?' ਭਲਾ ਇੰਨੀ ਜਿੰਨੀ ਗਲ ਲਈ ਕੌਣ ਬਿਜਲੀ ਘਰ ਵਾਲਿਆਂ ਦੀ ਖੁਸ਼ਾਮਦ ਕਰਦਾ। ਮੈਂ ਝਟ ਦੂਸਰੇ ਗੁਆਂਢੀਆਂ ਦੀ ਬਿਜਲੀ ਵਰਤ ਲਈ ਤੇ ਵਿਆਹ ਦਾ ਕੰਮ ਸਰ ਗਿਆ। ਪਰ ਉਸ ਦਿਨ ਤੋਂ ਬਾਅਦ ਮੈਂ ਭਗਤ ਹੋਰਾਂ ਨਾਲ ਬੋਲਣਾ ਉੱਕਾ ਹੀ ਛੱਡ ਦਿੱਤਾ। ਕਈ ਵਾਰ ਤਾਂ ਉਨ੍ਹਾਂ ਨਾਲ ਲੜ ਪੈਣ ਨੂੰ ਵੀ ਦਿਲ ਕਰ ਪੈਂਦਾ, ਜਦੋਂ ਉਨ੍ਹਾਂ ਦੇ ਨਿਤ ਦਿਹਾੜੀ ਦੇ ਘੰਟਿਆਂ ਘੜਆਲਾਂ ਦੀ ਆਵਾਜ਼ ਕੰਨਾਂ ਦੇ ਪਰਦੇ ਪਾੜਨ ਲੱਗਦੀ। ਪਰ ਸਰਾਫ਼ਤ ਦਾ ਤਕਾਜ਼ਾ ਕੁਝ ਨਹੀਂ ਸੀ ਕਰਨ ਦਿੰਦਾ।

ਦੂਜਾ ਵਾਕਾ ਉਸ ਤੋਂ ਕੁਝ ਦਿਨ ਬਾਅਦ ਵਿਚ ਪੇਸ਼ ਆਇਆ। ਇਹ ਤਾਂ ਹਰ ਕੋਈ ਜਾਣਦਾ ਹੈ ਕਿ ਮਹਿਕਮਾ ਚੁੰਗੀ ਦੇ ਮੁਲਾਜ਼ਮਾਂ ਨੂੰ ਜੇ ਕਰ ਉਪਰਲੀ ਆਮਦਨ ਨਾ ਹੋਵੇ ਤਾਂ ਵਿਚਾਰੇ ਭੁੱਖੇ ਹੀ ਮਰ ਜਾਣ ਤੇ ਇਸੇ ਉਪਰਲੀ ਆਮਦਨ ਨਾਲ ਮੈਂ ਪੰਜ ਛੇ ਸਾਲਾਂ ਵਿਚ ਕਰਾਏਦਾਰ ਤੋਂ ਮਾਲਕ ਮਕਾਨ ਬਣ ਗਿਆ ਸਾਂ ਤੇ ਈਸ਼ਵਰ ਦੀ ਕਿਰਪਾ ਨਾਲ ਦੋ ਚਾਰ ਹਜ਼ਾਰ ਦਾ ਟੂੰਮ ਟੱਲਾ ਵੀ ਬਣਾ ਲਿਆ ਸੀ। ਨਾਲੇ ਲੜਕੀ ਦਾ ਵਿਆਹ ਵੀ ਏਸੇ ਦੀ ਬਰਕਤ ਨਾਲ ਕੀਤਾ। ਪਰ ਗਲਤੀ ਕਦੀ ਨਾ ਕਦੀ ਆਦਮੀ ਕੋਲੋਂ ਹੋ ਹੀ ਜਾਂਦੀ ਹੈ। ਮੈਥੋਂ ਵੀ ਹੋ ਗਈ। ਰਿਸ਼ਵਤ ਦਾ ਇਕ ਮੁਕੱਦਮਾ ਬਣ ਗਿਆ ਮੇਰੇ ਉਤੇ।

ਦੂਰ ਨੇੜੇ ਆਪਣੀ ਕਾਫ਼ੀ ਪਹੁੰਚ ਸੀ। ਕੋਸ਼ਿਸ਼ ਕਰਨ ਨਾਲ ਜ਼ਮਾਨਤ ਹੋ ਗਈ। ਪਰ ਮੁਕੱਦਮੇ ਦੀ ਮਾਰ ਤੋਂ ਬਚਣ ਲਈ ਅਜੇ ਬਹੁਤ ਕੁਝ ਕਰਨਾ ਸੀ। ਜਿਥੇ ਜਿਥੇ ਪਾਣੀ ਚੜ੍ਹਦਾ ਸੀ, ਦੌੜ ਭੱਜ ਕੀਤੀ। ਕਿਸੇ ਤੋਂ ਪਤਾ ਲੱਗਾ ਕਿ ਮੈਜਿਸਟਰੇਟ, ਜਿਸ ਪਾਸ ਮੇਰਾ ਮੁਕੱਦਮਾ ਸੀ, ਭਗਤ ਹੋਰਾਂ ਦਾ ਗੂੜ੍ਹਾ ਦੋਸਤ ਹੈ ਅਤੇ ਇਨ੍ਹਾਂ ਦੀ ਸਿਫ਼ਾਰਸ ਨੂੰ ਉਹ ਕਦੀ ਮੋੜ ਨਹੀਂ ਸਕਦਾ।

ਦਿਲ ਭਾਵੇਂ ਨਹੀਂ ਸੀ ਮੰਨਦਾ, ਪਰ ਗਰਜ਼ ਦਾ ਬੱਧਾ ਆਦਮੀ ਗਧੇ ਨੂੰ ਬਾਪ ਕਹਿ ਦੇਂਦਾ ਹੈ। ਇਕ ਵਾਰੀ ਫਿਰ ਮੈਨੂੰ ਭਗਤ ਹੋਰਾਂ ਪਾਸ ਜਾਣਾ ਪਿਆ। ਕੀ ਦਸਾਂ ਉਨ੍ਹਾਂ ਦੀ ਬਦ ਦਿਮਾਗੀ ਬਾਰੇ, ਪੈਂਦਿਆਂ ਹੀ ਬੋਲੇ-ਪ੍ਰਭੂ ਜੀ! ਹੋਰ ਜੋ ਵੀ ਮਦਦ ਆਖੋ, ਕਰਨ ਨੂੰ ਤਿਆਰ ਹਾਂ, ਪਰ ਸਿਫ਼ਾਰਸ਼ ਅਤੇ ਵੱਢੀ ਇਨ੍ਹਾਂ ਦੋਹਾਂ ਚੀਜ਼ਾਂ ਦੀ ਮੇਰੇ ਤੋਂ ਉਮੀਦ ਨਾ ਰੱਖੋ।

ਸੜ ਬਲ ਕੇ ਮੈਂ ਕੋਲਾ ਹੋ ਗਿਆ ਅਤੇ ਆਪਣਾ ਮੂੰਹ ਲੈ ਕੇ ਮੁੜ ਆਇਆ। ਇਕ ਦਰ ਬੱਧਾ ਸੌ ਦਰ ਖੁਲੇ। ਆਖਰ ਇਤਨੀ ਉਮਰ ਸ਼ਹਿਰ ਵਿਚ ਪੱਥਰ ਢੋਂਦਿਆਂ ਤੇ ਨਹੀਂ ਸੀ ਗੁਜ਼ਾਰੀ। ਹਰ ਕਿਸੇ ਨਾਲ ਬਣਾਈ ਹੋਈ ਸੀ। ਛੇਕੜ ਭਗਤ ਹੋਰਾਂ ਨਾਲੋਂ ਚੰਗ ਚੰਗੇਰੀ ਸਿਫ਼ਾਰਸ਼ ਕਰਵਾ ਲਈ, ਤੇ ਮੈਂ ਉਸ ਕੇਸ ਵਿਚੋਂ ਬਾਇੱਜ਼ਤ ਬਰੀ ਹੋ ਗਿਆ। ਉਸ ਦਿਨ ਤੋਂ ਬਾਅਦ ਮੈਂ ਭਗਤ ਹੋਰਾਂ ਨਾਲ ਉਕਾ ਹੀ ਸਾਂਝ ਦਾ ਤਿਨਕਾ ਤੋੜ ਲਿਆ। ਭਾਵੇਂ ਉਹ ਫਿਰ ਵੀ ਅਕਸਰ ਘਰ ਅੱਗੋਂ ਜਾਂਦੇ ਆਉਂਦੇ ਰਸਮੀ ਜਿਹਾ ਸੁੱਖ ਸਾਂਦ ਪੁੱਛ ਜਾਂਦੇ, ਪਰ ਮੈਂ ਕਦੀ ਉਨ੍ਹਾਂ ਦੀ ਗਲ ਦਾ ਜਵਾਬ ਨਹੀਂ ਸਾਂ ਦੇਂਦਾ। ਸੋਚਦਾ ਕੇਡਾ ਢੀਠ ਆਦਮੀ ਹੈ, ਮਗਰੋਂ ਹੀ ਨਹੀਂ ਲੱਥਦਾ।

ਸਾਲਾਂ ਤੇ ਸਾਲ ਬੀਤਦੇ ਗਏ ਤੇ ਮੇਰੇ ਦਿਲ ਵਿਚ ਭਗਤ ਹੁਰਾਂ ਲਈ ਨਫ਼ਰਤ ਬਰਾਬਰ ਵਧਦੀ ਗਈ। ਪਰ ਇਸ ਨਫ਼ਰਤ ਦੇ ਨਾਲ ਨਾਲ ਹੁਣ ਇਕ ਤਰ੍ਹਾਂ ਦੀ ਖ਼ੁਸ਼ੀ ਰਲਣੀ ਸ਼ੁਰੂ ਹੋ ਗਈ, ਜਦ ਕਿ ਭਗਤ ਹੋਰਾਂ ਦੀ ਮਾਲੀ ਹਾਲਤ ਦਿਨੋ ਦਿਨ ਪਤਲੀ ਪੈ ਣ ਲੱਗ ਪਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਤ ਦਰਜ਼ੇ ਦੀ ਮਹਿੰਗਾਈ ਨੇ ਵਡਿਆ ਵਡਿਆ ਦਾ ਕਾਫ਼ੀਆ ਤੰਗ ਕਰ ਰਖਿਆ ਸੀ। ਪਰ ਭਗਤ ਹੋਰਾਂ ਦੇ ਘਰ ਉਤੇ ਤਾਂ ਜਿਵੇਂ ਕਾਲੀ ਕੀੜੀ ਹੀ ਵਰਤ ਗਈ ਹੋਵੇ। ਪਹਿਲਾਂ ਉਹ ਘਰ ਵਿਚ ਲਵੇਰਾ ਰੱਖਦੇ ਸਨ, ਹੁਣ ਖੁਰਲੀ ਸਖਣੀ ਸੀ। ਮਕਾਨ ਉਨ੍ਹਾਂ ਦਾ ਜੱਦੀ ਸੀ, ਜਿਸ ਦੇ ਹੇਠਲੇ ਹਿੱਸੇ ਵਿਚ ਉਨ੍ਹਾਂ ਕਈ ਨਿੱਕੇ ਮੋਟੇ ਕਿਰਾਏਦਾਰ ਲਿਆ ਵਾੜੇ ਸਨ, ਅਤੇ ਆਪ ਉਪਰਲੀ ਛੱਤ ਤੇ ਜਾ ਰਹੇ ਸਨ, ਜਿਥੇ ਮਸਾਂ ਇਕ ਜਾਂ ਡੇਢ ਹੀ ਕਮਰਾ ਸੀ। ਤੇ ਜਿਉਂ ਜਿਉਂ ਭਗਤ ਹੋਰਾਂ ਦੇ ਘਰ ਦਾ ਹੁਲੀਆ ਵਿਗੜਦਾ ਜਾਂਦਾ, ਮੇਰੀ ਖ਼ੁਸ਼ੀ ਵਿਚ ਵਾਧਾ ਹੋਈ ਜਾਂਦਾ, ਸਮਝਦਾ ਸਾਂ, ਇਹੋ ਜਿਹੇ ਪਾਖੰਡੀ ਤੇ ਹੰਕਾਰੀ ਦਾ ਏਦੂੰ ਵੀ ਭੈੜਾ ਹਾਲ ਹੋਣਾ ਚਾਹੀਦਾ ਹੈ।

ਇਧਰ ਮੇਰੇ ਉਤੇ ਈਸ਼ਵਰ ਦੀ ਕ੍ਰਿਪਾ ਦ੍ਰਿਸ਼ਟੀ ਸੀ। ਨੌਕਰੀ ਮੇਰੀ ਹੈ ਤਾਂ ਅਸਲੋਂ ਹੀ ਨਿਗੁਣੀ ਜਿਹੀ ਸੀ, ਪਰ ਉਤਲੀ ਆਮਦਨ ਦਾ ਸਦਕਾ ਇਹ ਬਰਕਤ ਵਾਲੀ ਸਾਬਤ ਹੋਈ। ਅਫ਼ਸਰਾਂ ਨਾਲ ਮੇਰੀ ਚੰਗੀ ਬਣਦੀ ਸੀ। ਸਭਨਾਂ ਨੂੰ ਖ਼ੁਸ਼ ਰਖਦਾ ਸਾਂ। ਜਿਸ ਕਰਕੇ ਚੰਗਾ ਦਾਆ ਫਬਦਾ ਸੀ। ਕਿਸੇ ਮਹੀਨੇ ਸੌ ਕਿਸੇ ਮਹੀਨੇ ਸਵਾ ਸੌ ਅਤੇ ਕਦ ਇਦੋਂ ਵੀ ਜ਼ਿਆਦਾ ਉਪਰੋਂ ਆ ਜਾਂਦੇ ਸਨ। ਦਿਲ ਵਿਚ ਬੜੇ ਚਿਰ ਤੋਂ ਇਕ ਹਸਰਤ ਜਿਹੀ ਸਮਾਈ ਹੋਈ ਸੀ ਜਿਸ ਦਿਨ ਭਗਤ ਜੀ ਨੇ ਬਿਜਲੀ ਨਾ ਦੇ ਕੇ ਅਤੇ ਸਿਫਾਰਸ਼ ਨਾ ਕਰ ਕੇ ਮੇਰਾ ਅਪਮਾਨ ਕੀਤਾ ਸੀ, ਮੈਂ ਸਹੁੰ ਖਾ ਲਈ ਸੀ ਕਿ ਜੇ ਕਿਤੇ ਪਰਮਾਤਮਾ ਨੇ ਦਿਨ ਸਿੱਧੇ ਲਿਆਂਦੇ ਤਾਂ ਇਸ ਪਾਖੰਡੀ ਪਾਸੋਂ ਬਦਲਾ ਜ਼ਰੂਰ ਲਵਾਂਗਾ। ਤੇ ਅਜਿਹਾ ਵਕਤ ਮੈਨੂੰ ਹੁਣ ਦੂਰ ਨਹੀਂ ਸੀ ਦਿਸਦਾ, ਜਦ ਕਿ ਮੇਰੇ ਭਾਗ ਦਾ ਸਿਤਾਰਾ ਦਿਨੋਂ ਦਿਨ ਚਮਕਦਾ ਜਾ ਰਿਹਾ ਸੀ ਤੇ ਭਗਤ ਹੋਰਾਂ ਦੀ ਹਾਲਤ ਨਿੱਘਰਦੀ ਜਾ ਰਹੀ ਸੀ।

ਕਦੀ ਕਦੀ ਅਸੀਂ ਦੋਵੇਂ ਪਤੀ ਪਤਨੀ ਰਲ ਕੇ ਸੋਚਦੇ ਸਾਂ ਕਿ ਭਗਤ ਹੋਰਾਂ ਦੀ ਖੱਟੀ ਕਮਾਈ ਜਾਂਦੀ ਕਿਧਰ ਹੈ। ਮੰਨਿਆਂ ਕਿ ਵਡ ਪਰਿਵਾਰਾ ਸਹੀ, ਖ਼ੈਰ ਸਾਡਾ ਟੱਬਰ ਵੀ ਉਨ੍ਹਾਂ ਨਾਲੋਂ ਘੱਟ ਨਹੀਂ ਸੀ। ਫਿਰ ਕਿਥੇ ਇਨਕਮ ਟੈਕਸ ਮਹਿਕਮੇ ਦਾ ਅਫ਼ਸਰ ਤੇ ਕਿਥੇ ਮੇਰੇ ਵਰਗਾ ਮਾਮੂਲੀ ਜਿਹਾ ਮੁਹਰਮ! ਏਨਾਂ ਲੋਕਾਂ ਪਾਸ ਜੇ ਮਹੀਨੇ ਵਿਚ ਇਕ ਅੱਧ ਮੋਟੀ ਮੁਰਗੀ ਵੀ ਫ਼ਸ ਜਾਵੇ ਤਾਂ ਹਜ਼ਾਰਾਂ ਦੇ ਵਾਰੇ ਨਿਆਰੇ ਕਰ ਸਕਦੇ ਹਨ। ਸਾਡੇ ਵਰਗਿਆਂ ਦੀ ਏਨਾਂ ਦੇ ਸਾਹਮਣੇ ਭਲਾ ਕੀ ਪਾਇਆਂ ਹੈ, ਜਿਹੜੇ ਧੌਲੀ ਧੌਲੀ ਅਤੇ ਧੇਲੀ ਧੇਲੀ ਬਦਲੇ ਗੱਡੇ ਵਾਲਿਆਂ ਨਾਲ, ਰੇਲ ਦੇ ਮੁਸਾਫ਼ਰਾ ਨਾਲ ਤੇ ਹੋਰ ਮਾਲ ਢੋਣ ਵਾਲਿਆਂ ਨਾਲ ਉਲਝੇ ਰਹਿੰਦੇ ਹਾਂ। ਮੇਰੀ ਘਰ ਵਾਲੀ ਦਾ ਕਿਆਸ ਸੀ ਕਿ ਭਗਤ ਨੂੰ ਜ਼ਰੂਰ ਜੂਏ ਜਾਂ ਸੱਟੇ ਆਦਿ ਦਾ ਕੋਈ ਨਾ ਕੋਈ ਠਰਕ ਹੋਵੇਗਾ। ਨਹੀਂ ਤਾਂ ਇਸ

ਆਸਾਮੀ ਉਤੇ ਰਹਿ ਕੇ ਤਾਂ ਬੰਦਾ ਦਿਨਾਂ ਵਿਚ ਮਹੱਲ ਉਸਾਰ ਸਕਦਾ ਹੈ। ਦਿਲ ਵਿਚ ਕਦੀ ਕਦੀ ਅਰਮਾਨ ਉਠਦਾ ਕਾਸ਼! ਕਦੀ ਸਾਲ ਦੋ ਸਾਲਾਂ ਲਈ ਇਹੋ ਜਿਹਾ ਆਹੁਦਾ ਮੇਰੇ ਹੱਥ ਵਿਚ ਆ ਜਾਂਦਾ।

ਉਨੀ ਸੌ ਸੰਤਾਲੀ ਹਠਤਾਲੀ ਵਿਚ, ਜਦੋਂ ਦੇਸ਼ ਦੀ ਵੰਡ ਤੋਂ ਬਾਅਦ ਹਰ ਪਾਸੇ ਹਫੜਾ ਦਫੜੀ ਮੱਚੀ ਹੋਈ ਸੀ, ਤੇ ਸਭਨੀਂ ਪਾਸੀਂ ਭੁਖ ਨੰਗ ਦਾ ਰਾਜ ਸੀ, ਸਾਡੇ ਮਹਿਕਮੇ ਦੀ ਰੱਬ ਨੇ ਸੁਣ ਲਈ। ਪੂਰਬੀ ਅਤੇ ਪੱਛਮੀਂ ਪੰਜਾਬ ਦੀਆਂ ਸਰਹੱਦਾਂ ਬੰਦ ਸਨ। ਮਾਲ ਦੀ ਆਵਾਜਾਈ ਵਿਚ ਕਈ ਤਰ੍ਹਾਂ ਦੀ ਰੁਕਾਵਟਾਂ ਸਨ, ਪਰ ਵਪਾਰੀ ਤਬਕੇ ਲਈ ਇਹੋ ਬੰਦਿਸ਼ਾਂ ਸੋਨਾ ਪੈਦਾ ਕਰਨ ਦੀਆਂ ਮਸ਼ੀਨਾਂ ਬਣ ਜਾਇਆ ਕਰਦੀਆਂ ਨੇ। ਜਿਸ ਜਿਸ ਮਾਲ ਉਤੇ ਬੰਦਿਸ਼ ਸੀ, ਚੋਰੀ ਛੁਪੇ ਕੇਵਲ ਮਹਿਕਮਾ ਚੁੰਗੀ ਦੀ ਮਦਦ ਨਾਲ ਹਜ਼ਾਰਾਂ ਭਰੇ ਹੋਏ ਟਰੱਕ ਇਧਰੋਂ ਓਧਰ ਅਤੇ ਓਧਰੋਂ ਇਧਰ ਆ ਰਹੇ ਸਨ। ਉਹਨਾਂ ਦਿਨਾਂ ਵਿਚ ਮੈਂ ਦੋ ਦੋ, ਢਾਈ ਢਾਈ ਸੌ ਰੁਪਏ ਮੈਂ ਇਕ ਦਿਨ ਵਿਚ ਲੈ ਆਉਂਦਾ ਸਾਂ। ਦਿਨਾਂ ਵਿਚ ਹੀ ਮੇਰਾ ਅੰਦਰ ਬਾਹਰ ਦੌਲਤ ਨਾਲ ਭਰ ਗਿਆ। ਤੇ ਉਧਰ ਭਗਤ ਹੋਰਾਂ ਦੀ ਹਾਲਤ ਕੁਝ ਨਾ ਪੁੱਛੋ, ਜਿਵੇਂ ਲਛਮੀ ਉਹਨਾਂ ਨਾਲ ਹਮੇਸ਼ਾ ਲਈ ਰੁਸ ਗਈ ਹੋਵੇ।

ਉਸ ਦਿਨ ਤਾਂ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ, ਜਿਸ ਦਿਨ ਭਗਤ ਹੋਰਾਂ ਦੀ ਭਗਤਾਣੀ ਪੋਟਲੀ ਵਿਚ ਕੁਝ ਟੂਮ ਟੱਲਾਂ ਬੰਨ੍ਹ ਕੇ ਸਾਡੇ ਘਰ ਲਿਆਈ ਤੇ ਮੇਰੀ ਪਤਨੀ ਪਾਸ ਉਸ ਨੇ ਪੰਜ ਸੌ ਰੁਪਏ ਦੀ ਲੋੜ ਪ੍ਰਗਟ ਕੀਤੀ।

ਪਿਛਲੇ ਕੁਝ ਸਾਲਾਂ ਤੋਂ, ਜਦ ਤੋਂ ਪ੍ਰਮਾਤਮਾ ਦੀ ਮਿਹਰ ਸਦਕਾ ਸਾਡਾ ਹੱਥ ਸੁਖਾਲਾ ਹੋਇਆ ਸੀ, ਅਸੀਂ ਥੋੜ੍ਹੀ ਬਹੁਤ ਰਕਮ ਸੁਦ ਤੇ ਚੜ੍ਹਾਈ ਰੱਖਦੇ ਸਾਂ। ਪੈਸਾ ਅੰਦਰ ਪਿਆ ਕਿਸ ਕੰਮ! ਅੰਦਰ ਖਾਤੇ ਹੀ ਚੀਜ਼ ਰੱਖ ਲੈਣੀ ਤੇ ਵਿਆਜ਼ ਸਾਲ ਦਾ ਪਹਿਲਾਂ ਹੀ ਕੱਟ ਕੇ ਰੁਪਿਆ ਦੇਣਾ। ਸ਼ਾਇਦ ਭਗਤਾਣੀ ਨੂੰ ਵੀ ਕਿਤੋਂ ਸਾਡੀ ਸ਼ਾਹ ਗੁਮਸ਼ਾਤੀ ਦੀ ਸੂਹ ਲੱਗ ਗਈ ਸੀ।

ਵਹੁਟੀ ਨੇ ਜਦ ਮੈਨੂੰ ਗੱਲ ਦੱਸੀ ਤਾਂ ਮੈਂ ਜਵਾਬ ਦਿੱਤਾ, "ਰੁਪਏ ਦੇ ਦੇਹ ਪਰ ਵਿਆਜ਼ ਕੱਸ ਕੇ ਲਈਂ ਇਸ ਬੇ-ਲਿਹਾਜ਼ ਪਾਸੋਂ।" ਮੈਨੂੰ ਉਹ ਬਿਜਲੀ ਵਾਲੀ ਅਤੇ ਸਿਫ਼ਾਰਸ਼ ਵਾਲੀ ਗੱਲ ਅਜੇ ਤੱਕ ਨਹੀਂ ਸੀ ਭੁੱਲੀ। ਮੁਕਦੀ ਗੱਲ ਕਿ ਲੋਕਾਂ ਪਾਸੋਂ ਰੁਪਈਆਂ ਡੇਢ ਰੁਪਈਆਂ ਸੈਂਕੜਾਂ ਲਈ ਦਾ ਸੀ। ਉਸ ਨਾਲ ਤਿੰਨ ਰੁਪਏ ਖਰੇ ਕੀਤੇ। ਗਓਂ ਭੁੰਨਾਵੇਂ ਜਉਂ। ਭਗਤਾਣੀ ਇਹ ਸੂਦ ਦੇਣਾ ਮੰਨ ਗਈ।

ਪਰ ਉਸ ਘਟਨਾ ਨੂੰ ਤਾਂ ਮੈਂ ਜ਼ਿੰਦਗੀ ਭਰ ਭੁੱਲ ਨਹੀਂ ਸਕਦਾ ਜਿਹੜੀ ਥੋੜਾ ਚਿਰ ਹੋਇਆ ਹੈ ਬੀਤੀ ਨੂੰ। ਗਰਮੀਆਂ ਦੀ ਰੁੱਤ ਸੀ। ਅਸੀਂ ਰਾਤ ਨੂੰ ਆਪਣੇ ਮਕਾਨ ਦੀ ਧੁਰ ਉਪਰਲੀ ਛੱਤ 'ਤੇ ਸੁੱਤੇ ਹੋਏ ਸਾਂ ਕਿ ਅੱਧੀਂ ਕੁ ਰਾਤੀਂ ਖੜਾਕ ਸੁਣ ਕੇ ਮੇਰੀ ਨੀਂਦਰ ਉਚਾਟ ਹੋ ਗਈ। ਝਟ ਪਟ ਟਾਰਚ ਲੈ ਕੇ ਮੈਂ ਹੇਠਾਂ ਉਤਰਿਆਂ। ਕਮਰੇ ਵਿਚ ਪੈਰ ਧਰਿਆ ਤਾਂ ਮੈਂ ਹੱਕਾ ਬੱਕਾ ਰਹਿ ਗਿਆ। ਕੰਧ ਵਿਚਲੀ ਘੁਰਨੀ, ਜਿਸ ਵਿਚ ਨਕਦੀ ਅਤੇ ਗਹਿਣਾ ਰੱਖਦੇ ਸਾਂ। ਖੁਲੀ ਪਈ ਸੀ ਤੇ ਸਾਰਾ ਨਿਕੜ ਸੁੱਕੜ ਖਿਲਰਿਆਂ ਪਿਆ ਸੀ। ਚੋਰ, ਜਿਸ ਨੇ ਇਹ ਕਮਾਮ ਕੀਤਾ ਸੀ, ਕਮਰੇ ਦੇ ਫ਼ਰਸ਼ 'ਤੇ ਚੁਫਾਲ ਡਿਗਾ ਪਿਆ ਸੀ। ਇਹ ਭਗਤ ਜੀ ਸਨ।

ਸਭ ਤੋਂ ਪਹਿਲਾਂ ਮੇਰਾ ਖ਼ਿਆਲ ਚੀਜ਼ ਵਸਤ ਵਲ ਗਿਆ। ਸਭ ਕੁਝ ਜਿਉਂ ਦਾ ਤਿਉਂ ਮੌਜੂਦ ਸੀ। ਫਿਰ ਮੈਂ ਭਗਤ ਹੋਰਾਂ ਵੱਲ ਮੁੜਿਆ ਜਿਹੜੇ ਕੁਝ ਕੁਝ ਹੋਸ਼ ਵਿਚ ਆ ਚੁੱਕੇ ਸਨ। ਸ਼ਾਇਦ ਉਨ੍ਹਾਂ ਦੇ ਡਿਗਣ ਦੇ ਖੜਾਕ ਨੇ ਹੀ ਮੇਰੀ ਨੀਂਦ ਖੋਲੀ ਸੀ।

ਹੋਸ਼ ਵਿਚ ਆਉਂਦਿਆਂ ਹੀ ਉਹ ਉਠ ਬੈਠੇ ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿ

ਉਨ੍ਹਾਂ ਦੇ ਚਿਹਰੇ ਉਤੇ ਨਾ ਤਾਂ ਫੜੇ ਗਏ ਚੋਰ ਵਾਲੀ ਸ਼ਰਮਿੰਦਗੀ ਸੀ, ਨਾ ਹੀ ਕਿਸੇ ਤਰ੍ਹਾਂ ਦਾ ਡਰ ਭਉ ਕਹਿਣ ਲੱਗੇ–"ਪ੍ਰਭੂ ਜੀ! ਮੈਂ ਤੁਹਾਡਾ ਚੋਰ ਹਾਂ, ਚੋਰ ਕਰਨ ਦੀ ਨੀਤ ਨਾਲ ਹੀ ਆਇਆ ਸਾਂ, ਤੁਸੀਂ ਜੇ ਚਾਹੋ ਤਾਂ ਮੈਨੂੰ ਪੁਲੀਸ ਦੇ ਹਵਾਲੇ ਕਰ ਸਕਦੇ ਹੋ। ਪਰ ਮੈਂ ਇਸ ਚੋਰੀ ਤੋਂ ਸ਼ਰਮਿੰਦਾ ਨਹੀਂ ਹਾਂ, ਅਹੁੰ ਵੇਖੋ ਮੈਂ ਸਭ ਕੁਝ ਲਿਖ ਕੇ ਰਖ ਦਿੱਤਾ ਜੇ।"

ਮੈਂ ਉਸਦੇ ਸੰਕੇਤ ਕੀਤੇ ਥਾਂ 'ਤੇ ਇਕ ਕਾਗਜ਼ ਪਿਆ ਤੱਕਿਆ। ਮੰਜੇ ਤੋਂ ਉਸ ਨੂੰ ਚੁੱਕ ਕੇ ਪੜ੍ਹਿਆ। ਲਿਖਿਆ ਸੀ–

"ਪ੍ਰਭੂ ਜੀ! ਵਿਚਾਰੇ ਦੁਖੀ ਵਤਨ ਛੋੜਾਂ ਦੀ ਮਦਦ ਲਈ ਮੈਂ ਇਕ ਸੰਸਥਾ ਨੂੰ ਕੁਝ ਮਹਾਵਾਰੀ ਸਹਾਇਤਾ ਭੇਜਦਾ ਹੁੰਦਾ ਸਾਂ ਜਿਹੜੀ ਮਤਵਾਤਰ ਤਿੰਨ ਮਹੀਨਿਆਂ ਤੋਂ ਨਹੀਂ ਸਾ ਭੇਜ ਸਕਿਆ। ਛੇ ਸੌ ਰੁਪਏ ਲੋੜੀਂਦੇ ਸਨ ਤੇ ਮੇਰਾ ਕਿਤੇ ਹੱਥ ਨਹੀਂ ਸੀ ਪੈਂਦਾ। ਛੇਕੜ ਤੁਹਾਡੀ ਚੋਰੀ ਕਰਨ ਦੀ ਜੁਗਤ ਸੁੱਝੀ। ਸੋ ਛੇ ਸੌ ਰੁਪਏ ਲੈ ਜਾ ਰਿਹਾ ਹਾਂ, ਜਦੋਂ ਵੀ ਹੋ ਸਕਿਆ ਮੋੜ ਦਿਆਂਗਾ।

ਚਿੱਠੀ ਪੜ੍ਹ ਕੇ ਮੇਰਾ ਸਾਰਾ ਗੁੱਸਾ ਦੂਰ ਹੋ ਗਿਆ। ਮੈਂ ਘੁਰਨੀ ਵਿਚੋਂ ਨੋਟਾਂ ਵਾਲੀ ਡੱਬੀ ਕੱਢ ਕੇ ਗਿਣੀ। ਇਸ ਵਿਚੋਂ ਪੂਰੇ ਛੇ ਨੋਟ ਘੱਟ ਸਨ, ਹੋਰ ਸਭ ਕੁਝ ਜਿਉਂ ਦਾ ਤਿਉਂ ਸੀ। ਇਸ ਤੋਂ ਪਹਿਲਾਂ ਕਿ ਮੈਂ ਭਗਤ ਹੋਰਾਂ ਪਾਸੋਂ ਹੋਰ ਕੁਝ ਪੁਛਦਾ, ਉਨ੍ਹਾਂ ਨੇ ਜੇਬ ਵਿਚੋਂ ਛੇ ਨੋਟ ਕੱਢ ਕੇ ਤੇ ਨਾਲੇ ਇਕ ਲਿਫ਼ਾਫਾ ਕੱਢ ਕੇ ਮੇਰੇ ਅੱਗੇ ਰੱਖ ਦਿੱਤਾ।

ਲਿਫਾਫੇ ਵਿਚੋਂ ਚਿੱਠੀ ਕੱਢ ਕੇ ਮੈਂ ਪੜ੍ਹੀ। ਇਹ ਚਿੱਠੀ ਕਿਸੇ ਸੇਵਾ ਸੰਸਥਾ ਵਲੋਂ ਸੀ। ਇਸ ਵਿਚ ਛੇ ਸੌ ਰੁਪਏ ਦੀ ਮੰਗ ਕੀਤੀ ਹੋਈ ਸੀ। ਨਾਲੇ ਇਸ ਗੱਲ ਦਾ ਗਿਲਾ ਕੀਤਾ ਹੋਇਆ ਸੀ ਕਿ ਤਿੰਨਾਂ ਮਹੀਨਿਆਂ ਤੋਂ ਉਨ੍ਹਾਂ ਨੇ ਸਹਾਇਤਾ ਦਾ ਹੱਥ ਕਿਉਂ ਖਿੱਚ ਲਿਆ ਹੈ। ਤੇ ਨਾਲੇ ਮੌਜੂਦਾ ਲੋੜਾਂ ਵੱਲ ਭਗਤ ਹੋਰਾਂ ਦਾ ਧਿਆਨ ਦਿਵਾਇਆ ਹੋਇਆ ਸੀ।

ਉਫ਼! ਮੇਰੇ ਦਿਲ ਦੀ ਕੀ ਹਾਲਤ ਹੋਈ ਇਹ ਸਭ ਕੁਝ ਦੇਖ ਕੇ, ਕਿਵੇਂ ਬਿਆਨ ਕਰਾਂ। ਜਿਸ ਭਗਤ ਜੀ ਨੂੰ ਮੈਂ ਪਹਿਲੇ ਦਰਜੇ ਦਾ ਨੀਚ, ਬੇਮੁਰੱਵਤ, ਪਖੰਡੀ ਤੇ ਮੱਕਾਰ ਸਮਝਦਾ ਸਾਂ, ਉਹ ਇਸ ਵੇਲੇ ਮੈਨੂੰ ਜਿਵੇਂ ਸਾਖਸ਼ਾਤ ਰੱਬ ਦਾ ਰੂਪ ਨਜ਼ਰ ਆ ਰਿਹਾ ਸੀ। ਮੈਂ ਗੁੱਸੇ ਨਾਲ ਨਹੀਂ ਸ਼ਰਮਿੰਦਗੀ ਨਾਲ ਪਾਣੀ ਪਾਣੀ ਹੋ ਗਿਆ।

ਮੈਂ ਝੁਕ ਕੇ ਭਗਤ ਹੋਰਾਂ ਦੇ ਕਦਮ ਛੂਹ ਲਏ ਤੇ ਫਿਰ ਉਹ ਛੇ ਨੋਟ ਚੁੱਕ ਕੇ ਉਹਨਾਂ ਦੀ ਜੇਬ ਵਿਚ ਪਾਂਦਿਆਂ ਬੇਨਤੀ ਕੀਤੀ "ਤੁਸੀਂ ਚੋਰ ਨਹੀਂ ਭਗਤ ਜੀ, ਚੋਰ ਮੈਂ ਹਾਂ। ਅਜ ਜ਼ਿੰਦਗੀ ਵਿਚ ਪਹਿਲੀ ਵਾਰੀ ਤੁਸੀਂ ਮੈਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਹੈ ਕਿ ਮੇਰਾ ਨਜ਼ਰੀਆਂ ਕਿੰਨਾਂ ਗਲਤ ਸੀ। ਜਿਸ ਦੀ ਮੈਨੂੰ ਪੂਜਾ ਕਰਨੀ ਚਾਹੀਦੀ ਸੀ ਉਸ ਨੂੰ ਨਫ਼ਰਤ ਕਰਦਾ ਰਿਹਾ ਹਾਂ। ਮੇਰਾ ਅਪਰਾਧ ਖਿਮਾਂ ਕਰੋ ਭਗਤ ਜੀ!

ਤੇ ਉਸ ਦਿਨ ਤੋਂ ਮੇਰੇ ਜੀਵਨ ਦਾ ਦ੍ਰਿਸ਼ਟੀ ਕੋਣ ਬਿਲਕੁਲ ਬਦਲ ਗਿਆ ਹੈ। ਹੁਣ ਮੈਂ ਭਗਤ ਹੋਰਾਂ ਨੂੰ ਆਪਣਾ ਮੁਰਸ਼ਦ ਜਾਂ ਗੁਰਦੇਵ ਸਮਝਦਾ ਹਾਂ। ਉਹਨਾਂ ਦੀ ਸੰਗਤ ਦਾ ਫਲ ਰੂਪ ਮੈਂ ਆਪਣੇ ਅੰਦਰ ਬੜੀਆਂ ਜ਼ਬਰਦਸਤ ਤਬਦੀਲੀਆਂ ਮਹਿਸੂਸ ਕਰਦਾ ਹਾਂ, ਉਤਲੀ ਆਮਦਨ ਦੀ ਜੋੜੀ ਹੋਈ ਰਕਮ ਮੈਂ ਭਗਤ ਹੁਰਾਂ ਦੇ ਅਧਿਕਾਰ ਵਿਚ ਦੇ ਦਿੱਤੀ ਹੈ ਕਿ ਜਿਵੇਂ ਉਹ ਚਾਹੁਣ ਇਸ ਨੂੰ ਵਰਤਣ। ਜ਼ਿੰਦਗੀ ਵਿਚ ਪਹਿਲੀ ਵਾਰੀ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਹੱਕ ਦੀ ਕਮਾਈ ਵਿਚ ਕਿੰਨਾ ਰੁਹਾਨੀ ਸੁਆਦ ਹੈ, ਭਾਵੇਂ ਰੁਖੀ ਮਿੱਸੀ ਹੀ ਜੁੜਦੀ ਹੋਵੇ।

–0–

# ਤਾਸ਼ ਦੀ ਆਦਤ

"ਰਹੀਮੇ!"

ਸ਼ੇਖ਼ ਅਬਦੁਲ ਹਮੀਦ ਸਬ ਇੰਸਪੈਕਟਰ ਨੇ ਘਰ ਦਾ ਬੂਹਾ ਵੜਦਿਆਂ ਹੀ ਨੌਕਰ ਨੂੰ ਆਵਾਜ਼ ਦਿੱਤੀ–"ਬਸ਼ੀਰ ਨੂੰ ਮੇਰੇ ਕਮਰੇ ਵਿਚ ਭੇਜ ਜ਼ਰਾ।" ਤੇ ਉਹ ਸ਼ਪਾ ਸ਼ਪ ਆਪਣੇ ਪ੍ਰਾਈ ਵੇਟ ਕਮਰੇ ਵਿਚ ਪਹੁੰਚ, ਕੋਟ ਅਤੇ ਪੇਟੀ ਲਾਹ ਕੇ ਕਿੱਲੀ ਤੇ ਟੰਗ ਮੇਜ਼ ਦੇ ਅੱਗੇ ਜਾ ਬੈਠਾ। ਮੇਜ਼ ਉਤੇ ਬਹੁਤ ਸਾਰਾ ਖਿੱਲਰ ਖਿਲਾਰਾ ਪਿਆ ਹੋਇਆ ਸੀ। ਇਕ ਨੁੱਕਰੇ ਮੋਟੀਆਂ ਪਤਲੀਆਂ ਕਾਨੂੰਨੀ ਅਤੇ ਗ਼ੈਰ ਕਾਨੂੰਨੀ ਕਿਤਾਬਾਂ ਤੇ ਕਾਗ਼ਜ਼ਾਂ ਨਾਲ ਤੂਸੀਆਂ ਹੋਈਆਂ ਕਈ ਫ਼ਾਈਲਾਂ ਪਈਆਂ ਸਨ। ਵਿਚਕਾਰ ਕਲਮਦਾਨ ਅਤੇ ਉਸਦੇ ਲਾਗੇ ਕਰ ਕੇ ਅਜ ਦੀ ਆਈ ਹੋਈ ਡਾਕ ਪਈ ਸੀ, ਜਿਸ ਵਿਚ ਪੰਜ ਛੇ ਲਿਫ਼ਾਫੇ ਦੋ ਤਿੰਨ ਪੋਸਟ ਕਾਰਡ, ਤੇ ਇਕ ਦੋ ਅਖ਼ਬਾਰਾਂ ਵੀ ਸਨ। ਪਿੰਨ ਕੁਸ਼ਨ, ਬਲਾਟਿੰਗ, ਪੇਪਰ ਵੇਟ, ਟੈਗਾਂ, ਦਾ ਇਕ ਮੁੱਠਾ ਤੇ ਹੋਰ ਇਹੋ ਜਿਹਾ ਬਥੇਰਾ ਨਿਕੜ ਸੁਕੜ ਥਾਉਂ ਥਾਈਂ ਪਿਆ ਸੀ।

ਰੈਠਲਿਆਂ ਹੀ ਸੇਖ਼ ਹੁਰਾਂ ਦੂਰ ਦੀ ਐਨਕ ਉਤਾਰ ਕੇ ਮੇਜ਼ ਦੀ ਸਾਹਮਣੀ ਬਾਹੀ–ਜਿਹੜੀ ਕੁਝ ਖਾਲੀ ਸੀ–ਉਤੇ ਟਿਕਾ ਦਿੱਤੀ ਤੇ ਨੇੜੇ ਦੀ ਐਨਕ ਲਾ ਕੇ ਡਾਕ ਦੇਖਣ ਲੱਗੇ।

ਉਹਨਾਂ ਅਜੇ ਦੋ ਕੁ ਲਿਫ਼ਾਫ਼ੇ ਹੀ ਖੋਲ੍ਹੇ ਸਨ ਕਿ ਇਕ ਪੰਜਾ ਕੁ ਵਰਿਆਂ ਦਾ ਮੁੰਡਾ ਅੰਦਰ ਆਉਂਦਾ ਦਿਖਿਆ।

ਮੁੰਡਾ ਦੇਖਣ ਤੋਂ ਬੜਾ ਚੁਸਤ ਚਲਾਕ ਅਤੇ ਸ਼ਰਾਰਤੀ ਜਿਹਾ ਸੀ, ਪਰ ਪਿਉ ਦੇ ਕਮਰੇ ਵਿਚ ਵੜਦਿਆਂ ਹੀ ਉਸ ਦਾ ਸੁਭਾਅ ਇਕ ਦਮ ਬਦਲ ਗਿਆ। ਚੰਚਲ ਅਤੇ ਫੁਰਤੀਲੀਆਂ ਅੱਖਾਂ ਨਿਉਂ ਗਈਆਂ। ਸਰੀਰ ਵਿਚ ਜਿਵੇਂ ਸਾਹ ਸਤ ਨਹੀਂ ਸੀ।

"ਬੈਠ ਜਾਹ ਸਾਹਮਣੀ ਕੁਰਸੀ 'ਤੇ", ਇਕ ਲੰਮੀ ਚਿੱਠੀ ਪੜ੍ਹਦਿਆਂ ਸ਼ੇਰ ਵਾਂਗ ਭਬਕ ਕੇ ਸ਼ੇਖ਼ ਹੁਰਾਂ ਹੁਕਮ ਦਿੱਤਾ।

ਮੁੰਡਾ ਡਰਦਾ ਡਰਦਾ ਸਾਹਮਣੇ ਬੈਠ ਗਿਆ।

"ਤਕ ਮੇਰੇ ਵਲ", ਚਿੱਠੀ ਵੱਲੋਂ ਧਿਆਨ ਹਟਾ ਕੇ ਸ਼ੇਖ਼ ਹੋਰੀਂ ਕੜਕੇ–

"ਤੂੰ ਅੱਜ ਤਾਸ਼ ਖੇਡੀ ਸੀ ਸੁਣਿਆ ਏਂ?"

"ਨਹੀਂ ਅੱਬਾ ਜੀ", ਮੁੰਡੇ ਨੇ ਡਰਦਿਆਂ ਡਰਦਿਆਂ ਕਿਹਾ–

"ਡਰ ਨਾ", ਸੇਖ਼ ਹੋਰਾਂ ਆਪਣੀ ਆਦਤ ਦੇ ਵਿਰੁੱਧ ਕਿਹਾ–"ਸਚੋ ਸਚ ਦੱਸ ਦੇ , ਮੈਂ ਤੈਨੂੰ ਕਹਿੰਦਾ ਕੁਝ ਨਹੀਂ। ਮੈਂ ਖੁਦ ਤੈਨੂੰ ਵੇਖਿਆ ਸੀ ਅਬਦੁਲੇ ਦੇ ਮੁੰਡੇ ਨਾਲ ਉਹਨਾਂ ਦੇ ਵਿਹੜੇ ਵਿਚ ਤੂੰ ਪਿਆ ਖੇਡਦਾ ਸੈਂ। ਦਸ ਖੇਡ ਸੀ ਕਿ ਨਹੀਂ?"

ਮੁੰਡਾ ਮੂੰਹੋਂ ਤੇ ਨਾ ਬੋਲਿਆ ਪਰ ਉਸ ਨੇ ਹਾਂ ਵਿਚ ਸਿਰ ਹਲਾਇਆ।

"ਸ਼ਾਬਾਸ਼!" ਸੇਖ਼ ਹੋਰੀ ਨਰਮੀ ਨਾਲ ਬੋਲੇ–"ਮੈਂ ਤੇਰੇ 'ਤੇ ਬੜਾ ਖੁਸ਼ ਹਾਂ ਕਿ ਤੂੰ ਆਖ਼ਰ ਸੱਚ ਦੱਸ ਦਿੱਤਾ। ਅਸਲ ਵਿਚ ਬਸ਼ੀਰ, ਮੈਂ ਆਪ ਤੇ ਨਹੀਂ ਸੀ ਵੇਖਿਆ, ਕਿਸੇ ਤੋਂ ਸੁਣਿਆ ਸੀ। ਇਹ ਤਾਂ ਤੈਨੂੰ ਇਕਬਾਲ ਕਰਾਉਣ ਦਾ ਇਕ ਤਰੀਕਾ ਸੀ। ਅਸੀਂ ਬਹੁਤ ਸਾਰੇ ਮੁਲਜ਼ਮਾਂ ਨੂੰ ਇਸੇ ਤਰ੍ਹਾਂ ਬਕਾ ਲੈਂਦੇ ਹਾਂ। ਖ਼ੈਰ ਪਰ ਮੈਂ ਅੱਜ ਤੈਨੂੰ ਕੁਝ ਜ਼ਰੂਰੀ ਗੱਲਾਂ ਸਮਝਾਣੀਆਂ ਨੇ, ਜ਼ਰਾ ਖ਼ਿਆਲ ਨਾਲ ਸੁਣ।"

"ਖ਼ਿਆਲ ਨਾਲ ਸੁਣ", ਕਹਿਣ ਤੋਂ ਬਾਅਦ ਉਹਨਾਂ ਬਸ਼ੀਰ ਵੱਲ ਤਕਿਆ। ਉਹ ਪਿਓ ਦੀ ਐਨਕ ਫੜ ਕੇ ਉਸਦੀਆਂ ਕਮਾਨੀਆਂ ਹੇਠਾਂ ਕਰ ਰਿਹਾ ਸੀ।

ਐਨਕ ਉਸ ਦੇ ਹੱਥੋਂ ਫੜ ਕੇ, ਨਾਲ ਹੀ ਇਕ ਫ਼ਾਈਲ ਵਿਚੋਂ ਵਾਰੰਟਾਂ ਦਾ ਮਜ਼ਮੂਨ ਦਿਲ ਵਿਚ ਪੜ੍ਹਦੇ ਹੋਏ, ਸੇਖ਼ ਹੋਰੀਂ ਬੋਲੇ–

"ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਗੁਨਾਹ ਬਹੁਤ ਸਾਰੇ ਗੁਨਾਹਾਂ ਦਾ ਪੇਸ਼ ਖੇਮਾਂ ਹੁੰਦਾ ਹੈ। ਇਸ ਦੀ ਜਿੰਦਾ ਮਿਸਾਲ ਇਹ ਹੈ ਕਿ ਤਾਸ਼ ਖੇਡਣ ਦਾ ਗੁਨਾਹ ਲੁਕਾਉਣ ਲਈ ਤੈਨੂੰ ਝੂਠ ਵੀ ਬੋਲਣਾ ਪਿਆ, ਯਾਨੀ ਕਿ ਇਕ ਦੀ ਥਾਂ ਤੂੰ ਦੋ ਗੁਨਾਹ ਕੀਤੇ।"

ਵਾਰੰਟ ਨੂੰ ਮੁੜ ਫ਼ਾਈਲ ਵਿਚ ਨਥੀ ਕਰਦਿਆਂ ਹੋਇਆਂ ਸੇਖ਼ ਹੋਰਾਂ ਮੁੰਡੇ ਵਲ ਤੱਕਿਆ। ਬਸ਼ੀਰ ਪੇਪਰ ਕੁਸ਼ਨ ਵਿਚੋਂ ਪਿੰਨਾਂ ਕੱਢਕੇ ਟੇਬਲ ਕਲਾਥ ਵਿਚ ਖੋਭ ਰਿਹਾ ਸੀ।

"ਮੇਰੇ ਵਲ ਧਿਆਨ ਕਰ", ਉਸ ਦੇ ਹੱਥੋਂ ਪਿੰਨਾਂ ਖੋਹ ਕੇ ਸ਼ੇਖ਼ ਹੋਰੀਂ ਇਕ ਅਖ਼ਬਾਰ ਦੇ ਵਰਕੇ ਫੋਲਦੇ ਹੋਏ ਬੋਲੇ–"ਤਾਸ਼ ਵੀ ਇਕ ਕਿਸਮ ਦਾ ਜੂਆ ਹੁੰਦਾ ਹੈ, ਜੂਆ! ਏਸੇ ਤੋਂ ਵਧਦੀ ਵਧਦੀ ਆਦਮੀ ਨੂੰ ਜੂਏ ਦੀ ਆਦਤ ਪੈ ਜਾਂਦੀ ਏ, ਸੁਣਿਆ ਈ? ਤੇ ਇਹ ਆਦਤ ਨਾ ਸਿਰਫ਼ ਆਪਣੇ ਤੱਕ ਹੀ ਮਹਿਦੂਦ ਰਹਿੰਦੀ ਏ, ਬਲਕਿ ਇਕ ਆਦਮੀ ਪਾਸੋਂ ਦੂਜੇ ਨੂੰ, ਦੂਜੇ ਪਾਸੋਂ ਤੀਜੇ ਨੂੰ ਪੈ ਜਾਂਦੀ ਏ, ਜਿਸ ਤਰ੍ਹਾਂ ਖਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾਂ ਰੰਗ ਫੜਦਾ ਹੈ।"

ਕਲਮਦਾਨ ਵਿਚੋਂ ਉਂਗਲ ਨਾਲ ਸਿਆਹੀ ਲਾ ਕੇ ਬਸ਼ੀਰ ਇਕ ਕੋਰੇ ਕਾਗਜ਼ ਉੱਤੇ ਚੀਚ ਬਲੋਲੇ ਵਾਹ ਰਿਹਾ ਸੀ। ਖ਼ਰਬੂਜ਼ੇ ਦਾ ਨਾਂ ਸੁਣਦਿਆਂ ਹੀ ਉਹ ਉਂਗਲ ਨੂੰ ਮੇਜ਼ ਦੀ ਹੇਠਲੀ ਬਾਹੀ ਨਾਲ ਪੂੰਝ ਕੇ ਪਿਉ ਵੱਲ ਇਸ ਤਰ੍ਹਾਂ ਤੱਕਿਆ, ਜਿਵੇਂ ਸੱਚ ਮੁੱਚ ਕੋਈ ਹੱਥ ਵਿਚ ਖ਼ਰਬੂਜ਼ਾ ਲਈ ਬੈਠਾ ਹੋਵੇ।

"ਬਸ਼ੀਰ!" ਉਸ ਦੇ ਅੱਗੋਂ ਕਲਮਦਾਨ ਚੁੱਕ ਕੇ ਪਰੇ ਰਖਦੇ ਹੋਏ ਸ਼ਖ਼ ਹੋਰੀਂ ਬੋਲੇ–"ਮੇਰੀ ਗੱਲ ਧਿਆਨ ਨਾਲ ਸੁਣ।" ਅਜੇ ਉਹ ਏਨੀ ਹੀ ਗੱਲ ਕਰ ਸਕੇ ਸਨ ਕਿ ਟੈਲੀਫ਼ੋਨ ਦੀ ਘੰਟੀ ਵਜੀ। ਸ਼ੇਖ਼ ਹੋਰਾਂ ਉਠ ਕੇ ਰੀਸੀਵਰ ਫੜਿਆ–'ਹੈਲੋ! ਕਿਥੋਂ ਬੋਲਦੇ ਹੋ?......ਬਾਬੂ ਪਰਸ਼ੋਤਮ ਦਾਸ........? ਆਦਾਬ ਅਰਜ਼.....! ਸੁਣਾਓ ਕੀ ਹੁਕਮ ਹੈ, ਲਾਟਰੀ ਦੀਆਂ ਟਿਕਟਾਂ? ਉਹ ਮੈਂ ਅਜ ਸ਼ਾਮ ਨੂੰ ਪੁਰ ਕਰ ਕੇ ਭੇਜ ਦਿਆਂਗਾ....ਕਿੰਨੇ ਰੁਪਏ ਨੇ ਪੰਜਾਂ ਟਿਕਟਾਂ ਦੇ ....ਪੰਜਾਹ?.....ਖ਼ੈਰ.....। ਪਰ ਕਦੇ ਕਢੀ ਵੀ ਜੇ ਅਜ ਤੀਕ?.....ਕਿਸਮਤ ਖ਼ਬਰੇ ਕਦੋਂ ਜਾਗ ਪਵੇਗੀ, ਤੇ ਤੁਸੀਂ ਕਿਸ ਮਰਜ਼ ਦੀ ਦੁਆ ਹੋਏ....ਹੱਛਾ ਆਦਾਬ ਅਰਜ਼।"

ਰੀਸੀਵਰ ਰੱਖ ਕੇ ਉਹ ਮੁੜ ਆਪਣੀ ਥਾਂ 'ਤੇ ਆ ਬੈਠੇ ਤੇ ਬੋਲੇ–"ਵੇਖ! ਸ਼ਰਾਰਤਾਂ ਨਾ ਕਰ, ਪੇਪਰ ਵੇਟ ਭੁੰਜੇ ਡਿਗ ਕੇ ਟੁਟ ਜਾਏਗਾ। ਏਹਨੂੰ ਰਖ ਦੇ, ਤੇ ਧਿਆਨ ਨਾਲ ਮੇਰੀ ਗੱਲ ਸੁਣ।"

"ਹਾਂ ਮੈਂ ਕੀ ਕਹਿ ਰਿਹਾ ਸਾਂ।" ਇਕ ਹੋਰ ਫਾਈਲ ਦਾ ਫੀਤਾ ਖੋਲਦੇ ਹੋਏ ਸੇਖ਼

ਹੋਰੀਂ ਬੋਲੇ–"ਤਾਸ਼ ਦੀਆਂ ਬੁਰਾਈਆਂ ਦਸ ਰਿਹਾ ਸਾਂ। ਤਾਸ਼ ਤੋਂ ਚੋਰੀ, ਚੋਰੀ ਤੋਂ ਬਾਅਦ, ਪਤਾ ਈ ਕੀ ਹਾਸਲ ਹੁੰਦਾ ਏ?" ਬਸ਼ੀਰ ਵਲ ਤਕਦਿਆਂ ਹੋਇਆਂ ਬੋਲੇ–"ਜੇਲ੍ਹ ਯਾਨੀ ਕੈਦ ਦੀ ਸ਼ਜ਼ਾ।"

ਫਾਈਲ ਵਿਚੋਂ ਬਾਹਰ ਨਿਕਲਦੇ ਹੋਏ ਇਕ ਪੀਲੇ ਕਾਗ਼ਜ਼ ਨੂੰ ਡੈਕ ਦੀ ਚੁੰਝ ਨਾਲ ਬਸ਼ੀਰ ਛੇਕ ਪਾ ਰਿਹਾ ਸੀ।

"ਨਾਲਾਇਕ ਪਾਜੀ," ਸ਼ੇਖ ਹੋਰੀਂ ਉਸਦੇ ਹੱਥੋਂ ਡੰਕ ਖਿੱਚਦੇ ਹੋਏ ਬੋਲੇ– "ਛੱਡ ਇਹਨਾਂ ਵਿਹਲੇ ਕੰਮਾਂ ਨੂੰ ਤੇ ਮੇਰੀ ਗੱਲ ਧਿਆਨ ਨਾਲ ਸੁਣ। ਤੈਨੂੰ ਪਤਾ ਏ ਕਿੰਨੇ ਚੋਰਾਂ ਦਾ ਸਾਨੂੰ ਹਰ ਰੋਜ਼ ਚਾਲਾਨ ਕਰਨਾ ਪੈਂਦਾ ਏ? ਤੇ ਇਹ ਸਾਰੇ ਚੋਰ ਤਾਸ਼ ਖੇਡ ਖੇਡ ਕੇ ਹੀ ਚੋਰੀ ਕਰਨੀ ਸਿੱਖਦੇ ਨੇ। ਜੇ ਇਹ ਕਾਨੂੰਨ ਦਾ ਡੰਡਾ ਇਹਨਾਂ ਦੇ ਸਿਰ 'ਤੇ ਨਾ ਹੋਵੇ ਤਾਂ ਖ਼ਬਰੇ ਕੀ ਕਿਆਮਤ ਲਿਆ ਦੇਣ।" ਤੇ ਸ਼ਖ ਹੋਰਾਂ ਮੇਜ਼ ਦੀ ਨੁੱਕਰੇ ਪਈ ਕਿਤਾਬ ਤਾਜ਼ੀਰਾਤ ਹਿੰਦ ਵੱਲ ਇਸ਼ਾਰਾ ਕੀਤਾ। ਪਰ ਬਸ਼ੀਰ ਦਾ ਧਿਆਨ ਇਕ ਹੋਰ ਕਿਤਾਬ ਵੱਲ ਸੀ। ਉਸਦੇ ਉਤਲੇ ਗੱਤੇ ਤੋਂ ਜਿਲਦ ਦਾ ਕੱਪੜਾ ਥੋੜਾ ਜਿਹਾ ਉੱਖੜਿਆ ਹੋਇਆ ਸੀ, ਜਿਸ ਨੂੰ ਖਿੱਚਦਿਆਂ ਖਿੱਚਦਿਆਂ ਬਸ਼ੀਰ ਨੇ ਅੱਧਾ ਕੁ ਗੱਤਾ ਨੰਗਾ ਕਰ ਦਿੱਤਾ ਸੀ।

"ਬੇਵਕੂਫ਼ ਗਧਾ," ਕਿਤਾਬ ਉਸਦੇ ਲਾਗਿਉਂ ਚੁਕ ਕੇ ਪਰੇ ਰਖਦੇ ਹੋਏ ਸ਼ਖ਼ ਹੋਰੀਂ ਬੋਲੇ–"ਤੈਨੂੰ ਜਿਲਦਾਂ ਉਖੇੜਨ ਲਈ ਸੱਦਿਆ ਸੀ? ਖਿਆਲ ਨਾਲ ਸੁਣ।" ਤੇ ਕੁਝ ਸੰਮਨਾਂ ਉਤੇ ਦਸ਼ਤਖ਼ਤ ਕਰਦਿਆਂ ਉਨ੍ਹਾਂ ਫਿਰ ਲੜੀ ਜੋੜੀ "ਸਾਨੂੰ ਪੋਲੀਸ ਅਫ਼ਸਰਾਂ ਨੂੰ ਸਰਕਾਰ ਜੋ ਏਨੀਆਂ ਤਨਖ਼ਾਹਾਂ ਤੇ ਪੈਨਸ਼ਨਾਂ ਦਿੰਦੀ ਏ, ਤੈਨੂੰ ਪਤਾ ਏ ਕਿਉਂ ਦੇਦੀ ਏ? ਸਿਰਫ ਇਸ ਲਈ ਕਿ ਅਸੀਂ ਮੁਲਕ ਵਿਚ ਜੁਰਮਾਂ ਦਾ ਖਾਤਮਾ ਕਰੀਏ। ਪਰ ਜੇ ਸਾਡੇ ਹੀ ਬੱਚੇ ਤਾਸ਼ ਜੂਏ ਖੇਡਣ ਲੱਗ ਪਏ ਤਾਂ ਦੁਨੀਆਂ ਕਹੇਗੀ, ਤੇ ਅਸੀਂ ਆਪਣਾ ਨਿਕਮ ਕਿਸ ਤਰ੍ਹਾਂ ਹਲਾਲ......

ਗਲ ਅਜੇ ਅਧਵਾਟੇ ਹੀ ਸੀ ਕਿ ਪਿਛਲੇ ਬੂਹੇ ਵਲੋਂ ਉਨ੍ਹਾਂ ਦਾ ਇਕ ਉੱਚਾ ਲੰਮਾ ਨੌਕਰ ਆਇਆ। ਇਹ ਸਿਪਾਹੀ ਸੀ। ਸ਼ੇਖ ਹੋਰੀਂ ਹਮੇਸ਼ਾਂ ਇਹੋ ਜਿਹੇ ਦੋ ਤਿੰਨ ਵਫ਼ਾਦਾਰ ਸਿਪਾਹੀ ਘਰ ਵਿਚ ਰੱਖਿਆ ਕਰਦੇ ਸਨ। ਇਹਨਾਂ ਵਿਚੋਂ ਇਕ ਡੰਗਰਾਂ ਨੂੰ ਪੱਠਾ ਡੱਥਾ ਪਾਣ ਤੇ ਮਹੀਆਂ ਚੋਣ ਲਈ, ਦੂਜਾ ਰਸੋਈ ਦੇ ਕੰਮ ਵਿਚ ਮਦਦ ਦੇਣ ਲਈ, ਤੇ ਤੀਜਾ ਜਿਹੜਾ ਅੰਦਰ ਸੀ–ਇਹ ਅਸਾਮੀਆਂ ਨਾਲ ਰਕਮਾਂ ਖਰੀਆਂ ਕਰਨ ਲਈ ਰੱਖਿਆ ਹੋਇਆ ਸੀ। ਉਸ ਨੇ ਝੁਕ ਕੇ ਸਲਾਮ ਕਰਦਿਆਂ ਕਿਹਾ, "ਉਹ ਆਏ ਬੈਠੇ ਨੇ ਜੀ!"

"ਕਣ?"

"ਉਹੀ ਬੁਘੀ ਬਦਮਾਸ਼ ਦੇ ਆਦਮੀ, ਜਿਨ੍ਹਾਂ ਦੁਸਹਿਰੇ ਦੇ ਮੇਲੇ ਵਿਚ ਡੈਸ਼ (ਜੂਏ ਖਾਨਾ) ਲਾਣ ਲਈ ਅਰਜ਼ ਕੀਤੀ ਸੀ।"

"ਫਿਰ ਤੂੰ ਆਪੇ ਈ ਗਲ ਕਰ ਲੈਣੀ ਸੀ!"

"ਮੈਂ ਤਾਂ ਉਹਨਾਂ ਨੂੰ ਕਹਿ ਦਿੱਤਾ ਸੀ ਕਿ ਸੇਖ਼ ਹੋਰੀਂ ਢਾਈ ਸੌ ਤੋਂ ਘੱਟ ਨਹੀਂ ਮੰਨਦੇ, ਪਰ ......।"

"ਫੇਰ ਉਹ ਕੀ ਕਹਿੰਦੇ ਨੇ?"

"ਉਹ ਕਹਿੰਦੇ ਨੇ ਅਸੀਂ ਇਕ ਵਾਰੀ ਖ਼ੁਦ ਸੇਖ਼ ਹੋਰਾਂ ਦੀ ਕਦਮ ਬੋਸੀ ਕਰਨੀ ਚਾਹੁੰਦੇ ਹਾਂ। ਜੇ ਤਕਲੀਫ਼ ਨਾ ਹੋਵੇ ਤਾਂ ਦੋ ਮਿੰਟਾਂ ਲਈ ਚਲੇ ਚਲੋ। ਬੜੇ ਚਿਰ ਦੇ

ਉਡੀਕ ਰਹੇ ਨੇ।”

“ਹਛਾ ਚਲੋ”, ਕਹਿ ਕੇ ਸ਼ੇਖ ਹੋਰੀਂ ਜਦ ਉਠਣ ਲੱਗੇ ਤਾਂ ਉਹਨਾਂ ਬਸ਼ੀਰ ਵੱਲ ਤੱਕਿਆ। ਉਹ ਊਂਘ ਰਿਹਾ ਸੀ। ਜੇ ਝਟ ਪਟ ਦਬਕ ਮਾਰ ਕੇ ਉਹ ਉਸ ਨੂੰ ਜਗਾ ਨਾ ਦੇਂਦੇ ਤਾਂ ਉਸ ਦਾ ਮੱਥਾ ਮੇਜ਼ ਨਾਲ ਆ ਵੱਜਣਾ ਸੀ।

“ਜਾਹ ਆਰਾਮ ਕਰ ਜਾ ਕੇ”, ਸ਼ੇਖ ਹੋਰੀਂ ਕੋਟ ਤੇ ਬੈਲਟ ਸੰਭਾਲਦੇ ਹੋਏ ਬੋਲੇ,–“ਬਾਕੀ ਨਸੀਹਤਾਂ ਤੈਨੂੰ ਸ਼ਾਮ ਨੂੰ ਦਿਆਂਗਾ। ਮੁੜ ਕੇ ਤਾਸ਼ ਨਾ ਖੇਡੀ।”

ਤੇ ਉਹ ਬਾਹਰ ਨਿਕਲ ਗਏ। ਮੁੰਡੇ ਨੇ ਖੜੇ ਹੋ ਕੇ ਇਕ ਦੋ ਆਕੜਾਂ ਲਈਆਂ ਤੇ ਉਬਾਸੀਆਂ ਲਈਆਂ , ਅੱਖਾਂ ਮਲੀਆਂ ਤੇ ਫਿਰ ਨੱਚਦਾ ਭੁੜਕਦਾ ਬਾਹਰ ਨਿਕਲ ਗਿਆ।

–0–

## ਰੱਬ ਆਪਣੇ ਅਸਲੀ ਰੂਪ ਵਿਚ

(੧)

ਦੁਸਹਿਰਾ ਤੇ ਮੁਹੱਰਮ ਦੋਹਾਂ ਕੁ ਦਿਨਾਂ ਦੀ ਵਿੱਥ ਤੇ ਆਉਣੇ ਸਨ। ਇਸ ਤੋਂ ਥੋੜੇ ਦਿਨ ਪਹਿਲਾ ਹੀ ਦੋਹੇ ਕੌਮਾਂ ਆਪਣੀ ਕੌਮੀ ਬੀਰਤਾ ਦੇ ਚਮਤਕਾਰ ਦੱਸਣ ਲਈ ਤਿਆਰ ਬਰ ਤਿਆਰ ਹੋ ਗਈਆਂ। ਥਾਂ ਥਾਂ ਪੁਲਸੀ ਪਹਿਰੇ ਲੱਗ ਗਏ, ਸਾਰੇ ਸ਼ਹਿਰ ਵਿਚ ਸਹਿਮ ਜਿਹਾ ਛਾ ਗਿਆ। ਮਜ਼ਬੀ ਅਣਖ ਪਿੱਛੇ ਮਰ ਮਿਟਣ ਵਾਲਿਆਂ ਲਈ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਸੀ। ਸਾਰੇ ਸ਼ਹਿਰ ਦੀਆਂ ਮਸੀਤਾਂ ਤੇ ਮੰਦਰ ਇਨ੍ਹਾਂ ਮਜ਼ਬੀ ਪਹਿਲਵਾਨਾਂ ਨੂੰ ਕੁਸ਼ਤੀ ਸਿਖਾਉਣ ਲਈ ਆਖਾੜੇ ਬਣੇ ਹੋਏ ਸਨ।

ਮੁਸਲਮਾਣਾਂ ਦਾ ਰੱਬ ਇਸ ਮਾਤਮ ਦੇ ਸਮੇਂ ਵਾਜਿਆਂ ਦੀ ਆਵਾਜ਼ ਨਹੀਂ ਸੀ ਸੁਣਨਾ ਚਾਹੁੰਦਾ ਤੇ ਹਿੰਦੂਆਂ ਦਾ ਰੱਬ ਇਸ ਖੁਸ਼ੀ ਦੇ ਮੌਕੇ ਮਾਤਮੀ ਕੀਰਨੇ ਸੁਣਨੇ ਬਦ ਸ਼ਗਨੀ ਸਮਝਦਾ ਸੀ। ਮੁਕਦੀ ਗੱਲ, ਦੋਵੇਂ ਰੱਬ ਆਪੋ ਆਪਣੇ ਹੱਕਾਂ ਉਤੇ ਡਟੇ ਖਲੋਤੇ ਸਨ।

ਤਾਜ਼ੀਏ ਵਾਲੇ ਦਿਨ ਤਾਂ ਬੁੱਢੇ ਮੌਲਵੀ ਦੀ ਤਕਰੀਰ ਨੇ ਹੱਦਾਂ ਲਾਹ ਦਿਤੀਆਂ। ਸੌ ਫੀ ਸੀ ਸਰੋਤੇ ਗ਼ਜ਼ੀ ਦੀ ਪਦਵੀ ਪਾਉਣ ਲਈ ਤੇ ਜੱਨਤ ਦੇ ਕਮਰੇ ਰੀਜ਼ਰਵ ਕਰਾਉਣ ਲਈ ਹੱਥ ਮਰੋੜਨ ਤੇ ਬੁਲ੍ਹ ਟੁੱਕਣ ਲੱਗ ਪਏ।

ਅੰਤ ਤਾਜ਼ੀਆ ਬੜੇ ਜ਼ੋਰ ਸ਼ੋਰ ਨਾਲ ਨਿਕਲਿਆ। ਉਸ ਵਿਚ ਨੰਗੇ ਸਿਰਾਂ ਵਾਲਿਆਂ ਨਾਲੋਂ ਲਾਲ ਪਗੜੀ ਵਾਲਿਆਂ ਦੀ ਗਿਣਤੀ ਬਹੁਤੀ ਸੀ। ਪਰ ਏਨਾ ਕਰੜਾ ਪ੍ਰਬੰਧ ਹੁੰਦਿਆਂ ਵੀ ਇਕ ਨੌਜਵਾਨ ਹਿੰਦੂ ਦਾ ਖ਼ੂਨ ਹੋ ਹੀ ਗਿਆ। ਇਸ ਤੋਂ ਛੁਟ ਰਸਤੇ ਵਿਚ ਕਈ ਵਾਰੀ ਫ਼ਸਾਦ ਹੁੰਦਾ ਹੁੰਦਾ ਰੁਕਿਆ।

(੨)

ਦੁਸਹਿਰੇ ਦੀ ਝਾਕੀ ਨਿਕਲਣ ਤੋਂ ਇਕ ਦਿਨ ਪਹਿਲਾਂ ਹੀ ਮਹਾਂਬੀਰ ਦਲ ਦੇ ਗੱਭਰੂਆਂ ਨੇ ਸਿਰ ਤੇ ਕੱਫਣ ਬੰਨ੍ਹ ਲਏ ਤੇ ਭਗਵਾਨ ਰਾਮ ਚੰਦਰ ਜੀ ਦੇ ਨਾਂ ਉਤੇ ਆਪਣੇ ਲਹੂ ਦਾ ਛੇਕੜਲਾ ਤੁਪਕਾ ਡੋਲ੍ਹਣ ਦਾ ਪ੍ਰਣ ਕਰ ਲਿਆ।

ਇਸੇ ਸ਼ਾਮ ਨੂੰ ਬੁੱਢਾ ਮੌਲਵੀ ਘਰ ਜਾਂਦਾ ਹੋਇਆ ਆਪਣੇ ਕੁਝ ਸਿਰ ਕੱਢ ਗੱਭਰੂਆਂ ਨੂੰ ਚਿਤੌਣੀ ਕਰਾ ਗਿਆ ਕਿ ਦਿਨ ਚੜ੍ਹਦੇ ਤੋਂ ਪਹਿਲਾਂ ਉਹ ਉਹਦੇ ਮਕਾਨ ’ਤੇ ਪਹੁੰਚ ਜਾਣ।

ਮੌਲਵੀ ਹੋਰੀਂ ਘਰ ਟੁਰੇ ਜਾ ਰਹੇ ਸਨ ਤੇ ਸੋਚਦੇ ਜਾਂਦੇ ਸਨ, “ਧੰਨ ਹੈ ਉਹ ਬਹਾਦਰ ਗਾਜ਼ੀ ਜਿਸ ਨੇ ਸਭ ਤੋਂ ਪਹਿਲਾਂ ਮੇਰੇ ਹੁਕਮ ਦੀ ਤਾਮੀਲ ਕਰ ਕੇ ਇਕ ਕਾਫ਼ਰ ਨੂੰ ਟਿਕਾਣੇ ਲਾਇਆ ਹੈ। ਜੇ ਇਸ ਤਰ੍ਹਾਂ ਹਰ ਇਕ ਖ਼ਾਦਿਮ ਇਸਲਾਮ ਆਪਣੇ ਅੰਦਰ

ਮਜ਼ਬੀ ਜਜ਼ਬਾਤ ਪੈਦਾ ਕਰ ਲਵੇ ਤਾਂ ਦਿਨਾਂ ਵਿਚ ਹੀ ਸਾਰੀ ਦੁਨੀਆਂ ਉਤੇ ਰੱਬੀ ਬਾਦਸ਼ਾਹਤ ਫੈਲ.........।"

ਅਜੇ ਉਸ ਦੀ ਖ਼ਿਆਲਾ ਦੀ ਲੜੀ ਬੰਦ ਨਹੀਂ ਸੀ ਹੋਈ ਕਿ ਉਸਦੇ ਕੰਨਾਂ ਵਿਚ ਇਕ ਡਾਢੀ ਦਰਦ ਭਰੀ ਆਵਾਜ਼ ਪਈ "ਲੋਕੋ, ਮੇਰਾ ਜਹਾਨ ਲੁੱਟਿਆ ਗਿਆ!"

ਦੂਜੇ ਪਲ ਹੀ ਉਸ ਦੇ ਸਾਹਮਣਿਓ ਇਕ ਹਿੰਦੂ ਦੀ ਅਰਥੀ ਲੰਘੀ ਜੋ ਸਰਕਾਰੀ ਹਸਪਤਾਲ ਵਲੋਂ ਆ ਰਹੀ ਸੀ। ਉਸ ਦੇ ਪਿੱਛੇ ਇਕ ੧੬ ਕੁ ਵਰ੍ਹਿਆਂ ਦੀ ਮੁਟਿਆਰ ਫੱਟੇ ਨਾਲ ਸਿਰ ਜੋੜੀ ਤੇ ਦੋਹਾਂ ਹੱਥਾਂ ਨਾਲ ਉਸ ਨੂੰ ਥੰਮੀ ਟੁਰੀ ਆ ਰਹੀ ਸੀ। ਦੰਦ ਖੰਡ ਦੇ ਚੂੜ੍ਹੇ ਦੀਆਂ ਦੋ ਤਿੰਨ ਅੱਧ ਟੁੱਟੀਆਂ ਚੂੜੀਆਂ ਅਜੇ ਤੱਕ ਉਸਦੀ ਵੀਣੀ ਵਿਚ ਅੜੀਆਂ ਹੋਈਆਂ ਸਨ ਤੇ ਵਿਆਹ ਦੀ ਮਹਿੰਦੀ ਅਜੇ ਉਸਦੇ ਨੁੰਹਾਂ ਤੇ ਬਾਕੀ ਸੀ। ਪਿੱਟ ਪਿੱਟ ਕੇ ਉਸ ਨੇ ਮੱਥੇ ਦੇ ਬਹੁਤ ਸਾਰੇ ਵਾਲ ਖੋਹ ਸੁੱਟੇ ਸਨ ਤੇ ਚਿਹਰੇ 'ਤੇ ਲਾਸਾਂ ਪਾ ਲਈਆਂ ਸਨ।

ਜਿਥੋ ਤੋੜੀ ਅਰਥੀ ਦਿਸਦੀ ਰਹੀ, ਮੌਲਵੀ ਦੀ ਨਜ਼ਰ ਉਸ ਵੱਲੋਂ ਹਟ ਨਾ ਸਕੀ, ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਉਸ ਸ਼ਰਧਾਲੂ ਗ਼ਾਜ਼ੀ ਦੀ ਹੀ ਬਹਾਦਰੀ ਦਾ ਸਿੱਟਾ ਹੈ।

ਘਰ ਪਹੁੰਚਦਿਆਂ ਤੱਕ ਉਸ ਦੇ ਕੰਨਾਂ ਵਿਚ 'ਲੋਕੋ! ਮੇਰਾ ਜਹਾਨ ਲੁਟਿਆ ਗਿਆ।' ਵਾਕ ਗੂੰਜਦਾ ਰਿਹਾ ਤੇ ਹਜ਼ਾਰ ਕੋਸ਼ਸ਼ ਕਰਨ ਤੇ ਵੀ ਉਸ ਦੁਖੀ ਔਰਤ ਦੀ ਸ਼ਕਲ ਉਸ ਦੀਆਂ ਅੱਖਾਂ ਅਗੇ ਜਿਉਂ ਦੀ ਤਿਉਂ ਰਹੀ। ਉਸ ਨੇ ਉਹ ਸਾਰੀਆਂ ਦਲੀਲਾਂ ਦੇ ਦੇ ਕੇ ਦਿਲ ਨੂੰ ਸਮਝਾਇਆ ਜਿਨ੍ਹਾਂ ਦੀ ਮਦਦ ਨਾਲ ਉਹ ਹਜ਼ਾਰਾਂ ਲੋਕਾਂ ਦੇ ਖ਼ਿਆਲ ਇਕ ਵਾਰਗੀ ਹੀ ਪਲਟ ਸੁੱਟਦਾ ਸੀ, ਪਰ ਉਸ ਤੇ ਕੁਝ ਵੀ ਅਸਰ ਨਾ ਹੋਇਆ।

ਜਿਉਂ ਜਿਉਂ ਅਰਥੀ ਦਾ ਦ੍ਰਿਸ਼ ਉਸ ਦੇ ਸਾਹਮਣੇ ਆਉਂਦਾ ਉਸ ਦੇ ਅੰਦਰ ਇਕ ਕਸਕ ਜਹੀ ਪੈਣ ਲਗ ਜਾਂਦੀ ਤੇ ਆਪ ਮੁਹਾਰੇ ਉਸ ਦੇ ਬੁਲ੍ਹਾਂ ਚੋਂ ਨਿਕਲ ਜਾਂਦਾ, "ਲੋਕੋ! ਮੇਰਾ ਜਹਾਨ ਲੁੱਟਿਆ ਗਿਆ!"

ਮੌਲਵੀ ਹੁਰਾਂ ਦਸਤਰ ਖਵਾਨ ਤੇ ਬੈਠ ਕੇ ਰਕੇਬੀ ਵਲ ਹੱਥ ਵਧਾਇਆ, ਪਰ ਫੇਰ ਪਿਛਾਂਹ ਖਿਚ ਲਿਆ। ਅੰਤ ਬਦੋ ਬਦੀ ਜੇ ਗਰਾਹੀ ਮੂੰਹ ਵਿਚ ਪਾਈ ਹੀ ਤਾਂ ਸੰਘੋ ਲੰਘਣੀ ਔਖੀ ਹੋ ਗਈ। ਉਹ ਗਰਾਹੀ ਨੂੰ ਅੰਦਰ ਧਕਦੇ ਸਨ ਤੇ ਅੰਦਰੋਂ ਕੋਈ ਚੀਜ਼ ਉਸ ਨੂੰ ਬਾਹਰ ਧੱਕਦੀ ਸੀ।

ਘਰ ਵਾਲੀ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਤਰ ਦੇਣ ਦੀ ਥਾਂ ਉਨ੍ਹਾਂ ਅੱਖਾਂ ਭਰ ਲਈਆਂ। ਅੰਤ ਰਕੇਬੀ ਨੂੰ ਪਰ੍ਹਾਂ ਧੱਕ ਕੇ ਤੇ 'ਤਬੀਅਤ ਠੀਕ ਨਹੀਂ' ਕਹਿ ਕੇ ਮੰਜੇ ਤੇ ਜਾ ਲੇਟੇ। ਸਾਰੀ ਰਾਤ ਉਨ੍ਹਾਂ ਉਸੱਲਵੱਟੇ ਭੰਨਦਿਆਂ ਤੇ ਠੰਢੇ ਸਾਹ ਲੈਂਦਿਆਂ ਬਿਤਾਈ।

ਦਿਨ ਚੜ੍ਹਦੇ ਹੀ ੧੫-੨੦ ਲਠ ਬਾਜ਼ ਆ ਪਹੁੰਚੇ ਤੇ ਡਿਓਢੀ ਵਿਚ ਬੈਠ ਕੇ ਮੌਲਵੀ ਹੋਰਾਂ ਦੇ ਹੁਕਮ ਦੀ ਉਡੀਕ ਕਰਨ ਲੱਗੇ।

ਮੌਲਵੀ ਹੋਰੀਂ ਅੰਦਰੋਂ ਨਿਕਲੇ। ਉਹਨਾਂ ਦਾ ਚਿਹਰਾ ਉਤਰਿਆ ਹੋਇਆ ਤੇ ਅੱਖਾਂ ਡੁਬਡੁਬਾ ਰਹੀਆਂ ਸਨ। ਘੰਟਾ ਡੇਢ ਘੰਟਾ ਉੱਤਰ ਪ੍ਰਸ਼ਨ ਹੁੰਦੇ ਰਹੇ ਤੇ ਅੰਤ ਸਾਰੇ ਹੀ, ਜਿਧਰੋਂ ਆਏ ਸੀ, ਉਧਰੇ ਮੁੜ ਗਏ।

ਦੁਸਹਿਰੇ ਦੀ ਝਾਕੀ ਨਿਕਲੀ। ਪੰਡਤ ਹੋਰਾਂ ਦੇ ਧਰਮ ਉਪਦੇਸ਼ਾਂ ਨੇ ਸਾਬਤ ਕਰ ਦਿਤਾ ਸੀ ਕਿ ਰਬ ਦੇ ਸੱਕੇ ਪੁਤਰ ਕਦੇ ਵੀ ਮਲੇਛਾਂ ਤੋਂ ਡਰਿਆ ਨਹੀਂ ਕਰਦੇ। ਜਲੂਸ ਦੇ ਆਲੇ ਦੁਆਲੇ ਪੁਲੀਸ ਦੀ ਲੰਮੀ ਪਾਲ ਇਸ ਤਰ੍ਹਾਂ ਸੋਭ ਰਹੀ ਸੀ ਕਿ ਜਿਵੇਂ ਰੱਬ ਦੇ ਇਹਨਾਂ ਸੱਕੇ ਪੁੱਤਰਾਂ ਦੀ ਸੈਨਾ ਨੇ ਲਾਲ ਫੁਲਾਂ ਦਾ ਸਿਹਰਾ ਪਾਇਆ ਹੈ। ਲੋਕੀਂ ਬੜੇ ਫਕਰ ਨਾਲ ਕਹਿ ਰਹੇ ਸਨ ਕਿ ਸਰਕਾਰ ਨੇ ਮੁਸਲਮਾਣਾਂ ਨਾਲੋਂ ਹਿੰਦੂਆਂ ਦੀ ਵੱਧ ਮਦਦ ਕੀਤੀ ਹੈ।

ਕਈ ਬਾਜ਼ਾਰਾਂ ਵਿਚੋਂ ਫਿਰਦਾ ਜਲੂਸ ਉਸ ਥਾਂ ਪੁੱਜਾ ਜਿਥੇ ਫ਼ਸਾਦ ਹੋਣ ਦਾ ਸਭ ਤੋਂ ਵਧੀਕ ਖ਼ਤਰਾ ਸੀ। ਇਹ ਪਾਸਾ ਨਿਰੋਲ ਮੁਸਲਮਾਣਾਂ ਦਾ ਸੀ ਤੇ ਇਥੇ ਹੀ ਉਹ ਵਡੀ ਮਸੀਤ ਸੀ ਜਿਥੇ ਮੌਲਵੀ ਹੋਰਾਂ ਦੇ ਇਸ਼ਾਰੇ ਦੀ ਉਡੀਕ ਵਿਚ ਗ਼ਾਜ਼ੀਆਂ ਦੇ ਕਈ ਟੋਲੇ ਬਨੇਰਿਆਂ ਤੇ ਖੜੇ ਸਨ।

ਜਲੂਸ ਮਸੀਤ ਦੇ ਬੂਹੇ ਅੱਗੋਂ ਲੰਘਣਾ ਸ਼ੁਰੂ ਹੋਇਆ। ਇਸ ਵੇਲੇ ਹਜ਼ਾਰਾਂ ਲੋਕਾਂ ਦੇ ਦਿਲ ਧੜਕ ਰਹੇ ਸਨ–ਕਈਆਂ ਦੇ ਜੋਸ਼ ਨਾਲ ਤੇ ਕਈਆਂ ਦੇ ਸਹਿਮ ਨਾਲ।

ਜਿਉਂ ਹੀ ਸ੍ਰੀ ਰਾਮ ਚੰਦਰ ਤੇ ਲਛਮਣ ਵਾਲੀ ਝਾਕੀ ਮਸੀਤ ਦੇ ਦਰਵਾਜ਼ੇ ਅੱਗੇ ਪਹੁੰਚੀ, ਗੁਲਾਬ ਦੇ ਫੁੱਲਾਂ ਦਾ ਇਕ ਵੱਡਾ ਸਾਰਾ ਸਿਹਰਾ ਘੁੰਮਦਾ ਹੋਇਆ ਮਸੀਤ ਦੀ ਛੱਤ ਤੋਂ ਆਇਆ ਤੇ ਰਾਮ ਲਛਮਣ, ਦੋਹਾਂ ਭਰਾਵਾਂ ਦੇ ਗਲਾਂ ਵਿਚ ਪੈ ਗਿਆ। ਇਸ ਕੋਮਲ ਰੱਸੇ ਨੇ ਦੁਹਾਂ ਸਿਰਾਂ ਨੂੰ ਆਪੋ ਵਿਚ ਜੋੜ ਦਿਤਾ।

ਸਾਰੀ ਭੀੜ ਦੀਆਂ ਨਜ਼ਰਾਂ ਮਸੀਤ ਦੀ ਛੱਤ ਤੇ ਗੱਡੀਆਂ ਗਈਆਂ। ਸਿਹਰਾ ਸੁੱਟਣ ਵਾਲਾ ਉਹੀ ਬੁੱਢਾ ਮੌਲਵੀ ਸੀ। ਇਸ ਤੋਂ ਛੁੱਟ ਉਸਦੀ ਝੋਲੀ ਫੁੱਲਾਂ ਨਾਲ ਭਰੀ ਹੋਈ ਸੀ ਤੇ ਉਸ ਦੇ ਬਹੁਤ ਸਾਰੇ ਸ਼ਰਧਾਲੂ, ਇਕ ਦੂਜੇ ਨੂੰ ਧਕਦੇ ਹੋਏ, ਵਿਚੋਂ ਫੁੱਲਾਂ ਦੇ ਰੁਗ ਭਰ ਭਰ ਕੇ ਸਵਾਰੀ ਉਤੇ ਸੁਟ ਰਹੇ ਸਨ।

ਇਸ ਬਾਜ਼ਾਰ ਦੀ ਧਰਤੀ, ਜਿਸ ਬਾਬਤ ਲੋਕਾਂ ਦਾ ਖਿਆਲ ਸੀ ਕਿ ਅੱਜ ਲਹੂ ਨਾਲ ਰੰਗੀ ਜਾਵੇਗੀ, ਫੁੱਲਾਂ ਨਾਲ ਰੰਗੀ ਗਈ।

ਛਤ ਤੋਂ 'ਸੀਆ ਵਰ ਰਾਮ ਚੰਦਰ ਕੀ ਜੈ ਤੇ ਜਲੂਸ ਵਿਚੋਂ 'ਅੱਲਾਹ ਅਕਬਰ' ਦੀਆਂ ਗੂੰਜਾਂ ਉਠਦੀਆਂ ਸਨ ਤੇ ਆਪੋ ਵਿਚ ਟਕਰਾ ਕੇ ਰਲ ਮਿਲ ਜਾਂਦੀਆਂ ਸਨ।

ਜਲੂਸ ਵਾਲਿਆਂ ਦੀਆਂ ਬਾਹਾਂ ਫੈਲ ਗਈਆਂ ਤੇ ਥੋੜੇ ਚਿਰ ਪਿਛੋਂ ਬਨੇਰਿਆਂ ਦੀ ਸਾਰੀ ਭੀੜ ਉਹਨਾਂ ਦੀਆਂ ਜੱਫੀਆਂ ਵਿਚ ਸੀ। ਰੱਬ ਉਹਨਾਂ ਦੇ ਸੀਨਿਆਂ ਨਾਲ ਲਗਾ ਹੋਇਆ ਸੀ ਤੇ ਨਿੱਘ ਦੇ ਕੇ ਉਹਨਾਂ ਦੇ ਜੰਮੇ ਹੋਏ ਲਹੂ ਨੂੰ ਪੰਘਾਰ ਰਿਹਾ ਸੀ।

ਲੋਕਾਂ ਨੇ ਰੱਬ ਨੂੰ ਉਸ ਦੇ ਅਸਲੀ ਰੂਪ ਵਿਚ ਵੇਖਿਆ।

–0–

## ਅਰਜ਼ੀ

"ਅਜ ਸਵੱਖਤੇ ਹੀ ਉਠ ਬੈਠਾ ਏ, ਪਾਰੋ ਦਾ ਭਾਈਆ," ਬ੍ਹਾਰੀ ਬਹੁਕਰ ਤੋਂ ਵੇਹਲੀ ਹੋ ਕੇ ਪਾਰੋ ਦੀ ਮਾਂ ਨੇ ਅੰਦਰ ਆਉਂਦਿਆਂ ਉਸ ਨੂੰ ਪੁੱਛਿਆ "ਅੱਖਾਂ ਸੁੱਜੀਆਂ ਜਾਪਦੀਆਂ ਨੇ, ਰਾਤੀਂ ਜਾਗਦਾ ਰਿਹਾ ਸੈਂ?"

"ਮੱਛਰਾਂ ਕਰਕੇ ਨੀਂਦਰ ਨਹੀਂ ਸੀ ਪਈ।" ਉਬਾਸੀ ਲੈ ਕੇ ਮੂੰਹ ਤੇ ਹਥ ਫੇਰਦਿਆਂ ਰਾਮੇ ਸ਼ਾਹ ਨੇ ਉਤਰ ਦਿੱਤਾ–"ਨਾਲੇ ਜਿੱਦਣ ਵੱਡੇ ਵੇਲੇ ਕੋਈ ਜ਼ਰੂਰੀ ਕੰਮ ਕਰਨ ਵਾਲਾ ਹੋਵੇ, ਓਦਣ ਰਾਤੀਂ ਨੀਂਦਰ ਘਟ ਈ ਪੈਂਦੀ ਏ।"

"ਕੀ ਕੰਮ ਸੀ ਏਡਾ ਜ਼ਰੂਰੀ?" ਪਾਰੋ ਦੀ ਮਾਂ ਨੇ ਤੌਖਲੇ ਨਾਲ ਪੁਛਿਆ, ਕਿਸੇ ਸਾਮੀ ਵੱਲ ਜਾਣਾ ਈਂ?"

"ਆਹੋ ਸਾਮੀ ਦਾ ਸਿਆਪਾ ਕਰਨ" ਉਸ ਨੇ ਮੱਥੇ ਤੇ ਤਿਉੜੀ ਪਾ ਕੇ ਕਿਹਾ–"ਕਚਹਿਰੀ ਜਾਣਾ ਏਂ।"

"ਕਚਹਿਰੀ?" ਪਾਰੋ ਦੀ ਮਾਂ ਘੱਟੇ ਵਾਲੇ ਹੱਥ ਝਾੜਦੀ ਹੋਈ, ਉਸ ਦੇ ਮੰਜੇ ਦੀ ਹੀ ਤੇ ਬੈਠ ਕੇ ਬੋਲੀ–"ਅੱਜ ਤਰੀਕ ਏ ਫੱਜੇ ਘੁਮਿਆਰ ਦੀ?"

"ਓਏ ਫੱਜੇ ਦਾ ਪੁਆੜਾ ਤੇ ਅਜੇ ਦੂਰ ਏ", ਰਾਮੇ ਸ਼ਾਹ ਨੇ ਖਿਝ ਕੇ ਕਿਹਾ– 'ਉਸ ਵਿਗੜੇ ਹੋਏ ਜੱਟ ਦੀ ਧੌਣ 'ਚੋਂ ਕਿੱਲਾ ਕਢਣਾ ਏਂ ਜਰਾ। ਇਹ ਜੂਠਾਂ ਰਾਸ ਆਉਂਦੀਆਂ ਨੇ ਲਿਹਾਜ਼ ਨਾਲ? ਵਿੰਗਾ ਤਕਲਾ ਜੁਤੀ ਨਾਲ ਈ ਸਿਧਾ ਹੁੰਦਾ ਏ। ਲੈਣ ਵੇਲੇ ਤੇ ਜੀਕਰ ਮੂੰਹ ਵਿਚ ਜ਼ਬਾਨ ਨਹੀਂ ਹੁੰਦੀ ਤੇ ਜਦੋਂ ਦੇਣ ਦਾ ਵੇਲਾ ਆਵੇ, ਸ਼ੀਂਹ ਖਖਰ ਹੋ ਹੋ ਪੈਂਦੇ ਨੇ। ਕਲ ਲੇਖਾ ਕਰਨ ਗਿਆ ਤੇ ਗਿਠ ਗਿਠ ਭੁਇੰ ਤੋਂ ਉਛਲ ਕੇ ਪਵੇ, ਜੀਕਣ ਬੜੇ ਕਿਸੇ ਨਵਾਬ ਦਾ ਪੁੱਤਰ ਹੁੰਦਾ ਹੈ। ਗਿਝਾ ਹੋਇਆ ਏ ਦੁੰਨੀਏ ਹਟਵਾਣੀਏ ਦਾ। ਖਾ ਪੀ ਕੇ ਮਾਰਿਆ ਮੁਛਾਂ 'ਤੇ ਹੱਥ ਤੇ ਚਲ ਤੂੰ ਕੌਣ ਤੇ ਮੈਂ ਕੌਣ। ਨਾਨੀ ਨਾ ਚੇਤੇ ਕਰਾ ਦਿਤੀ ਤੇ ਆਖੀਂ! ਸਮਝਿਆ ਕੀ ਹੋਇਆ ਏ ਇਸ ਮੈਨੂੰ? ਅਖੇ ਜਾਤ ਦੀ ਕੋਹੜ ਕਿਰਲੀ ਤੇ ਛਤੀਰਾਂ ਨਾ ਜੱਫੇ।"

ਬੋਲਦਿਆਂ ਬੋਲਦਿਆਂ ਰਾਮੇਸ਼ਾਹ ਦੇ ਝੁਰੜੀਆਂ ਭਰੇ ਖਮੀਰੇ ਚਿਹਰੇ ਉਤੇ ਲਾਲੀ ਦੌੜ ਪਈ ਕਿ ਚੋਖਾ ਚਿਰ ਉਸ ਦਾ ਸਾਹ ਨਾਲ ਸਾਹ ਨਾ ਰਲਿਆ। ਏਸੇ ਹਾਲਤ ਵਿਚ ਉਸਨੇ ਕੋਲ ਪਈ ਲੰਮੀ ਨੜੀ ਵਾਲੇ ਹੁੱਕੇ ਨੂੰ ਆਪਣੇ ਵੱਲ ਮੋੜ ਕੇ ਪੂਰੇ ਜ਼ੋਰ ਨਾਲ ਇਕ ਸੂਟਾ ਖਿਚਿਆ। ਸ਼ਾਇਦ ਚਿਲਮ ਵਿਚ ਅੱਗ ਸੌਂ ਚੁਕੀ ਸੀ ਜਿਸ ਕਰਕੇ ਧੂੰਏਂ ਦੀ ਥਾਂ ਪਾਣੀ ਦਾ ਘੁੱਟ ਉਸਦੇ ਅੰਦਰ ਲੰਘ ਗਿਆ। ਜਿਸ ਨੇ ਖੰਘ ਹੋਰ ਵੀ ਤੇਜ਼ ਕਰ ਦਿੱਤੀ। ਨਾਲ ਹੀ ਉਥੂ ਆ ਜਾਣ ਕਰਕੇ ਅੱਖਾਂ ਵੀ ਡਲਕ ਪਈਆਂ।

"ਅਗੇ ਈ ਪਿਆ ਦਿਸਦਾ ਸੀ ਕਿ!" ਪਾਰੋ ਦੀ ਮਾਂ ਨੇ ਹਮਦਰਦੀ ਤੇ ਦਾਈਏ ਭਰੇ ਰੋਹ ਵਿਚ ਕਿਹਾ–"ਨਾ ਜੁ ਕਿਸੇ ਦੇ ਆਖੇ ਲੱਗਦਾ ਹੋਇਓਂ ਤੂੰ। ਥੋੜ੍ਹਾ ਬੋਲੀ ਸਾਂ

ਓਸ ਵੇਲੇ, ਭਈ ਨਾ ਦੇਹ ਸੂ ਬੁੱਕ ਰੁਪਈਆਂ ਦਾ ਕੱਢ ਕੇ, ਕੋਈ ਨਹੀਓਂ ਹਾਲ ਅਜ ਕੱਲ ਹੁਦਾਰ ਦੇਣ ਦਾ। ਪਰ ਤੂੰ ਤੇ ਮੈਨੂੰ ਸਮਝਿਆ ਹੋਇਆ ਵੇ ਕੁੱਤੀ। ਪਈ ਆਪੇ ਭੌਂਕ ਭੌਂਕ ਕੇ ਚੁੱਪ ਕਰ ਜਾਏਗੀ। ਛੇਕੜੇ ਓਹੀ ਗੱਲ ਹੋਈ ਕਿ ਨਾ? ਨਾ ਦੇਂਦਿਓਂ ਤੇ ਕਾਹਨੂੰ ਅਜ ਪੁਆੜਾ ਪੈਣਾ ਸੀ! ਅਖੇ ਘਰੋਂ ਘਰ ਗੁਆਣਾ ਤੇ ਬਾਹਰੋਂ ਭੜੂਆ ਅਖਵਾਣਾ। ਉੱਤੋਂ ਬੰਦਾ ਮਾਰਿਆ ਅਜਕਲ ਪੈਸਾ ਨਹੀਂ ਲਭਦਾ। ਅਰਜ਼ੀਆਂ ਪਾ ਪਾ ਕੇ ਅਗੇ ਥੋੜ੍ਹੀਆਂ ਖੱਟੀਆਂ ਖੱਟ ਲਈਆਂ ਈ? ਮੁਖਤ ਦਾ ਸਗੋਂ ਜੱਟਾਂ ਨਾਲ ਵੈਰ ਵਿਹਾਝਣਾ।"

ਹੁੱਕੇ ਤੋਂ ਚਿਲਮ ਲਾਹ ਕੇ ਸੰਗਲੀ ਬੰਨੀ ਚਿਮਟੀ ਨਾਲ ਉਸ ਵਿਚੋਂ ਅੱਗ ਦੀ ਕੋਈ ਅੰਗਾਰੀ ਟੋਲਦਾ ਹੋਇਆ ਰਾਮੇ ਸ਼ਾਹ, ਔਖੇ ਔਖੇ ਸਾਹ ਨਾਲ ਬੋਲਿਆ, "ਓ ਕਲੈਹਣੀਏਂ, ਤੂੰ ਹਰ ਕੰਮ ਵਿਚ ਨਨਾ ਨਾ ਪਾਇਆ ਕਰ। ਜਿਸ ਕੰਮ ਵਿਚ, ਕਲਜੀਭੀਏ, ਨਾਂਹ ਪਾ ਦੇਨੀ ਏਂ, ਉਹ ਕਦੇ ਸਿਰੇ ਨਹੀਂ ਚੜ੍ਹਿਆ। ਆਢਾ ਨਾ ਲਾ ਵਡੇ ਵੇਲੇ ਸਵੇਲੇ। ਲਿਆ ਲੱਸੀ ਦਾ ਛੰਨਾਂ ਤੇ ਰਾਤ ਦੀ ਕੋਈ ਬਚੀ ਖੁਚੀ ਰੋਟੀ ਹੈਗੀ ਆ ਤੇ। ਮੈਨੂੰ ਕਚਹਿਰੀ ਨੂੰ ਅਵੇਰਾ ਹੋ ਜਾਏਗਾ। ਪੰਜ ਕੋਹ ਪੈਂਡਾ ਏ, ਮਸੀ ਕਿਤੇ ਵੇਲੇ ਸਿਰ ਅਪੜਾਂਗਾ।

"ਮੈਂ ਆਹਨੀ ਆ," ਮੰਜੇ ਤੋਂ ਉਠਦੀ ਹੋਈ ਪਾਰੋ ਦੀ ਮਾਂ ਘੁਰਕੀ–"ਤੈਨੂੰ ਹੋ ਕੀ ਗਿਆ ਵੇ, ਪਾਰੋ ਦੇ ਭਾਈਆ? ਸਿਧੀ ਗਲ ਕਰੋ ਤਾਂ ਵੀ ਪੁਠਾ ਪੈਨਾ ਏ। ਨਹੀਂ ਤੈਨੂੰ ਮੇਰੀ ਗੱਲ ਸੁਖਾਂਦੀ ਤੇ ਨਾ ਆਖਿਆ ਕਰਾਂਗੀ। ਮੇਰੇ ਵੱਲੋਂ ਲੁਟਾਈ ਜਾਹ ਬੇਸ਼ਕ ਦੋਹੀਂ ਹੱਥੀਂ, ਮੈਨੂੰ ਕੀ ਏ! ਭਲੇ ਦੀ ਗਲ ਆਖੋ ਤਾਂ ਵੀ ਡਹਿ ਪੈਨਾ ਏਂ ਲਾਲੀਆਂ ਤਾੜਨ।"

"ਓ ਰੱਬ ਦੀਏ ਮਾਰੀਏ," ਓਸੇ ਤਰ੍ਹਾਂ ਠੰਢੀ ਚਿਲਮ ਵਿਚ ਚਿਮਟੀ ਫੇਰਦਾ ਹੋਇਆ ਰਾਮੇ ਸ਼ਾਹ ਬੋਲਿਆ–"ਜਾਏਂਗੀ, ਇਥੋਂ ਕਿ ਸੁਣੇਗੀ ਮੇਰੇ ਮੂੰਹੋਂ ਕੁਝ ਹੋਰ? ਕੁਪੱਤੀ ਨਾ ਹੋਵੇ ਤੇ।"

"ਮੇਰੀ ਜੁੱਤੀ ਤੋਂ....ਮੈਨੂੰ ਕੀ ਪਈ ਏ....ਤੇਰੇ ਨਾਲ ਜਿੰਨੀ ਹੋਵੇ ਥੋੜੀ ਏ....ਹੋਰ ਦੇ ਕੱਢ ਕੱਢ ਕੇ ਥੈਲੀਆਂ......" ਬੁੜਬੜਾਂਦੀ ਹੋਈ ਪਾਰੋ ਦੀ ਮਾਂ ਬਾਹਰ ਚਲੀ ਗਈ।

ਏਧਰ ਰਾਮੇ ਸ਼ਾਹ ਦੂਹਰੇ ਨਹੀਂ, ਤੀਹਰੇ ਗੁੱਸੇ ਨਾਲ ਤਪ ਰਿਹਾ ਸੀ। ਇਕ ਸਾਮੀ ਦੀ ਕਲ ਵਾਲੀ ਬਦਸਲੂਕੀ, ਦੂਜਾ ਉਠਦਿਆਂ ਹੀ ਪਾਰੋ ਦੀ ਮਾਂ ਦਾ ਕਲੇਸ਼ ਤੇ ਤੀਜਾ ਚਿਲਮ ਦੀ ਬੇਵਫ਼ਾਈ, ਜਿਸ ਵਿਚ ਅਜੇ ਪੌਣਾ ਘੰਟਾ ਨਹੀਂ ਹੋਇਆ ਉਸਨੇ ਤਮਾਕੂ ਪਾਇਆ ਸੀ, ਤੇ ਹੁਣ ਉਸ ਵਿਚ ਨਾ ਤਮਾਕੂ ਸੀ ਨਾ ਅੱਗ। ਉਸ ਦੇ ਦਿਲ ਵਾਂਗ ਇਹ ਧੁਖਦੀ ਧੁਖਦੀ ਪਤਾ ਨਹੀਂ ਕਿਹੜੇ ਵੇਲੇ ਸੁਆਹ ਹੋ ਗਈ ਸੀ।

ਏਨੇ ਨੂੰ ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦੀ ਮੈਲੇ ਜਿਹੇ ਕੱਪੜੇ ਪਾਈ ਇਕ ਕੁੜੀ ਲੱਸੀ ਦਾ ਛੰਨਾ ਅਤੇ ਦੋ ਬਹੀਆਂ ਰੋਟੀਆਂ ਲੈ ਕੇ ਆਈ।

"ਲੈ ਜਾ ਪਰੇ, ਜਾ ਕੇ ਮਾਰ ਸੂ ਮੱਥੇ ਨਾਲ," ਕਹਿੰਦਿਆਂ ਹੋਇਆਂ ਰਾਮੇ ਸ਼ਾਹ ਨੇ ਚਿਲਮ ਉਸ ਵੱਲ ਕਰਕੇ ਕਿਹਾ–"ਜਾਹ ਔਥੋ ਰਤਾ ਤਮਾਕੂੰ ਪਾਹ ਕੇ ਅੱਗ ਦੇ ਦੋ ਕੋਲੇ ਧਰ ਲਿਆ।"

ਪਿਉ ਦੀ ਭਬਕ ਸੁਣ ਕੇ ਪਾਰੋ, ਬਿਨਾਂ ਹੋਰ ਕੁਝ ਕਿਹਾਂ, ਇਕ ਹਥ ਵਿਚ ਚਿਲਮ ਤੇ ਦੂਜੇ ਵਿਚ ਰੋਟੀਆਂ ਤੇ ਛੰਨਾਂ ਲਈ ਵਾਪਸ ਮੁੜੀ। ਉਹ ਅਜੇ ਦਲ੍ਹੀਜਾ ਤਕ ਹੀ ਪਹੁੰਚੀ ਸੀ ਕਿ ਮਗਰੋਂ ਰਾਮੇ ਸ਼ਾਹ ਨੇ ਅਵਾਜ਼ ਦਿਤੀ, "ਲਿਆ ਫੂਕ ਫੇਰ ਉਰੇ, ਫੇਰ ਪਈ ਸੜੂੰ ਸੜੂੰ ਕਰੇਗੀ ਮਾਂ ਤੇਰੀ।"

ਅਸਲ ਵਿਚ ਇਹ ਪਾਰੋ ਦੀ ਮਾਂ ਉਤੇ ਮਿਹਰਬਾਨੀ ਨਹੀਂ ਸੀ, ਸਗੋਂ ਰਾਮੇ ਸ਼ਾਹ ਨੂੰ ਝੱਟ ਖ਼ਿਆਲ ਆ ਗਿਆ ਕਿ ਸ਼ਹਿਰ ਜਾ ਕੇ ਚਾਰ ਆਨੇ ਖ਼ਰਚਿਆਂ ਵੀ ਢਿੱਡ ਨਹੀਂ ਭਰਨਾ।

ਉਹ ਘੁੱਟ ਗਰਾਹੀ ਕਰਦਾ ਹੋਇਆ ਰੋਟੀ ਖਾ ਰਿਹਾ ਸੀ ਤੇ ਉਸ ਦੀਆਂ ਅੱਖਾਂ ਅੱਗੇ ਉਹੀ ਕੱਲ ਵਾਲਾ ਬਿਸ਼ਨਾ ਜੱਟ ਫਿਰ ਰਿਹਾ ਸੀ। ਉਸ ਦੇ ਕੰਨਾਂ ਵਿਚ ਜੱਟ ਦੀ ਉਹ ਕੜਕਵੀਂ ਆਵਾਜ਼ ਅਜੇ ਤੱਕ ਗੂੰਜ ਰਹੀ ਸੀ, ਭੱਜ ਜਾ ਏਥੋਂ ਨਹੀਂ ਤੇ ਵਹੀ ਪਾੜ ਕੇ ਛੱਪੜ ਵਿਚ ਸੁੱਟ ਦਊਂਗਾ ਈ। ਗਰਾਹੀ ਉਸ ਦੇ ਸੰਘ ਵਿਚ ਫਸ ਗਈ, ਜਿਸ ਨੂੰ ਲੱਸੀ ਦਾ ਵੱਡਾ ਸਾਰਾ ਘੁੱਟ ਭਰ ਕੇ ਲੰਘਾਦਾ ਹੋਇਆ ਉਹ ਸੋਚਣ ਲੱਗਾ, 'ਜੇ ਭੜੂਆ ਸੱਚ ਮੁੱਚ ਹੀ ਵਹੀ ਮੇਰੇ ਕੋਲੋਂ ਖੋਹ ਕੇ ਨਾਲ ਦੇ ਛੱਪੜ ਵਿਚ ਸੁੱਟ ਛੱਡਦਾ ਤਾਂ ਕੀ ਬਣਦਾ? ਸਾਰੀ ਉਮਰ ਦੀ ਖੱਟੀ ਉਸ ਬਦਮਾਸ਼ ਦੇ ਇਕੋ ਝਟਕੇ ਨਾਲ ਬਰਬਾਦ ਹੋ ਜਾਂਦੀ। ਕਿੰਨਾ ਨੁਕਸਾਨ ਹੁੰਦਾ।....ਦਿਆਲਾ ਲੰਬਰਦਾਰ ਸਾਢੇ ਪੰਜ ਸੌ....ਕਰਮ ਸਿੰਘ ਮਾਦੋਕਿਆਂ ਦਾ-ਚਾਰ ਸੌ...ਬਾਵਾ ਸੁੰਹ ਸੇਂਦੇ ਦਾ...ਢਾਈ ਸੌ......ਰਣ ਸਿੰਘ...ਕਰਮਾ ਲੁਹਾਰ.....ਦਾਦੂ ਤੇਲੀ....ਬਿੱਲਾ ਰੁਲੀਏ ਦਾ, ਜੈਲਾ ਉਮਰੇ ਦਾ ਤੇ ਬਾਕੀ ਨਿਕ ਪਰਚੂਨ.....ਸਾਰਾ ਰਲਾ ਮਿਲਾ ਕੇ ਤਿੰਨ ਸਾਢੇ ਤਿੰਨ ਹਜ਼ਾਰ।'

"ਲੈ ਭਾਈਆ," ਪਾਰੋ ਨੇ ਚਿਲਮ ਹੁੱਕੇ ਤੇ ਰੱਖ ਕੇ ਕਿਹਾ।

ਛੰਨੇ ਦਾ ਛੇਕੜਲਾ ਘੁੱਟ ਖਤਮ ਕਰ ਕੇ ਰਾਮੇ ਸ਼ਾਹ ਨੇ ਹੁਕੇ ਵਲ ਮੂੰਹ ਮੋੜਿਆ। ਥੋੜੇ ਚਿਰ ਵਿਚ ਕੋਠੜੀ ਧੂੰਏ ਨਾਲ ਭਰ ਗਈ। ਏਸ ਧੁੰਦਲੇ ਜਿਹੇ ਬਦਲ ਵਿਚ ਉਸ ਨੂੰ ਪੌਣੇ ਤਿੰਨ ਸੌ ਦੀ ਰਕਮ, ਕੁਝ ਨੋਟਾਂ ਦੇ ਰੂਪ ਵਿਚ ਤੇ ਕੁਝ ਚਾਂਦੀ ਦੇ ਸਿੱਕਿਆਂ ਦੇ ਰੂਪ ਵਿਚ ਭੌਂ ਦੀ ਦਿਸਦੀ ਸੀ। ਕਦੀ ਉਹ ਉਸਦੇ ਨੇੜੇ ਆ ਜਾਂਦੀ ਅਤੇ ਕਦੀ ਦੂਰ ਹੁੰਦੀ ਹੁੰਦੀ ਧੂੰਏਂ ਵਿਚ ਅਲੋਪ ਹੋ ਜਾਂਦੀ।

ਵਹੀ ਨੂੰ ਚਾਦਰ ਦੀ ਕੰਨੀਂ ਬੰਨ ਕੇ ਜਦ ਉਹ ਆਪਣੀ ਪੱਕੀ ਹਵੇਲੀ ਦੀ ਡਿਉਢੀ ਕੋਲ ਪੁਜਾ ਤਾਂ ਮਹੀ ਦੀ ਖੁਰਲੀ ਉਤੇ ਸੱਜੀ ਲੱਤ ਟਿਕਾ ਕੇ ਉਸ ਨੇ ਇਕ ਵਾਰੀ ਫੇਰ ਵਹੀ ਖੋਲ੍ਹੀ ਤੇ ਬਿਸ਼ਨੇ ਜੱਟ ਵਾਲਾ ਪੰਨਾ ਕੱਢ ਕੇ ਚੰਗੀ ਤਰ੍ਹਾਂ ਵੇਖਣ ਲੱਗਾ। ਡੇਢ ਸੌ ਦੀ ਰਕਮ ਉਤੇ ਅੰਗੂਠੇ ਦਾ ਨਿਸ਼ਾਨ ਬਿਲਕੁਲ ਠੀਕ ਸੀ। ਹੇਠਾਂ ਕਿਰਪਾ ਸਿੰਘ ਤੇ ਜੁਆਲਾ ਸਿੰਘ ਦੀਆਂ ਗਵਾਹੀਆਂ ਵੀ ਜਿਉਂ ਦੀਆਂ ਤਿਉਂ ਸਨ। ਕੁਝ ਵੀ ਗੁਆਚਾ ਨਹੀਂ ਸੀ। ਵਿਆਜ ਦਾ ਵੀ ਪੂਰਾ ਇਕ ਸੌ ਪੈਂਤੀ ਬਣਦਾ ਸੀ, ਪਰ ਰਾਮੇ ਸ਼ਾਹ ਨੂੰ ਰਹਿ ਰਹਿ ਕੇ ਭਰਮ ਪੈਂਦਾ ਕਿ ਇਹ ਗੂੜ੍ਹੀ ਸ਼ਾਹੀ ਦੇ ਮੋਟੇ ਅੱਖਰ ਮਿੱਟ ਨਾ ਗਏ ਹੋਣ ਜਾਂ ਹਾਕਮ ਕੋਲੋਂ ਪੜ੍ਹੇ ਈ ਨਾ ਜਾਣ। ਜਾਂ ਹੋਰ ਕੋਈ ਕਾਨੂੰਨੀ ਗਲਤੀ ਨਾ ਰਹਿ ਹੋਵੇ ਜਿਸ ਕਰਕੇ ਇੱਜਰਾ ਡਿਗਰੀ ਮਿਲਣ ਵਿਚ ਢਿੱਲ ਮੱਠ ਪੈ ਜਾਵੇ।

ਪਿੰਡੋਂ ਬਾਹਰ ਨਿੱਕਲ ਕੇ ਜਦ ਉਹ ਸੜਕ ਤੇ ਪੁਜਾ ਤਾਂ ਮਗਰੋਂ ਧੜ ਧੜ ਕਰਦਾ ਇਕ ਟਾਂਗਾ ਉਸ ਦੇ ਕੋਲ ਆ ਕੇ ਰੁਕਿਆ। ਕੋਚਵਾਨ ਨੇ ਆਵਾਜ਼ ਦਿਤੀ,"ਛਾਹ ਜੀ ਬਹਿ ਜਾਉ ਜਿਲੇ ਚਲਣਾ ਜੇ ਤਾਂ!"

ਰਾਮੇ ਸ਼ਾਹ ਨੇ ਪਿਛਾਂਹ ਪਰਤ ਕੇ ਟਾਂਗੇ ਵੱਲ ਤੱਕਿਆ। ਟਾਂਗੇ ਦੀਆਂ ਪਾਟੀਆਂ ਹੋਈਆਂ ਟਾਟ ਦੀਆਂ ਗੱਦੀਆਂ ਵਿਚੋਂ ਪਰਾਲੀ ਬਾਹਰ ਨਿਕਲੀ ਹੋਈ ਸੀ ਅਤੇ ਢੋ ਦਾ ਇਕ ਸਿਰਾ ਆਪਣੀ ਥਾਂ ਤੋਂ ਉੱਖੜ ਕੇ ਇਕ ਬੰਨੇ ਉਲਰਿਆ ਹੋਇਆ ਸੀ। ਘੋੜੇ ਦਾ ਕਦ ਟਾਂਗੇ ਨਾਲੋਂ ਦੋ ਢਾਈ ਫੁਟ ਉੱਚਾ ਸੀ, ਜਿਸ ਦੀ ਖਲੜੀ ਦਾ ਚੋਖਾ ਹਿਸਾ ਛਿਲਿਆ ਹੋਇਆ ਹੋਣ ਕਰਕੇ ਹਜ਼ਾਰਾਂ ਮੱਖੀਆਂ ਉਥੇ ਭਿਣਕ ਰਹੀਆਂ ਸਨ। ਮਖੀਆਂ ਉਡਾਣ ਲਈ ਘੋੜਾ ਜਿੰਨੀ ਵਾਰੀ ਪੂਛਲ ਚੁਕ ਕੇ ਫੇਰਦਾ, ਉਨੀ ਵਾਰੀ ਹੀ ਅਗਲੀ ਸੀਟ 'ਤੇ ਬੈਠੀ ਹੋਈ ਇਕ ਬੁਰਕੇ ਵਾਲੀ ਸਵਾਰੀ ਤ੍ਰਭਕ ਕੇ ਪਿਛਾਂਹ ਹੋ ਜਾਂਦੀ ਕਿ ਗੰਦੀ ਪੂਛਲ ਉਸਦਾ ਬੁਰਕਾ ਨਾ ਲਬੇੜ ਸੁੱਟੇ। ਘੋੜੇ ਦਾ ਢਾਂਚਾ ਵੇਖ ਕੇ ਏਹੋ ਲਗਦਾ ਸੀ ਕਿ ਉਸ ਦੀ ਖਾਧੀ ਹੋਈ ਖੁਰਾਕ ਉਸਦੇ ਮਾਸ ਦੀ ਥਾਂ ਉਸ ਦੀਆਂ ਹੱਡੀਆਂ ਨੂੰ ਹੀ ਵਧਾ ਫੁਲਾ

ਰਹੀ ਸੀ। ਪਿਛਲੀਆਂ ਸੀਟਾਂ 'ਤੇ ਬੈਠੇ ਦੋ ਜੱਟ ਹੱਥਾਂ ਨਾਲ ਭੰਨ ਭੰਨ ਕੇ ਖਰਬੂਜੇ ਖਾ ਰਹੇ ਸਨ, ਜਿਨ੍ਹਾਂ ਦੀਆਂ ਸੁੱਟੀਆਂ ਹੋਈਆਂ ਛਿੱਲਾਂ ਨੂੰ ਇਕ ਲੁੰਡੀ ਪੂਛਲ ਵਾਲੀ ਬੱਕਰੀ ਨਾਲੋਂ ਨਾਲ ਸਮੇਟੀ ਜਾ ਰਹੀ ਸੀ।

"ਕੀ ਲੈਣਾ ਈ ਬਈ ਗੱਲ ਕਰ ?" ਪੁਛਦਿਆਂ ਹੋਇਆਂ ਰਾਮੇ ਸ਼ਾਹ ਨੇ ਪਹਿਲਾਂ ਆਪਣੀ ਜੁਤੀ ਦੇ ਸੱਜੇ ਛਿੱਤਰ ਵੱਲ ਤੱਕਿਆ ਜਿਹੜਾ ਪਬ ਤੋਂ ਪਾਟਿਆ ਹੋਇਆ ਸੀ ਤੇ ਫੇਰ ਕੱਛੇ ਮਾਰੀ ਵਹੀ ਵੱਲ, ਜਿਹੜੀ ਲੱਠੇ ਦੀ ਚਾਦਰ ਦੀਆਂ ਕਈ ਤੈਹਾਂ ਵਿਚ ਲਪੇਟੀ ਹੋਈ ਸੀ।

"ਤਿੰਨ ਆਨੇ ਸ਼ਾਹ ਜੀ," ਟਾਂਗੇ ਵਾਲੇ ਨੇ ਗਲ ਵਿਚ ਪਈ ਪਗੜੀ ਨੂੰ ਠੀਕ ਕਰਦਿਆਂ ਹੋਇਆਂ ਕਿਹਾ–"ਪੁੱਛ ਲੈ ਨਾਲ ਦੀਆਂ ਸਵਾਰੀਆਂ ਨੂੰ, ਤੁਹਾਡੇ ਕੋਲੋਂ ਕੋਈ ਵੱਧ ਲੈ ਲੈਣੇ ਨੇ!" ਉਸ ਨੇ ਆਸ ਭਰੀ ਨਜ਼ਰ ਨਾਲ ਸ਼ਾਹ ਵਲ ਤੱਕਿਆ।

"ਹੋਖਾਂ!" ਰਾਮੇ ਸ਼ਾਹ ਨੇ ਧੋਤੀ ਦੇ ਵਧਵੇਂ ਲੜ ਤੋਂ ਘੱਟਾ ਝਾੜਦਿਆਂ ਕਿਹਾ, "ਤਿੰਨ ਆਨੇ  ਨਾ ਤਿੰਨ ਆਨੇ। ਬੜੀ ਦੂਰ ਏ ਜਿਕਣ ਕਚਹਿਰੀ।"

ਪਿਛਲੀ ਸੀਟ ਉਤੇ ਬੈਠੀਆਂ ਦੋਹਾਂ ਸਵਾਰੀਆਂ ਵਿਚੋਂ ਇਕ ਨੇ ਕਿਹਾ, "ਬਹਿ ਜਾਓ ਸ਼ਾਹ ਜੀ। ਕੜਕਦੀ ਦੁਪਹਿਰੀਂ ਕਿਥੇ ਘੱਟਾ ਫੱਕਦੇ ਜਾਓਗੇ, ਬਹਿ ਜਾਓ।"

"ਸ਼ਾਹ ਜੀ," ਕੋਚਵਾਨ ਨੇ ਟਾਂਗੇ ਤੋਂ ਉਤਰ ਕੇ ਘੋੜੇ ਦੇ ਤੰਗ ਨੂੰ, ਜਿਹੜਾ ਇਕ ਨੀਲੇ ਢਿਲਕਵੇ ਸਾਫੇ ਨਾਲ ਬੰਨਿਆ ਹੋਇਆ ਸੀ, ਕੱਸਦਿਆਂ ਹੋਇਆਂ ਕਿਹਾ, ਪੰਜ ਕੋਹ ਪੱਕਾ ਪੈਂਡਾ ਏ ਸ਼ਾਹ ਜੀ, ਉਤੋਂ ਗਰਮੀ ਨਾਲ ਕਾਂ ਦੀ ਅੱਖ ਨਿਕਲਦੀ ਏ। ਬਹੁਤੇ ਤੇ ਨਹੀਂ ਤਿੰਨ ਆਨੇ।"

"ਪੰਜ ਕੋਹ, ਬਲੇ ਓਏ", ਸ਼ਾਹ ਨੇ ਚੱਦਰ ਦੀ ਕੰਨੀ ਨਾਲ ਮੂੰਹ ਤੋਂ ਮੁੜਕਾ ਪੂੰਝਦਿਆਂ ਹੋਇਆਂ ਕਿਹਾ–"ਵਾਜ ਮਾਰੀ ਕਚਹਿਰੀ ਅੱਪੜ ਪੈਂਦੀ ਏ, ਪੰਜ ਕੋਹ!" ਤੇ ਉਹ ਸੜਕੇ ਸੜਕ ਤੁਰ ਪਿਆ।

"ਹਛਾ ਢਾਈ ਆਨੇ ਦੇਹ ਦੇਣੇ," ਕੋਚਵਾਨ ਨੇ ਪਿਛੋਂ ਆਵਾਜ਼ ਦਿੱਤੀ।"

"ਛੀ ਪੈਸੇ, ਛੀ ਪੈਸੇ," ਬਿਨਾਂ ਟਾਂਗੇ ਵੱਲ ਤਕਿਆ ਸ਼ਾਹ ਨੇ ਕਿਹਾ ਤੇ ਮੂੰਹ ਧਿਆਨਾ ਟੁਰਿਆ ਗਿਆ। ਅਧੇ ਕੁ ਫਰਲਾਂਗ 'ਤੇ ਜਾ ਕੇ ਉਸ ਨੇ ਇਕ ਦੋ ਵਾਰੀ ਫਿਰ ਪਿਛਾਂਹ ਵੱਲ ਤੱਕਿਆ ਕਿ ਸ਼ਾਇਦ ਟਾਂਗੇ ਵਾਲਾ ਆਵਾਜ਼ ਮਾਰ ਲਵੇ, ਪਰ ਟਾਂਗੇ ਵਾਲਾ ਸਮਝ ਚੁੱਕਾ ਸੀ ਕਿ ਸ਼ਾਹ ਨੇ ਪੈਸੇ ਨਹੀਂ ਖਰਚਣੇ।

ਟੁਰੇ ਜਾਂਦਿਆਂ ਸ਼ਾਹ ਨੂੰ ਇਕ ਵਾਰੀ ਫਿਰ ਖਿਆਲ ਆਇਆ–"ਦੋ ਆਨੇ ਖ਼ਬਰੇ ਮੰਨ ਲੈਂਦਾ, ਪਰ ਪਿਛੇ ਮੁੜਨਾ ਅਤੇ ਮੁੜ ਟਾਂਗੇ ਵਾਲੇ ਨੂੰ ਕੁਝ ਕਹਿਣਾ ਉਸ ਨੂੰ ਆਪਣੀ ਹਤਕ ਜਾਪੀ। ਫਿਰ ਇਸ ਗੱਲ ਦਾ ਵੀ ਕੀ ਭਰੋਸਾ ਸੀ ਕਿ ਉਹ ਦੋ ਆਨੇ ਮੰਨ ਲਵੇਗਾ ? ਦੋਬਾਰਾ ਆਉਂਦਿਆਂ ਵੇਖ ਕੇ ਤਾਂ ਉਸ ਨੇ ਸਗੋਂ ਭੂਏ ਹੋ ਜਾਣਾ ਹੈ। ਚਲੋ ਛਡੋ ਪਰੇ। ਢਾਈ ਆਨੇ ਆਖ਼ਿਰ ਕਿਸ ਗੱਲ ਦੇ ਢਾਈ ਆਨੇ ? ਸਹਿਜ ਭਾ ਨਾਲ ਤੁਰਿਆ ਜਾਵਾਂ ਤਾਂ ਵੀ ਡੂਢ ਦੋ ਘੰਟਿਆਂ ਵਿਚ ਪਹੁੰਚ ਜਾਵਾਂਗਾ। ਪਹੁੰਚਣਾ ਤੇ ਕਚਹਿਰੀ ਈ ਏ ਨਾ। ਹੁਣ ਵਜੇ ਹੋਣੇ ਨੇ ਅੱਠ। ਦੱਸ ਵਜੇ ਤੋਂ ਪਹਿਲਾਂ ਜਾ ਅਪੜਾਂਗਾ। ਤੇ ਟਾਂਗਾ ਵੀ ਕਿਹੜਾ ਕਿਤੇ ਮੋਟਰ ਕਾਰ ਏ। ਫੇਰ ਕਚੀ ਸੜਕ ਦਾ ਰਸਤਾ, ਲਕ ਲਕ ਤਕ ਡੂੰਘੀਆਂ ਲੀਹਾਂ। ਰਬ ਨਾ ਕਰਾਏ ਜੇ ਕਿਤੇ ਲੀਹ ਵਿਚ ਫਸ ਕਿ ਡਿਗ ਜਾਵੇ ਤਾਂ ਜਾਨ ਨੂੰ ਖ਼ਤਰਾ। ਟਕੇ ਚਾਲ ਢਿਚਕੂੰ ਢਿਚਕੂੰ ਕਦੇ ਉਲਾਰ ਕੇ ਦੋ ਗਜ਼ ਸੱਜੇ ਤੇ ਕਦੇ ਤਿੰਨ ਗਜ਼ ਖੱਬੇ। ਫਿਰ ਦਸ ਪੈਸੇ! ਨਾਉ ਲੈਣਾ ਸੁਖਾਲਾ ਏ। ਪਾਰੋ ਦੀ ਮਾਂ ਝੂਠ ਥੋੜ੍ਹਾਂ ਆਂਹਦੀ ਸੀ, ਅਖੇ ਅੱਜ ਕਲ ਬੰਦਾ ਮਾਰਿਆ ਪੈਸਾ ਨਹੀਂ ਲੱਭਦਾ। ਏਸ ਵਿਚ ਝੂਠ ਕੀ

ਏ? ਪਤਾ ਤੇ ਉਸ ਨੂੰ ਲਗਦਾ ਏ ਜਿਨੂੰ ਹਡ ਭੰਨ ਕੇ ਕਮਾਣੌ ਪੈਂਦੇ ਨੇ। ਇਹਨਾਂ ਜੱਟਾਂ ਦਾ ਕੀ ਏ ਇਕ ਦਾਣਾ ਬੀਜਿਆ ਤੇ ਸੌ ਦਾਣੇ ਵਢ ਲਏ। ਅਖੇ ਬੈਠ ਜਾਓ, ਸ਼ਾਹ ਜੀ ਬੈਠ ਜਾਓ। ਅਕਲ ਦਾ ਮੌਤ।"

ਇਹਨਾਂ ਹੀ ਖ਼ਿਆਲਾਂ ਵਿਚ ਮੂੰਹ ਧਿਆਨ ਟੁਰੇ ਜਾਂਦਿਆਂ ਅਚਾਨਕ ਸ਼ਾਹ ਨੂੰ ਪੱਥਰ ਦਾ ਠੇਡਾ ਲੱਗਾ ਤੇ ਜੁਤੀ ਦਾ ਪੱਬ ਹੋਰ ਥੋੜ੍ਹਾ ਜਿਹਾ ਪਾਟ ਗਿਆ। ਪੈਰ ਦਾ ਅੰਗੂਠਾ ਤੇ ਦੋ ਉਂਗਲਾਂ ਜੁਤੀ ਚੋਂ ਬਾਹਰ ਨਿਕਲ ਆਈਆਂ। ਨਾਲ ਹੀ ਠੋਕਰ ਨਾਲ ਲਹੂ ਵੀ ਸਿੰਮ ਪਿਆ।

"ਕੋਈ ਹਰਜ਼ ਨਹੀਂ ਐਹ ਬੂਹੇ 'ਤੇ ਕਚਹਿਰੀ ਏ" ਏਸੇ ਤਰ੍ਹਾਂ ਦਿਲ ਨੂੰ ਢਾਰਸ ਦੇਂਦਾ ਹੋਇਆ ਰਾਮੇ ਸ਼ਾਹ ਟੁਰਿਆ ਜਾ ਰਿਹਾ ਸੀ। ਕੱਛੇ ਮਾਰੀ ਹੋਈ ਚਾਦਰ ਮੁੜ੍ਹਕੇ ਨਾਲ ਭਿੱਜਣ ਲੱਗੀ। ਵਹੀ ਭਾਵੇਂ ਕਈਆਂ ਤੈਆਂ ਵਿਚ ਲਪੇਟੀ ਹੋਈ ਸੀ, ਪਰ ਸ਼ਾਹ ਨੂੰ ਡਰ ਸੀ ਕਿ ਮੁੜ੍ਹਕਾ ਉਸ ਦੇ ਵਰਕਿਆਂ ਤਕ ਨਾ ਜਾ ਪੁਜੇ। ਉਸ ਨੇ ਚੱਦਰ ਦੀ ਗੰਢ ਕਛ ਹੇਠੋਂ ਕੱਢ ਕੇ ਮੋਢੇ ਤੇ ਰੱਖ ਲਈ।

ਮੀਲ ਸਵਾ ਮੀਲ ਤੱਕ ਰਾਮੇ ਸ਼ਾਹ ਬਰਾਬਰ ਪਿਛੇ ਮੁੜ ਮੁੜ ਕੇ ਵੇਖਦਾ ਗਿਆ ਅਤੇ ਉਸਦੇ ਕੰਨ ਬਰਾਬਰ ਟਾਂਗੇ ਦੀ ਖੜ ਖੜ ਨੂੰ ਉਡੀਕਦੇ ਰਹੇ। ਹੋ ਸਕਦਾ ਹੈ ਉਸ ਨੂੰ ਸਵਾਰ ਹੋਣ ਦਾ ਵੀ ਖ਼ਿਆਲ ਹੋਵੇ, ਪਰ ਏਦੂੰ ਬਹੁਤਾ ਖ਼ਿਆਲ ਉਸ ਨੂੰ ਏਸ ਗਲ ਦੀ ਸੀ ਕਿ ਟਾਂਗਾ ਜੇ ਪਹਿਲਾਂ ਕਚਹਿਰੀ ਪਹੁੰਚ ਗਿਆ ਤਾਂ ਇਹ ਉਸਦੀ ਹੇਠੀ ਦਾ ਕਾਰਨ ਹੋਵੇਗਾ।

ਉਹ ਤੇਜ਼ ਤੇਜ਼ ਕਦਮ ਸੁਟਦਾ ਟੁਰਿਆ ਜਾ ਰਿਹਾ ਸੀ ਤੇ ਟਾਂਗੇ ਦੀ ਥਾਂ ਉਸ ਦੇ ਦਿਮਾਗ ਵਿਚ ਬਿਸ਼ਨਾ ਜੱਟ ਫਿਰ ਰਿਹਾ ਸੀ, ਅਥਵਾ ਬਿਸ਼ਨੇ ਜੱਟ ਬਾਬਤ ਕੁਝ ਢਹਿੰਦੇ ਜੇਹੇ ਵਿਚਾਰ-"ਅਰਜ਼ੀ ਪਾਣੀ ਵੀ ਕਿਹੜੀ ਸੁਖਾਲੀ ਏ। ਦਾੜ੍ਹੀ ਨਾਲੋਂ ਮੁੱਛਾਂ ਵਧ ਜਾਂਦੀਆਂ ਨੇ। ਪੌਣੇ ਤਿੰਨ ਸੌ ਦੀ ਡਿਗਰੀ ਲੈਂਦਿਆਂ ਤੀਕ ਸੌ ਸਵਾ ਸੌ ਤੇ ਖ਼ਰਚ ਹੋ ਜਾਣਾ ਏ ਤੇ ਖ਼ਬਰੇ ਕਿੰਨੀਆਂ ਕੁ ਪੇਸ਼ੀਆਂ ਭੁਗਤਣੀਆਂ ਪੈਣ। ਅਗੋਂ ਮੁਕੱਦਮਾ ਹੋਇਆ ਦੀਵਾਨੀ। ਦੀਵਾਨੀ ਤਾਂ ਸੱਚਮੁੱਚ ਲਹਿਣੇਦਾਰਾਂ ਨੂੰ ਦੀਵਾਨਾ ਕਰ ਛੱਡਦੀ ਏ। ਉਤੋਂ ਅੱਜ ਕੱਲ੍ਹ ਦਾ ਕਾਨੂੰਨ ਹੋਇਆ ਜੱਟਾਂ ਦੇ ਹਕ ਵਿਚ। ਨਾ ਕੈਦ ਕਰ ਸਕਣਾ ਹੋਇਆ, ਨਾ ਜ਼ਮੀਨ ਕੁਕਰ ਹੋ ਸਕਦੀ ਹੋਈ। ਤੇ ਵਸੂਲ ਕੀ ਹੋਣਾ ਹੋਇਆ, ਮਿੱਟੀ ਤੇ ਸੁਆਹ! ਘਰ ਦੇ ਚਾਰ ਭਾਂਡੇ, ਉਹ ਵੀ ਕਿਸਮਤ ਨਾਲ! ਤੇ ਉਮਰਾ ਦਾ ਵੈਰ ਵਿਹਾਜ ਲੈਣਾ ਵੱਖਰਾ। ਸੋ ਬੰਦਾ ਕਰੇ ਤਾਂ ਕੀ ਕਰੇ। ਕੇਡੀ ਖੁੰਝ ਹੋ ਗਈ। ਕਰਮਾਂ ਦੀ ਮਾਰ। ਜੇਕਰ ਉਸ ਵੇਲੇ ਪਾਰੋ ਦੀ ਮਾਂ ਦੇ ਆਖੇ ਲੱਗ ਪੈਂਦਾ ਤਾਂ ਅੱਜ ਕਾਹਨੂੰ ਖੱਜਲ ਹੋਣਾ ਸੀ। ਹਾਲ ਦੀ ਘੜੀ 'ਤੇ ਵਿਆਜ ਲੈਂਦੇ ਲੈਂਦੇ ਮੂਲ ਵੀ ਗੁਆ ਬੈਠੇ। ਪਰ ਕੋਈ ਗੱਲ ਨਹੀਂ। ਇਕ ਵਾਰੀ ਤਾਂ ਬਿਸ਼ਨੇ ਦੇ ਬੂਹੇ 'ਤੇ ਮੈਂ ਵੀ ਡੁੱਗੀ ਵਜਾ ਕੇ ਛੱਡਣੀ ਏ। ਵਸੂਲ ਕੁਝ ਹੋਵੇ, ਭਾਵੇਂ ਨਾ ਹੋਵੇ, ਇਜ਼ਤ ਅਬਰੋ ਤੇ ਉਸ ਦੀ ਮਿੱਟੀ ਵਿਚ ਰੋਲ ਕੇ ਛਡਾਂਗਾ।"

ਖੜ ਖੜ ਦੀ ਆਵਾਜ਼ ਅਤੇ ਘੱਟੇ ਦੇ ਇਕ ਗੁਬਾਰ ਨੇ ਰਾਮੇ ਸ਼ਾਹ ਦੀ ਵਿਚਾਰਧਾਰਾ ਤੋੜ ਦਿੱਤੀ। ਉਹੀ ਟਾਂਗਾ ਆ ਰਿਹਾ ਸੀ। ਸ਼ਾਹ ਦੋ ਦਲੀਲੀਆਂ ਵਿਚ ਪੈ ਗਿਆ-"ਬਹਿ ਜਾਵਾਂ ਕਿ ਨਾ? ਪੈਂਡਾ ਤਾਂ ਕੋਈ ਡੇਢ ਕੋਹ ਮੁਕ ਗਿਆ ਹੈ। ਕੁਲ ਢਾਈ ਤਿੰਨ ਕੁਹ ਮਸਾਂ ਬਾਕੀ ਏ। ਭਲਾ ਜੇ ਅੱਧੋ ਅੱਧ ਲੈ ਲਵੇ-ਚਾਰ ਪੰਜ ਪੈਸੇ, ਹਾਂ ਫਿਰ ਤਾਂ ਕੋਈ ਮਹਿੰਗਾ ਨਹੀਂ। ਪਰ ਇਹ ਟਾਂਗਿਆਂ ਵਾਲੇ ਬੜੇ ਕੱਬੇ ਨੇ, ਕਿੱਥੋਂ ਮੰਨਣ ਲੱਗਾ ਏ...ਪਰ ਚਲੋ ਨਹੀਂ ਮੰਨੇਗਾ ਨਾ ਸ਼ਹੀ...ਪਰ...ਪਰ ਇਹ ਜੁਤੀ ਖਸਮਾਂ ਖਾਣੀ ਨੇ ਬੜਾ ਤੰਗ ਕੀਤਾ ਏ। ਖੈਰ ਕੋਈ ਗਲ ਨਹੀਂ। ਬਹੁਤਾ ਔਖਿਆਂ ਕਰੇਗੀ, ਤੇ ਹੱਥ ਵਿਚ ਫੜ

ਲਵਾਂਗਾ। ਈਹੋ ਪੰਜ ਛੀ ਪੈਸੇ ਮੋਚੀ ਨੂੰ ਦਿਆਂਗਾ, ਜੁਤੀ ਨਵੀਂ ਨਕੋਰ ਹੋ ਜਾਏਗੀ। ਹੁਨਾਲ ਹੁਨਾਲ ਤੇ ਜਾਂਦੀ ਨਹੀਂ, ਸਿਆਲ ਨੂੰ ਸੁੱਖ ਰਹੀ ਤੇ ਫਿਰ ਵੇਖੀ ਜਾਏਗੀ।"

ਏਨੇ ਨੂੰ ਪਿੱਛੋਂ ਆਵਾਜ਼ ਆਈ-'ਬਹਿ ਜਾਓ ਸ਼ਾਹ ਜੀ, ਬਹਿ ਜਾਓ। ਕਿਉਂ ਔਖੇ ਹੁੰਦੇ ਜੇ ਕਿਨਾਰੇ ਢਾਈਆਂ ਆਨਿਆਂ ਬਦਲੇ।"

"ਢਾਈ ਆਨੇ ? ਅਜੇ ਵੀ ਢਾਈ ਆਨੇ ? ਅੱਧਾ ਪੈਂਡਾ ਮੁਕਾ ਲਿਆ ਏ" ਸ਼ਾਹ ਸੋਚ ਰਿਹਾ ਸੀ-"ਦਫਾ ਕਰੋ ਸੂ।"

ਪਰ ਟਾਂਗੇ ਵਾਲਾ ਵੀ ਢੀਠ ਨਿਕਲਿਆ। ਉਸ ਨੇ ਟਾਂਗਾ ਲਾਗੇ ਲਿਆ ਖਲ੍ਹਾਰਿਆ। ਸਵਾਰੀਆਂ ਉਸ ਵਿਚ ਓਨੀਆਂ ਹੀ ਸਨ-ਤਿੰਨ ਦੀਆਂ ਤਿੰਨ। ਉਹ ਇਕ ਵਾਰੀ ਫੇਰ ਪੁਕਾਰਿਆ-"ਏ ਗੱਲ 'ਤੇ ਸੁਣੋ ਸ਼ਾਹ ਜੀ!"

ਰਾਮੇ ਸ਼ਾਹ ਬੜੀ ਲਾਪਰਵਾਹੀ ਨਾਲ, ਜਿਵੇਂ ਉਸ ਨੂੰ ਟਾਂਗੇ 'ਤੇ ਬੈਠਣ ਦੀ ਉੱਕਾ ਚਾਹ ਨਹੀਂ, ਰੁਕਿਆ-"ਹਾਂ, ਕੀ ਗੱਲ ਏ ?"

"ਏ ਮੈਂ ਕਿਹਾ ਬੈਠ ਜਾਓ, ਚਲੋ ਦੋ ਆਨੇ ਦੇ ਦੇਣੇ, ਹੁਣ ਤੇ ਰਾਜੀ ਓ ?"

ਸ਼ਾਹ ਨੂੰ ਇਸ ਮੂਰਖ ਦੀ ਅਕਲ ਤੇ ਗੁੱਸਾ ਆ ਰਿਹਾ ਸੀ-"ਛੀ ਪੈਸੇ ਮੈਂ ਇਸ ਨੂੰ ਅੱਡੇ 'ਤੇ ਕਹੇ ਸਨ, ਤੇ ਹੁਣ ਅੱਧ ਵਿਚ ਆ ਕੇ ਦੁਆਨੀ।"

"ਤੁਰਿਆ ਜਾ-ਤਰਿਆ ਜਾ!" ਸ਼ਾਹ ਨੇ ਗੁੱਸੇ ਨਾਲ ਕਿਹਾ, ਤੇ ਆਪ ਉਸ ਤੋਂ ਅਗਲਵਾਂਢੀ ਟੁਰ ਪਿਆ।

"ਹੱਛਾ ਤੁਸਾਂ ਕੀ ਦੇਣਾ ਏ ਭਲਾ ?" ਟਾਂਗੇ ਵਾਲੇ ਨੇ ਘੋੜੇ ਨੂੰ ਛਾਂਟਾ ਮਾਰਦਿਆਂ ਹੋਇਆਂ ਖਿੱਝ ਕੇ ਕਿਹਾ।

ਧੁੱਪ ਕੜਾਕੇਦਾਰ ਹੋ ਗਈ। ਰਾਮੇ ਸ਼ਾਹ ਦੀ ਜੁੱਤੀ ਨੇ ਅਜ ਵਰਗਾ ਧੋਖਾ ਕਦੇ ਨਹੀਂ ਸੀ ਦਿੱਤਾ। ਸੱਚ ਕਹਿੰਦੇ ਨੇ, "ਠੋਹਕਰੀ ਹੋਈ ਥਾਂ ਨੂੰ ਹੀ ਠੋਹਕਰਾਂ ਲਗਦੀਆਂ ਨੇ।" ਇਕ ਠੋਹਕਰ ਲੱਗੀ ਤੇ ਛਿੱਤਰ ਦਾ ਅਗਲਾ ਅੱਧ ਦੁਫਾੜ ਹੋ ਗਿਆ-ਤਲਾ ਵੱਖਰਾ ਅਤੇ ਉਪਰਲਾ ਹਿੱਸਾ ਵੱਖਰਾ। ਹੁਣ ਇਸ ਵਿਚ ਪੈਰ ਦਾ ਅੜਨਾ ਮੁਸ਼ਕਿਲ ਸੀ। ਇਕ ਅੱਧ ਵਾਰੀ ਲੀਰ ਬੰਨ੍ਹ ਕੇ ਸ਼ਾਹ ਨੇ ਕੰਮ ਸਾਰਨ ਦੀ ਕੋਸ਼ਿਸ਼ ਕੀਤੀ, ਹਪਰ ਇਸ ਦਾ ਕੋਈ ਲਾਭ ਨਾ ਹੋਇਆ। ਅਖ਼ੀਰ ਇਕ ਛਿੱਤਰ ਹੱਥ ਵਿਚ ਤੇ ਇਕ ਪੈਰ ਵਿਚ ਲੈ ਕੇ ਪੰਧ ਮੁਕਾਣਾ ਸ਼ੁਰੂ ਕੀਤਾ, ਪਰ ਇਹ ਵਿਉਂਤ ਵੀ ਸਿਰੇ ਨਾ ਚੜ੍ਹ ਸਕੀ। ਹਾੜ ਮਹੀਨੇ ਦੀ ਧੁਪ ਤੇ ਰੇਤਲਾ ਪੰਧ। ਨੰਗਾ ਪੈਰ ਭਠੂਰੇ ਵਰਗਾ ਹੋ ਗਿਆ।

ਬੜੀ ਮੁਸੀਬਤ ਬਣੀ। ਟੁੱਟਾ ਹੋਇਆ ਛਿੱਤਰ ਕਦੀ ਰਾਮੇ ਸ਼ਾਹ ਦੇ ਹੱਥ ਵਿਚ ਤੇ ਕਦੀ ਪੈਰ ਵਿਚ ਹੁੰਦਾ। ਧੁੱਪ ਪੈਰੋ ਪੈਰ ਤੇਜ਼ ਹੁੰਦੀ ਜਾ ਰਹੀ ਸੀ, ਪੈਂਡਾ ਅਜੇ ਤਕ ਢਾਈ ਕੋਹ ਬਾਕੀ ਸੀ। ਸ਼ਾਹ ਨੂੰ ਰਹਿ ਰਹਿ ਕੇ ਅਰਮਾਨ ਲਗਦਾ-"ਕਾਹਨੂੰ ਝੇੜਾ ਪਾ ਬਹਿਣਾ ਸੀ ਦੁੰਹ ਚਹੁੰ ਪੈਸਿਆਂ ਬਦਲੇ ? ਸਹੁਰੇ ਹੁੰਦੇ ਪੈਸੇ । ਜਾਨ ਨਾਲ ਜਹਾਨ ਹੈ।" ਤੇ ਉਹ ਘੜੀ ਮੁੜੀ ਕਿਸੇ ਹੋਰ ਟਾਂਗੇ ਦੀ ਉਡੀਕ ਵਿਚ ਪਿਛਾਂਹ ਤੱਕਦਾ ਜਾ ਰਿਹਾ ਸੀ। ਗਰਮੀ ਤੇ ਪੈਰ ਦੀ ਤਕਲੀਫ਼ ਤੋਂ ਛੁਟ ਰਾਮੇ ਸ਼ਾਹ ਨੂੰ ਇਕ ਹੋਰ ਖ਼ਿਆਲ ਸਤਾ ਰਿਹਾ ਸੀ-ਇਸ ਉਜਾੜ ਬੀਆਬਾਨ ਵਿਚ ਜੇ ਕਿਤੇ ਬਿਸ਼ਨਾ ਟੱਕਰ ਪਵੇ, ਜਾਂ ਨਾ ਜਾਣੀਏ ਉਸ ਨੇ ਮਗਰੇ ਮਗਰ ਕੋਈ ਬੰਦਾ ਛਡ ਦਿੱਤਾ ਹੋਵੇ, ਉਹ ਆ ਕੇ ਮੈਨੂੰ ਮੇਰੀ ਵਹੀ....ਸੋਚਦਿਆਂ ਸੋਚਦਿਆਂ ਰਾਮੇ ਸ਼ਾਹ ਦਾ ਮੁੜ੍ਹਕਾ ਕਚੀਆਂ ਤ੍ਰੇਲੀਆਂ ਵਿਚ ਵੱਟ ਗਿਆ। ਡਰ ਨਾਲ ਉਸ ਦਾ ਸਾਹ ਖਲ ਵਿਚ ਨਹੀਂ ਸੀ ਸਮਾਂਦਾ। ਦੂਰ ਤੋੜੀ ਨਜ਼ਰ ਦੁੜਾ ਕੇ ਉਹ ਕਿਸੇ ਸਾਥੀ ਰਾਹੀ ਦੀ ਉਡੀਕ ਕਰਨ ਲਗਾ।

ਇਸ ਤੋਂ ਬਾਅਦ ਉਹ ਜਿੰਨ੍ਹੇ ਕਦਮ ਅਗਾਂਹ ਟੁਰਦਾ ਜਾਂਦਾ ਸੀ, ਓਨੇ ਵੱਖੋ

ਵੱਖ ਤਰ੍ਹਾਂ ਦੇ ਡਰਾਉਣੇ ਖਿਆਲ ਉਸ ਦੀ ਘਬਰਾਹਟ ਨੂੰ ਵਧਾਈ ਚਲੇ ਜਾ ਰਹੇ ਸਨ।

ਹੋਰ ਕੁਝ ਅਗਾਂਹ ਜਾ ਕੇ ਉਸ ਨੂੰ ਏਸ ਤਰ੍ਹਾਂ ਅਨੁਭਵ ਹੋਣ ਲੱਗਾ ਜਿਸ ਤਰ੍ਹਾਂ ਸੱਚ ਮੁੱਚ ਬਿਸ਼ਨਾ ਜੱਟ ਉਸ ਦਾ ਖੁਰਾ ਚੁਕੀ ਮਗਰੇ ਮਗਰ ਨੱਠਾ ਆ ਰਿਹਾ ਹੈ।

ਕੁਝ ਦੁਰਾਡੇ ਸੜਕ ਦੇ ਕੰਢੇ ਉਸ ਨੂੰ ਇਕ ਸੰਘਣਾ ਬੋਹੜ ਦਿਖਾਈ ਦਿੱਤਾ,ਹ ਜਿੱਥੋਂ ਖੂਹ ਵਗਣ ਦੀ ਨਿੰਮੀ ਨਿੰਮੀ ਆਵਾਜ਼ ਆ ਰਹੀ ਸੀ, ਪਰ ਇਹ ਥਾਂ ਉਸ ਨੂੰ ਜਿੰਨੀ ਨੇੜੇ ਦਿਖਾਈ ਦਿ੍ਤੀ ਅਸਲ ਵਿਚ ਇੰਨੀ ਨੇੜੇ ਨਹੀਂ ਸੀ।

ਅਖ਼ੀਰ ਕਿਸੇ ਤਰ੍ਹਾਂ ਖਿੱਚ ਘਸੀਟ ਕੇ ਉਹ ਬੋਹੜ ਤੱਕ ਜਾ ਹੀ ਪੁੱਜਾ। ਪਰ ਹੁਣ ਉਸ ਵਿਚ ਸਾਹ ਸੱਤ ਬਾਕੀ ਨਹੀਂ ਸੀ। ਕਪੜੇ ਮੁੜ੍ਹਕੇ ਨਾਲ ਭਿੱਜੇ। ਤ੍ਰੇਹ ਨਾਲ ਗਲੇ ਦੀਆਂ ਰਗਾਂ ਮਿਲੀਆਂ ਹੋਈਆਂ, ਡਰ ਤੇ ਗਰਮੀ ਨਾਲ ਅੱਖਾਂ ਅਗੇ ਭੰਬਲ ਤਾਰੇ ਫਿਰ ਰਹੇ ਸਨ। ਤੇ ਸਿਰ ਉਸ ਦਾ ਘਰਾਟ ਵਾਂਗ ਭਉਂ ਰਿਹਾ ਸੀ।

ਉਸ ਨੇ ਏਨਾ ਹੀ ਸ਼ੁਕਰ ਕੀਤਾ ਕਿ ਬੋਹੜ ਤੀਕ ਪਹੁੰਚਣ ਤੋਂ ਪਹਿਲਾਂ ਹੀ ਉਹ ਬੇਹੋਸ਼ ਹੋ ਕੇ ਡਿੱਗ ਨਹੀਂ ਸੀ ਪਿਆ।

ਖੂਹ ਵਗ ਰਿਹਾ ਸੀ। ਠੰਢੀ ਠੰਢੀ ਹਵਾ ਰੁਮਕ ਰਹੀ ਸੀ। ਬੋਹੜ ਦੀ ਛਾਵੇਂ ਬੰਨ੍ਹੇ ਹੋਏ ਦੋ ਢੱਗੇ ਮਸਤੀ ਨਾਲ ਅੱਖਾਂ ਮੀਟੀ ਜੁਗਾਲੀ ਕਰ ਰਹੇ ਸਨ।

ਇਕ ਲਾਖਾ ਵਹਿੜਕਾ ਏਧਰ ਉਧਰ ਫਿਰਦਾ ਹੋਇਆ ਘਾਹ ਦੀਆਂ ਤਿੜ੍ਹਾਂ ਨੂੰ ਇਸ ਤਰ੍ਹਾਂ ਸੁਆਦ ਲਾ ਲਾ ਕੇ ਚਰ ਰਿਹਾ ਸੀ, ਜਿਵੇਂ ਜੱਟ ਮੇਲੇ ਵਿਚ ਜਲੇਬੀਆਂ ਖਾਂਦਾ ਹੈ। ਲਾਗੇ ਇਕ ਵਾਣ ਦੇ ਭਾਰੇ ਮੰਜੇ ਉਤੇ ਕੋਈ ਸੁੱਤਾ ਹੋਇਆ ਘੁਰਾੜੇ ਮਾਰ ਰਿਹਾ ਸੀ।

ਨਿਸਾਰ ਤੋਂ ਮੂੰਹ ਹੱਥ ਧੋ ਕੇ ਰਾਮੇ ਸ਼ਾਹ ਨੇ ਮੁੜ੍ਹਕੇ ਭਰੀ ਕਮੀਜ਼ ਲਾਹ ਕੇ ਔਲੂ ਵਿਚ ਸੁੱਟ ਦਿੱਤੀ ਤੇ ਫਿਰ ਲਾਗਲੀ ਸਿੱਲ ਤੇ ਖਲੋ ਕੇ ਧੁੱਪੇ ਸੁੱਕਣੇ ਪਾ ਦਿੱਤੀ। ਇਸ ਵੇਲੇ ਬੋਹੜ ਵਿਚੋਂ ਛਣ ਕੇ ਆਈਆਂ ਸਿਖਰੀ ਸੂਰਜ ਦੀਆਂ ਕਿਰਨਾਂ ਉਸ ਦੇ ਸਿਰ ’ਤੇ ਫਿਰਦੀਆਂ ਹੋਈਆਂ ਉਸ ਨੂੰ ਬਾਕੀ ਰਹਿੰਦੇ ਪੰਧ ਦਾ ਚੇਤਾ ਕਰਾ ਰਹੀਆਂ ਸਨ। ਪਰ ਰਾਮੇ ਸ਼ਾਹ ਨੂੰ ਥਕੇਵੇਂ ਅਤੇ ਪੈਰ ਦੀ ਪੀੜ ਨੇ ਬੇਹਾਲ ਕੀਤਾ ਹੋਇਆ ਸੀ। ਪੈਰ ਦੇ ਉਤਲੇ ਹਿੱਸੇ ਉਤੇ ਛਾਲੇ ਉਭਰ ਆਏ ਸਨ ਤੇ ਹੇਠਲਾ ਹਿੱਸਾ ਬਰਸਾਤ ਦੇ ਕੱਲਰ ਵਾਂਗ ਫਫੂਸਿਆ ਪਿਆ ਸੀ। ਜੁੱਤੀ ਦਾ ਇਸ ਵਿਚ ਅੜਨਾ ਤਾਂ ਦੂਰ ਦੀ ਗਲ, ਛੋਹਣਾ ਵੀ ਔਖਾ ਸੀ।

ਲੱਤਾਂ ਬਾਹਾਂ ਧੋਣ ਤੇ ਠੰਢੀ ਹਵਾ ਨਾਲ ਮੁੜਕਾ ਸੁੱਕਣ ਨਾਲ ਜਦ ਉਸ ਦੀ ਕੁਝ ਹੋਸ਼ ਫਿਰੀ ਤਾਂ ਉਸ ਨੂੰ ਉਸੇ ਪੈਂਡੇ ਦਾ ਖ਼ਿਆਲ ਆਇਆ, ਜਿਹੜਾ ਅਜੇ ਤੀਜੇ ਹਿਸੇ ਦੇ ਲਗਪਗ ਬਾਕੀ ਸੀ।

ਕਮੀਜ਼ ਸੁੱਕਣ ਦੀ ਉਡੀਕ ਵਿਚ ਉਹ ਬੋਹੜ ਦੇ ਮੁੱਢ ਨਾਲ ਪਿੱਠ ਜੋੜ ਕੇ ਬੈਠ ਗਿਆ–ਉਸ ਨੂੰ ਝਪਕੀ ਜੇਹੀ ਆਉਣ ਲਗੀ–

.... ..... ......

ਟਾਂਗੇ ਦੀ ਖੜ ਖੜ ਫੇਰ ਸੁਣਾਈ ਦਿੱਤੀ ਤੇ ਉਸ ਨੇ ਜਾ ਪਿਛਾਂਹ ਪਰਤ ਕੇ ਵੇਖਿਆ ਤਾਂ ਡਰ ਨਾਲ ਉਹ ਬੜ ਬੜਾ ਉੱਠਿਆ। ਓਹੀ ਤਿੰਨ ਸਵਾਰੀਆਂ ਟਾਂਗੇ ਤੋਂ ਉਤਰੀਆਂ–ਇਕ ਬੁਰਕੇ ਵਾਲੀ ਤੇ ਦੋ ਪੱਗਾਂ ਵਾਲੀਆਂ, ਤੇ ਪਾਏਦਾਨ ਤੋਂ ਛਾਲ ਮਾਰਦਿਆਂ ਹੀ ਉਸ ਬੁਰਕੇ ਵਾਲੀ ਸਵਾਰੀ ਨੇ ਬੁਰਕਾ ਲਾਹ ਕੇ ਸੁੱਟ ਦਿਤਾ, “ਓ ਮੇਰੀਏ ਮਾਂ। ਬਿਸ਼ਨਾ ਜੱਟ!”

ਤੇ ਬਿਸ਼ਨਾ ਆਪਣੇ ਦੋਹਾਂ ਸਾਥੀਆਂ ਨੂੰ ਅੱਖ ਨਾਲ ਕੋਈ ਇਸ਼ਾਰਾ ਕਰਕੇ

ਦਗੜ ਦਗੜ ਕਰਦਾ ਰਾਮੇ ਸ਼ਾਹ ਦੇ ਸਿਰ ’ਤੇ ਆ ਕੜਕਿਆ–‘ਕਿੱਥੇ ਚਲਿਆ ਸੈਂ, ਅਰਜ਼ੀ ਪਾਣ? ਠੈਹਰ ਜਾ, ਤੈਨੂੰ ਅਰਜ਼ੀ ਤੇ ਪੁਆ ਲਵਾਂ।” ਤੇ ਉਸ ਨੇ ਆਪਣੇ ਦੋਹਾਂ ਸਾਥੀਆਂ ਵਿਚੋਂ ਇਕ ਨੂੰ ਪੁਕਾਰਿਆ–“ਫੜ ਉਏ ਕਿਰਪਾ ਸਿਆਂ, ਜਾਣ ਨਾ ਦਈਂ ਸੂ।” ਅਤੇ ਇਸ ਤੋਂ ਬਾਅਦ ਕਿਰਪਾ ਸੂ ਉਹਨੂੰ ਘਸੀਟ ਕੇ ਮੰਜੇ ਕੋਲ ਲੈ ਗਿਆ। ਮੰਜੇ ਦਾ ਸਰਾਂਦੀ ਵਾਲਾ ਪਾਵਾ ਚੁੱਕ ਕੇ ਉਸ ਨੇ ਰਾਮੇ ਸ਼ਾਹ ਦਾ ਪੈਰ ਉਸ ਦੇ ਹੇਠ ਦੇ ਦਿੱਤਾ ਤੇ ਉਹ ਆਪ ਅਤੇ ਉਸਦਾ ਦੂਸਰਾ ਸਾਥੀ ਛਾਲ ਮਾਰ ਕੇ ਮੰਜੇ ਤੇ ਚੜ੍ਹ ਬੈਠੇ।

ਪੀੜ ਨਾਲ ਰਾਮੇ ਸ਼ਾਹ ਦੀਆਂ ਚਾਂਗਰਾਂ ਨਿਕਲ ਗਈਆਂ ਤੇ ਓਪਰੋ ਬਿਸ਼ਨਾ ਜੱਟ ਇਹ ਕਹਿੰਦਾ ਹੋਇਆ ਉਸ ਤੋਂ ਵਹੀ ਖੋਹਣ ਦੀ ਕੋਸ਼ਿਸ਼ ਕਰਨ ਲੱਗਾ–“ਉਰੇ ਕਰ ਖਾਂ ਤੇਰੇ ਇਸ ਧਰਮ ਰਾਜ ਦੇ ਪੋਥੇ ਨੂੰ ਬਿਲੇ ਲਾਵਾਂ।”

ਜਿਉਂ ਜਿਉਂ ਬਿਸ਼ਨਾ ਵਹੀ ਨੂੰ ਖਿੱਚਦਾ ਤਿਉਂ ਤਿਉਂ ਰਾਮੇ ਸ਼ਾਹ ਉਸ ਨੂੰ ਬਾਹਾਂ ਵਿਚ ਕੱਸਣ ਦੀ ਕੋਸ਼ਿਸ਼ ਕਰਦਾ। ਅਖੀਰ ਸ਼ਾਹ ਦੀ ਕੋਸ਼ਿਸ਼ ਬੇਕਾਰ ਸਾਬਤ ਹੋਈ ਤੇ ਬਿਸ਼ਨੇ ਦੀ ਸਕਾਰਥੀ। ਵਹੀ ਖੁਸਣ ਦੀ ਢਿੱਲ ਸੀ ਕਿ ਰਾਮੇ ਸ਼ਾਹ ਨੇ ਉਸ ਦੇ ਮਗਰ ਨਠਣਾ ਚਾਹਿਆ, ਪਰ ਪੈਰ ਮੰਜੇ ਹੇਠ ਦਬਿਆ ਹੋਣ ਕਰਕੇ ਉਸ ਦੀ ਕੁਝ ਵੀ ਪੇਸ਼ ਨਾ ਜਾ ਸਕੀ ਤੇ ਉਹ ਪਾਗਲ ਵਾਂਗ ਮੂੰਹ ਆਈਆਂ ਬੋਲਣ ਲੱਗਾ। ਏਨੇ ਨੂੰ ਟਾਂਗੇ ਵਾਲਾ ਉਸ ਨੂੰ ਮੋਢੇ ਤੋਂ ਫੜ ਕੇ ਕਹਿਣ ਲੱਗਾ–“ਸ਼ਾਹ ਜੀ ਬਹਿ ਜਾਓ ਹੁਣ ਰਮਾਨ ਕਰ ਕੇ.....”

ਰਾਮੇ ਸ਼ਾਹ ਨੇ ਗੋਡਿਆਂ ਤੇ ਟਿਕੇ ਹੋਏ ਸਿਰ ਨੂੰ ਚੁੱਕ ਕੇ ਉਤਾਂਹ ਤੱਕਿਆ। ਬੋਹੜ ਦੀ ਮੁੱਢ ਨਾਲ ਚੋਖੇ ਚਿਰ ਤੋਂ ਢਾਸਣਾ ਲਗੀ ਰਹਿਣ ਕਰ ਕੇ ਉਸ ਦੀ ਨੰਗੀ ਪਿਠ ਵਿਚ ਪੀੜ ਹੋ ਰਹੀ ਸੀ। ਪੈਰ ਵਿਚੋਂ ਅਜੇ ਵੀ ਚੀਸਾਂ ਨਿਕਲ ਰਹੀਆਂ ਸਨ, ਪਰ ਪਾਵੇਂ ਹੇਠ ਹੋਣ ਕਰਕੇ ਨਹੀਂ, ਜੁਤੀ ਲੱਗਣ ਕਰਕੇ, ਤੇ ਉਸ ਦੇ ਪੱਟਾਂ ਵਿਚ ਚਾਦਰ ਵਲੇਟੀ ਪਈ ਵਹੀ ਨੂੰ ਲਾਖਾ ਵਹਿੜਕਾ ਖਿੱਚ ਰਿਹਾ ਸੀ, ਜਿਸ ਨੂੰ ਸ਼ਿਸ਼ਕਾਰ ਕੇ ਪਰੇ ਹਟਾਂਦਾ ਹੋਇਆ ਓਹੀ ਟਾਂਗੇ ਵਾਲਾ ਕਹਿ ਰਿਹਾ ਸੀ, ਸ਼ਾਹ ਜੀ, ਜੇ ਮੈਂ ਨਾ ਆਉਂਦਾ ਤਾਂ ਤੁਹਾਡੀ ਵਹੀ ਇਸ ਵੱਛੇ ਨੇ ਖਿੱਚ ਕੇ ਲੈ ਜਾਣੀ ਸੀ, ਨਾਲੇ ਚਾਦਰ ਚੱਬ ਕੇ ਚੌੜ ਕਰ ਸੁੱਟਣੀ ਸੀ। ਬਹਿ ਜਾਓ ਟਾਂਗੇ ਵਿਚ, ਜੇ ਚਲਣਾ ਜੇ ਤੇ, ਮੈਂ ਜ਼ਰਾਂ ਘੋੜੇ ਨੂੰ ਪਾਣੀ ਡਾਹ ਲਵਾਂ।”

“ਰਾਮ, ਰਾਮ, ਰਾਮ.....!” ਸ਼ਾਹ ਨੇ ਉਬਾਸੀ ਲੈ ਕੇ ਅੱਖਾਂ ਮਲਦਿਆਂ ਹੋਇਆਂ ਕਿਹਾ–“ਕਿੱਡ ਭੈੜਾ ਸੁਪਨਾ ਸੀ।” ਤੇ ਵਹੀ ਨੂੰ ਹੋਰ ਚੰਗੀ ਤਰ੍ਹਾਂ ਘੁਟ ਕੇ ਉਸ ਨੇ ਚਾਦਰ ਵਿਚ ਲਪੇਟ ਲਿਆ।

“ਤਾਹੀਏ ਬੜਬੜਾਉਣ ਡਹੇ ਹੋਏ ਸਾਓ?” ਟਾਂਗੇ ਵਾਲੇ ਨੇ ਟਿਕਚਰ ਭਰੇ ਲਹਿਜੇ ਵਿਚ ਕਿਹਾ–“ਮੈਂ ਆਖਿਆ ਖ਼ਬਰੇ ਕੀ ਹੋ ਗਿਆ ਨੇ।”

“ਤੇ ਤੂੰ ਕਚਹਿਰੀਓ ਹੋ ਮੁੜਿਆ ਏ? ਸ਼ਾਹ ਨੇ ਗਲ ਦਾ ਰੁਖ ਬਦਲਣ ਲਈ ਕਿਹਾ–“ਛੇਤੀ ਹੀ ਆ ਗਿਆ ਏਂ!” ਤੇ ਉਸ ਨੇ ਛੇਤੀ ਨਾਲ ਉਠ ਕੇ ਕਚਹਿਰੀ ਜਾਣ ਲਈ ਕਦਮ ਚੁਕਿਆ, ਪਰ ਪੈਰ ਨੂੰ ਭੋਇੰ ਤੇ ਰਖਣਾ ਮੁਹਾਲ ਹੋ ਗਿਆ। ਮਸੇ ਕਮੀਜ਼ ਵਾਲੇ ਥਾਂ ਤੱਕ ਹੀ ਪਹੁੰਚ ਸਕਿਆ।

“ਕੀ ਦਸਾਂ ਸ਼ਾਹ ਜੀ,” ਟਾਂਗੇ ਵਾਲੇ ਨੇ ਘੋੜੇ ਦਾ ਲੀਰਾਂ ਦਾ ਤੰਗ ਖੋਲ੍ਹਦਿਆਂ ਕਿਹਾ–“ਅਜ ਤਾਂ ਕੋਈ ਐਸਾ ਨਹਿਸ਼ ਮੱਥੇ ਲੱਗਾ ਵੇ ਜੋ ਫੇਰਾ ਈ ਔਤਰ ਗਿਆ। ਪਿੰਡੋਂ ਤਿੰਨ ਸਵਾਰੀਆਂ ਮਿਲੀਆਂ ਸਨ, ਤੇ ਮੁੜਦੀ ਵੇਰੀ ਇਕ ਵੀ ਨਾ। ਸੰਘ ਪਾੜ ਪਾੜ ਕੇ ਤੁਰ ਆਇਆ ਵਾਂ।”

ਸ਼ਾਹ ਨੇ ਕਮੀਜ਼ ਪਾਂਦਿਆਂ ਹੋਇਆਂ ਉਤਾਂਹ ਸਿਰ ਚੁੱਕ ਕੇ ਸੂਰਜ ਵਲ ਤਕਿਆ। ਪਰਛਾਂਵੇ ਢਲ ਰਹੇ ਸਨ।

"ਪਰ ਸ਼ਾਹ ਜੀ ਟਾਂਗੇ ਵਾਲੇ ਨੇ ਹੈਰਾਨੀ ਨਾਲ ਕਿਹਾ–"ਤੁਸਾਂ ਤੇ ਹੱਦ ਈ ਮੁਕਾ ਦਿੱਤੀ। ਟਾਂਗੇ ਨਾਲੋਂ ਵੀ ਪਹਿਲਾਂ ਆ ਪਹੁੰਚੇ ਜੇ। ਜਾਪਦਾ ਏ ਕੰਮ ਥੋੜਾ ਈ ਹੋਣਾ ਜੇ ਕਚਹਿਰੀ।"

"ਹਾਂ" ਰਾਮੇ ਸ਼ਾਹ ਨੇ ਏਧਰ ਓਧਰ ਝਾਕਦਿਆਂ ਕਿਹਾ–"ਜਾਂਦਿਆਂ ਹੀ ਤਰੀਕ ਪੈ ਗਈ ਸੀ।"

"ਚਲੋ ਬਹਿ ਜਾਓ ਫਿਰ," ਟਾਂਗੇ ਵਾਲੇ ਨੇ ਸ਼ੋਖ਼ ਭਰੀ ਆਵਾਜ਼ ਵਿਚ ਕਿਹਾ, "ਜੋ ਜੀ ਕਰੇਗਾ ਦੇ ਛਡਣਾ, ਨਾ ਦਿਓਗੇ ਤਾਂ ਵੀ ਖੈਰ ਸੱਲਾ।" ਪਾਣੀ ਡਾਹੁਣ ਤੋਂ ਬਾਅਦ ਉਸ ਨੇ ਮੁੜ ਘੋੜੇ ਨੂੰ ਟਾਂਗੇ ਨਾਲ ਜੋੜ ਦਿੱਤਾ।

"ਚਲ ਭਈ" ਕਹਿ ਕੇ ਅੱਖਾਂ ਮੱਲਦਾ ਰਾਮੇ ਸ਼ਾਹ ਟਾਂਗੇ 'ਤੇ ਜਾ ਬੈਠਾ। ਸੂਜੇ ਹੋਏ ਪੈਰ ਨੂੰ ਉਸ ਨੇ ਧੋਤੀ ਦੇ ਲੜ ਨਾਲ ਕੱਜ ਲਿਆ।

"ਭਲਕੇ ਵੀ ਜਾਣਾ ਜੇ ਕਚਹਿਰੀ?" ਟਾਂਗੇ ਵਾਲੇ ਨੇ ਤਪੇ ਹੋਏ ਪਹੀਆਂ ਵਿਚਾਲੇ ਟਿੰਡ ਨਾਲ ਪਾਣੀ ਛਿੜਕਦਿਆਂ ਕਿਹਾ–"ਜਿਦਣ ਜਾਣਾ ਹੋਵੇ ਮੈਨੂੰ ਦੱਸ ਛੱਡਿਆ ਕਰੋ।"

"ਢਠੇ ਖੂਹ ਵਿਚ ਪਈ ਕਚਹਿਰੀ," ਖਿਝ ਕੇ ਸ਼ਾਹ ਬੋਲਿਆਂ–'ਗੱਲਾਂ ਨਾ ਬਣਾ ਬਹੁਤੀਆਂ ਤੇ ਤੋਰ ਟਾਂਗੇ ਨੂੰ ਅਗੇ ਮੇਰੇ ਸਿਰ ਨੂੰ ਚੱਕਰ ਆਉਣ ਡਹੇ ਹੋਏ ਨੇ।"

"ਚੱਕਰ ਤੇ ਔਣੇ ਹੋਏ ਸ਼ਾਹ ਜੀ," ਟਾਂਗੇ ਵਾਲਾ ਫੇਰ ਵੀ ਬੋਲਣੋ ਨਾ ਟਲਿਆ– "ਏਸ ਕਹਿਰਾਂ ਦੀ ਗਰਮੀ ਵਿਚ ਅੱਠ ਕੋਹ ਪੱਕਾ ਪੈਂਡਾ ਮਾਰ ਕੇ ਆਏ ਜੇ।" ਤੇ ਉਸ ਨੇ ਘੋੜੇ ਨੂੰ ਛਾਂਟਾ ਲਾਇਆ।

–0–

## ਲੱਛਮੀ ਪੂਜਾ

"ਮੈਂ ਕਹਿਨੀ ਆ ਇਕ ਖਿਲਾਰਾ ਤਾਂ ਮੁੱਕ ਲੈਣ ਦਿਆਂ ਕਰੋ। ਕੰਮ ਵਿਚ ਘੜੰਮ ਪਾ ਬਹਿੰਦੇ ਜੇ ਹੋਰ ਹੋਰ।"

"ਚੁਪ ਚੁਪ ਬਕਵਾਸ ਨਾ ਕਰੀ ਜਾਇਆ ਕਰ ਹਰ ਵੇਲੇ, ਵੇਲਾ ਕੁਵੇਲਾ ਵੇਖੀਦੈ। ਕੰਮ ਵਿਚ ਘੜੰਮ ਤੇ ਸਗੋਂ ਤੂੰ ਪਾ ਦਿਤਾ ਆਕੇ। ਮਸੇ ਮਸੇ ਲਗਾ ਸੀ ਜ਼ਰਾ ਮੂਡ ਬਣਨ। ਖੁਰੀ ਪਿਛੇ ਮੱਤ ਜ਼ਨਾਨੀਆਂ ਦੀ।"

ਪਤਨੀ ਫੇਰ ਨਹੀਂ ਬੋਲੀ। ਓਵੇਂ ਹੀ ਮੂੰਹ ਲਟਕਾਈ ਬੁੜ ਬੁੜ ਕਰਦੀ ਪਿਛਾਂਹ ਮੁੜ ਗਈ।

ਸੁਖਵੀਰ ਸਿੰਘ ਹੈ ਇਸ ਦਾ ਨਾਮ ਅਤੇ ਉਪਨਾਮ ਹੈ 'ਚੇਤਨ' ਅਰਥਾਤ ਦੁਹਾਂ ਨਾਵਾਂ ਵਾਲਾ ਆਦਮੀ। ਇਸ ਦੇ ਪਹਿਲੇ ਨਾਮ ਦਾ ਸਬੰਧ ਦੁਨੀਆਂ ਨਾਲ, ਦੂਜੇ ਦਾ ਸਾਹਿਤ ਨਾਲ ਹੈ। ਆਪਣੇ ਤਬਕੇ ਵਿਚ ਮੰਨਿਆ ਹੋਇਆ ਸ਼ਾਇਰ ਹੈ। ਪਰ ਦੁਨੀਆਂਦਾਰੀ ਦੇ ਤੌਰ 'ਤੇ ਹਰ ਦੌੜ ਵਿਚ ਪਛੜਿਆ ਹੋਇਆ, ਹਰ ਮੈਦਾਨ ਵਿਚੋਂ ਭੱਜਿਆ ਹੋਇਆ ਇਕ ਬਦਨਸੀਬ ਜਿਹਾ ਆਦਮੀ। ਜਾਂ ਇੰਜ ਸਮਝ ਲਓ ਕਿ ਸਰਸਵਤੀ ਦਾ ਵਰਸੋਇਆ ਤੇ ਲੱਛਮੀ ਦਾ ਸਰਾਪਿਆ ਹੋਇਆ ਵਰ ਤੇ ਸਰਾਪ, ਇਹ ਦੋਵੇਂ ਜਿਸ ਦੇ ਨਾਲ ਹੀ ਰਹਿੰਦੇ ਨੇ, ਉਸ ਦੇ ਪਰਛਾਂਵੇ ਵਾਂਗ।

'ਚੇਤਨ' ਦੀ ਕਵਿਤਾ ਜਿਥੇ ਸਾਹਿਤਕ ਅੰਬਰਾਂ ਵਿਚ ਤਾਰਾ ਬਣ ਕੇ ਚਮਕਦੀ ਹੈ, ਉਥੇ ਰੋਜ਼ੀ ਰਿਜ਼ਕ ਦਾ ਸਵਾਲ ਹਮੇਸ਼ਾ ਹੀ ਉਸ ਲਈ ਇਕ ਲੰਮੀ ਥਕਾਵੀਂ ਤੇ ਅਮੁਕ ਮਨਜ਼ਲ ਬਣਿਆ ਰਹਿੰਦਾ ਹੈ ਜਿਹੜੀ ਮੰਨਜ਼ਿਲ ਦਾ ਉਸ ਲਈ ਨਾ ਕੋਈ ਆਦਿ ਹੈ ਨਾ ਹੀ ਅੰਤ। ਨਾ ਅਤੀਤੀ, ਨਾ ਵਰਤਮਾਨ, ਤੇ ਨਾ ਹੀ ਕੋਈ ਭਵਿੱਸ਼। ਉਹ ਜਿਨ੍ਹਾਂ ਕਾਲੇ ਰਾਹਾਂ 'ਤੇ ਅੱਜ ਆਪਣੇ ਕਰਮਾਂ ਨੂੰ ਘਸੀਟਦਾ ਵੇਖਦਾ ਹੈ, ਅੱਜ ਤੋਂ ਦਸ ਸਾਲ ਪਹਿਲਾਂ ਵੀ ਏਦਾ ਹੀ ਵੇਖਦਾ ਸੀ, ਦੇ ਸ਼ਾਇਦ ਅਨੰਤ ਦੀ ਓੜਕ ਛੋਹੀ ਮੰਨਜ਼ਿਲ ਤੀਕ ਏਦਾਂ ਹੀ ਵੇਖਦਾ ਚਲਾ ਜਾਵੇਗਾ। ਐਸਾ ਹੀ ਉਸ ਦਾ ਵਿਸ਼ਵਾਸ਼ ਹੈ।

ਤੇ ਚੇਤਨ ਦਾ ਕੰਮ ਰੋਜ਼ਗਾਰ? ਇਹ ਬੜਾ ਨਿਥਾਰਥਿਕ ਜਿਹਾ ਸਵਾਲ ਹੈ, ਜਾਂ ਜਿਸ ਦੇ ਜਵਾਬ ਇਨੇ ਬਹੁਤੇ ਨੇ ਕਿ ਸ਼ਾਇਦ ਚੇਤਨ ਇਹਨਾਂ ਦੀ ਗਿਣਤੀ ਕਰਦਾ ਕਰਦਾ ਭੁੱਲ ਜਾਵੇ। ਖ਼ਾਸ ਕਰਕੇ ਦੇਸ਼ ਦੀ ਵੰਡ ਤੋਂ ਬਾਅਦ, ਜਦ ਉਸ ਦੇ ਉਪਨਾਮ ਨਾਲ ਇਕ ਹੋਰ ਦੇਸ ਵਿਆਪੀ ਉਪਨਾਮ ਆ ਜੁੜਿਆ ਹੈ 'ਰੀਫੀਊਜੀ' ਜਾਂ 'ਸ਼ਰਨਾਰਥੀ' ਜਾਂ 'ਪੀੜਤ' ਤਦ ਤੋਂ ਤਾਂ ਉਸ ਦੇ ਕੰਮਾਂ ਦਾ ਕੋਈ ਅੰਤ ਹੀ ਨਹੀਂ ਰਿਹਾ। ਚਾਰ ਦਿਨ ਕੋਈ, ਦਸ ਦਿਨ ਕੋਈ ਤੇ ਮਹੀਨਾ ਕੋਈ।

ਪਰ ਅਜ ਕਲ ਉਹ ਜਿਸ ਕੰਮ ਵਿਚੋਂ ਆਪਣੇ ਤੇ ਆਪਣੇ ਟੱਬਰ ਦੇ ਪੇਟ ਲਈ ਈਂਧਨ ਪੈਦਾ ਕਰਦਾ ਹੈ, ਇਸ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ। ਆਰਟਿਸਟ,

ਪਥੇਰਾ, ਕੁਮਹਿਰ ਆਦਿ। ਉਹ ਮਿੱਟੀ ਦੇ ਖਿਡੌਣੇ ਬਣਾਂਦਾ ਹੈ। ਸ਼ੁਰੂ ਤੋਂ ਹੀ ਉਹ ਥੋੜਾ ਬਹੁਤ ਨਾਕਾਸੀ ਜਾ ਮੁਸੱਵਰੀ ਨੂੰ ਮੂੰਹ ਮਾਰਦਾ ਸੀ, ਜਿਸ ਕਰਕੇ ਇਹ ਕੰਮ ਉਸਦੇ ਆੜੇ ਆ ਗਿਆ। ਵੰਡ ਤੋਂ ਬਾਅਦ ਜਿਸ ਤਰ੍ਹਾਂ ਦੇਸ਼ 'ਚੋਂ ਮੋਚੀ, ਜੁਲਾਹੇ, ਤੇਲੀ ਆਦਿ ਪੇਸ਼ਾਵਰ ਲੋਕਾਂ ਦੇ ਚਲੇ ਜਾਣ 'ਤੇ ਇਹਨਾਂ ਕੰਮਾਂ ਨੂੰ ਗ਼ੈਰ ਪੇਸ਼ਾਵਰਾਂ ਨੇ ਅਪਣਾ ਲਿਆ ਸੀ, ਇਸੇ ਤਰ੍ਹਾਂ ਇਹ ਖਿਡੌਣੇ ਸ਼ਾਜੀ ਦਾ ਧੰਦਾ ਵੀ ਜਦ ਯਤੀਮ ਰਹਿ ਗਿਆ ਤਾਂ ਕਈਆਂ ਗ਼ੈਰ ਪੇਸ਼ੇਵਾਰਾਂ ਨੇ ਇਸ ਦੀ ਸਰਪ੍ਰਸਤੀ ਸ਼ੁਰੂ ਕਰ ਦਿੱਤੀ। ਉਹਨਾਂ ਵਿਚੋਂ ਹੀ ਇਕ ਹੈ ਇਹ ਚੇਤਨ।

ਚੇਤਨ ਨੂੰ ਦੂਜੇ ਕੰਮਾਂ ਨਾਲੋਂ ਇਹ ਕੰਮ ਪਸੰਦ ਜ਼ਰੂਰ ਹੈ, ਕਿਉਂ ਕਿ ਇਸ ਵਿਚ ਕੁਝ ਨਾ ਕੁਝ ਕੋਮਲ ਹੁਨਰ ਦੀ ਝਲਕ ਹੁੰਦੀ ਹੈ। ਪਰ ਜੇ ਆਮਦਨੀ ਵਲ ਵੇਖਿਆ ਜਾਵੇ ਤਾਂ ਇਸ ਵਰਗਾ ਨੇਸਤੀ ਕੰਮ ਹੋਰ ਕੋਈ ਨਹੀਂ ਦਿਸੇਗਾ। ਮਿੱਟੀ ਨਾਲ ਮਿੱਟੀ ਹੋਏ ਰਹਿਣਾ, ਉਸ ਨੂੰ ਗੁੰਨਣਾ, ਡੌਲਣਾ, ਪਕਾਣਾ, ਫਿਰ ਚਿਤ੍ਰਨਾ, ਤੇ ਛੇਕੜ ਬਾਜ਼ਾਰ ਵਿਚ ਖਿਡੌਣਿਆਂ ਦਾ ਮੁੱਲ ਪੌਣਾ ਤਿੰਨ ਆਨਿਆਂ ਤੋਂ ਲੈ ਕੇ ਅੱਠ ਆਨਿਆਂ ਤੱਕ ਦਰਜ਼ਨ ਅਰਥਾਤ ਇਕ ਪੈਸੇ ਤੋਂ ਲੈ ਕੇ ਤਿੰਨ ਪੈਸੇ ਖਿਡੌਣਾ।

ਪਰ ਇਸ ਪੇਸ਼ੇ ਦੀ ਇਕ ਕੰਨੀ ਐਸੀ ਵੀ ਹੈ, ਜਿਹੜੀ ਰੱਤੀ ਮਾਸਾ ਉਤਸ਼ਾਹ ਵਧਾਊ ਹੈ, ਅਰਥਾਤ ਦੀਵਾਲੀ ਦਾ ਤਿਉਹਾਰ। ਇਸ ਮੌਕੇ ਖਿਡੌਣੇ ਸ਼ਾਜਾਂ ਪਾਸ ਕਾਫ਼ੀ ਗਾਹੜ ਹੁੰਦੀ ਹੈ।

ਦੀਵਾਲੀ ਨੇੜੇ ਹੋਣ ਕਰਕੇ ਚੇਤਨ ਲਈ ਵੀ ਅੱਜ ਕਲ ਗਾਹੜ ਮਾਹੜ ਦੇ ਦਿਨ ਸਨ। ਉਹ ਦੀਵਾਲੀ ਦੇ ਤਿਉਹਾਰ ਲਈ ਛੋਟੇ ਮੋਟੇ ਖਿਡੌਣਿਆਂ ਦੀ ਥਾਂ ਲਛਮੀ ਦੀਆਂ ਵੱਡੇ ਵੱਡੇ ਆਕਾਰ ਦੀਆਂ ਮੂਰਤੀਆਂ ਬਣਾਇਆ ਕਰਦਾ ਹੈ, ਤੇ ਮਿੱਟੀ ਦੀਆਂ ਨਹੀਂ, ਗੱਚ (ਇਟੈਲੀਅਨ ਪਲਾਸਟਰ) ਦੀਆਂ। ਏਸ ਕੰਮ ਵਿਚ ਉਸ ਦਾ ਹੱਥ ਦੂਸਰੇ ਕਾਰੀਗਰਾਂ ਨਾਲੋਂ ਸਾਫ਼ ਹੈ, ਜਿਸ ਕਰਕੇ ਉਸ ਨੂੰ ਦੀਵਾਲੀ ਤੋਂ ਪਹਿਲਾਂ 'ਲੱਛਮੀ' ਲਈ ਕਾਫ਼ੀ ਆਰਡਰ ਮਿਲ ਜਾਇਆ ਕਰਦੇ ਨੇ।

ਪਰ ਐਤਕੀ ਦੀ ਦੀਵਾਲੀ ਸ਼ਾਇਦ ਉਸ ਨੂੰ ਸੌਜੀ ਨਹੀਂ, ਸੱਜੀ ਬਾਂਹ ਤੇ ਫੋੜਾ ਨਿਕਲ ਆਉਣ ਕਰਕੇ ਉਹ ਕੰਮ ਕਰਨ ਤੋਂ ਆਰੀ ਸੀ, ਜਿਸ ਕਰਕੇ ਉਸ ਨੇ ਇਕ ਅਧ ਆਰਡਰ ਤੋਂ ਵਧ ਨਹੀਂ ਸੀ ਲਿਆ।

ਇਸ ਤੋਂ ਛੁਟ ਉਸ ਨੂੰ ਜਿਹੜਾ ਕੰਮ ਵਿਚ ਘੜੰਮ ਆ ਪਿਆ, ਇਹ ਸੀ ਇਸ ਕਵਿਤਾ ਦੀ ਫ਼ਰਮਾਇਸ਼। ਸਥਾਨਕ ਪਰਚੇ ਦੇ ਇਕ ਸੰਪਾਦਕ ਨੇ 'ਦੀਵਾਲੀ ਅੰਕ' ਕੱਢਣਾ ਸੀ ਤੇ ਚੇਤਨ ਦੀ ਕਵਿਤਾ ਉਹ ਪਹਿਲੇ ਸਫ਼ੇ ਤੇ ਦੇਣਾ ਚਾਹੁੰਦਾ ਸੀ।

ਚੇਤਨ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ 'ਕੰਮ' ਨੂੰ ਪਹਿਲਾਂ ਖ਼ਤਮ ਕਰੇ ਕਿ 'ਘੜੰਮ' ਨੂੰ ਅਰਥਾਤ ਲਛਮੀ ਦੀਆਂ ਦੋ ਦਰਜ਼ਨ ਮੂਰਤੀਆਂ ਪਹਿਲਾਂ ਮੁਕੱਮਲ ਕਰੇ ਕਿ ਕਵਿਤਾ ਲਿਖੇ। ਇਸ ਉਤੇ ਮੁਸੀਬਤ ਇਹ ਕਿ ਫੋੜਾ ਉਸਦੀ ਸੱਜੀ ਬਾਂਹ ਉਤੇ ਸੀ। ਚੇਤਨ ਸੋਚ ਰਿਹਾ ਸੀ ਕਿ ਮੂਰਤੀਆਂ ਪਾਸੋਂ ਵਰਦਾਨ ਮੰਗਿਆ ਜਾਏਗਾ, ਤਾਂ ਜੋ ਲੱਛਮੀ ਉਹਨਾਂ ਦੀ ਪੂਜਾ 'ਤੇ ਨਿਹਾਲ ਹੋ ਕੇ ਉਹਨਾਂ ਨੂੰ ਹੋਰ ਬਹੁਤਾ ਸੋਨਾ ਚਾਂਦੀ ਦੇਵੇ, ਤੇ ਸ਼ਾਇਦ ਦੇਵੇਗੀ ਵੀ, ਕਿਉਂ ਕਿ ਊਹ ਤਾਂ ਭਗਤਾਂ ਉਤੇ ਹੀ ਹਮੇਸ਼ਾ ਹਮੇਸ਼ਾ ਨਿਹਾਲ ਨਿਹਾਲ ਹੁੰਦੀ ਹੈ। ਪਰ ਜਿਹੜਾ ਰਾਤਾਂ ਝਾਗ ਝਾਗ ਕੇ, ਪੀੜਾਂ ਸਹਾਰ ਸਹਾਰ ਕੇ ਇਸ ਦੀ ਰਚਨਾ ਰਚਦਾ ਹੈ, ਇਸ ਦੇ ਨਕਸ਼ਾਂ ਨੂੰ ਚਿਤ੍ਰਦਾ ਹੈ। ਇਸ ਵਿਚ ਚੁੰਬਕ ਸ਼ਕਤੀ ਭਰਦਾ ਹੈ, ਉਸ ਤੇ ਏਨੀ ਕਰੋਪੀ ਕਿਉਂ.............

ਚੇਤਨ ਆਪਣੀ ਦੁਖਦੀ ਅਤੇ ਚੀਸਾਂ ਮਾਰਦੀ ਬਾਂਹ ਨੂੰ ਸਾਰੇ ਜੋਰ ਨਾਲ

ਹਰਕਤ ਦਿੰਦਾ ਹੋਇਆ ਬਰਾਬਰ ਮੂਰਤੀਆਂ ਡੌਲੀ ਜਾ ਰਿਹਾ ਸੀ ਤੇ ਸੋਚੀ ਜਾ ਰਿਹਾ ਸੀ। ਸੋਚਦਿਆਂ ਅਚਾਨਕ ਉਸਦਾ ਧਿਆਨ ਹੋਰ ਪਾਸੇ ਚਲਾ ਗਿਆ-ਇਹ ਤਾਂ ਸਗੋਂ ਮੈਨੂੰ ਕਵਿਤਾ ਲਈ ਮਜ਼ਮੂਨ ਲੱਭ ਪਿਆ। 'ਲੱਛਮੀ ਪੂਜਾ' ਕਿੰਨੀ ਮੁਸ਼ਾਹਬਤ ਹੈ ਇਸ ਸਿਰਲੇਖ ਵਿਚ ਤੇ ਮੇਰੇ ਇਨ੍ਹਾਂ ਖ਼ਿਆਲਾਂ ਵਿਚ! ਕਵਿਤਾ ਬਣੇਗੀ ਕਿ ਇਕ ਵਾਰੀ ਦੇਸ਼ ਦੀ ਰੂਹ ਨੂੰ ਟੁੰਬ ਕੇ ਰੱਖ ਦੇਵੇਗੀ। ਪੜ੍ਹਨ ਵਾਲਿਆਂ ਦੀਆਂ ਅੱਖਾਂ ਖੁੱਲ ਜਾਣਗੀਆਂ ਤੇ ਉਨ੍ਹਾਂ ਨੂੰ ਸਮਝ ਪੈ ਜਾਏਗੀ ਕਿ ਦੇਸ਼ ਵਿਆਪੀ ਅਰਥਕ ਉਲਝਣਾਂ ਦਾ ਅਸਲ ਹੱਲ ਕਿਥੇ ਹੈ। ਉਹ ਲੋਕ ਖ਼ੁਦ ਮਹਿਸੂਸ ਕਰਨਗੇ ਕਿ ਲੱਛਮੀ (ਦੌਲਤ) ਨੂੰ ਬਣਾਂਦਾ ਕੌਣ ਹੈ ਤੇ ਇਸ ਤੋਂ ਵਰੋਸਾਂਦਾ ਕੌਣ ਹੈ। ਇਹ ਘੜੀਦੀ ਕਿਥੇ ਹੈ ਤੇ ਇਸ ਦੇ ਉਲਟ ਫੇਰ ਦਾ ਅਸਲ ਕਾਰਨ ਕੀ ਹੈ-ਬੀਮਾਰੀ ਦਾ ਅਸਲ ਇਲਾਜ਼ ਕੀ ਹੈ।

'ਬੇਸ਼ਕ, ਬੇਸ਼ਕ' ਚੇਤਨ ਦਾ ਦਿਲ ਗਿਠਾਂ ਉਛਲ ਰਿਹਾ ਸੀ। ਕਵਿਤਾ ਬੇਨਜ਼ੀਰ ਬਣੇਗੀ, ਤੇ ਬਣੇਗੀ ਵੀ ਟਾਈਟਲ ਦੇ ਸਫ਼ੇ 'ਤੇ ਛਪਣ ਦੇ ਲਾਇਕ-'ਲੱਛਮੀ ਪੂਜਾ' ਤਾਂ ਮੈਨੂੰ ਪਹਿਲਾਂ ਘੰਟਾ ਲਾ ਕੇ ਕਵਿਤਾ ਦਾ ਕੰਮ ਖ਼ਤਮ ਕਰ ਲੈਣਾ ਚਾਹੀਦਾ ਹੈ, ਰਾਤ ਅਜੇ ਕਾਫ਼ੀ ਪਈ ਹੈ।

ਆਪਣੇ ਦੁਆਲੇ ਦਾ ਖਿੱਲਰ ਖਲੇਰਾ ਵਿਚੇ ਛੱਡ ਕੇ ਚੇਤਨ ਉਠ ਖਲੋਤਾ। ਰੰਗਾਂ ਵਾਲੀਆਂ ਪਿਆਲੀਆਂ ਉਸ ਇਕ ਪਾਸੇ ਸਰਕਾ ਦਿੱਤੀਆਂ। ਬੁਰਸ਼ ਆਲੇ ਵਿਚ ਰੱਖ ਕੇ ਇਕ ਪੁਰਾਣੇ ਪਰਨੇ ਨਾਲ ਹੱਥ ਪੂੰਜ ਲਏ। ਡੌਲੀਆਂ ਅਤੇ ਅਨਡੌਲੀਆਂ ਮੂਰਤੀਆਂ ਨੂੰ ਅੱਗੇ ਪਿੱਛੇ ਸਮੇਟ ਕੇ, ਤਾਂ ਜੋ ਕਿਸੇ ਨੂੰ ਠੁਹਕਰ ਨਾ ਲਗ ਜਾਵੇ, ਉਹ ਜਾ ਕੇ ਕਾਪੀ ਅਤੇ ਕਲਮ ਦਵਾਤ ਚੁਕ ਲਿਆਇਆ ਤੇ ਫਿਰ ਉਸੇ ਥਾਂ ਬੈਠ ਕੇ ਉਸ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ-

'ਲੱਛਮੀ ਪੂਜਾ'

ਪਹਿਲਾ ਬੰਦ ਪੂਰਾ ਕਰਕੇ ਦੂਜੇ ਦੇ ਅੱਧ ਵਿਚ ਹੀ ਪੂਜਾ ਸੀ ਕਿ ਕਦਮਾਂ ਦੀ ਆਵਾਜ਼ ਸੁਣ ਕੇ ਉਸ ਦੀ ਕਲਮ ਅੱਧ ਵਿਚਕਾਰ ਹੀ ਰੁਕ ਗਈ। ਸਿਰੀ ਮਤੀ ਉਸ ਦੇ ਸਾਹਮਣੇ ਖੜੀ ਇੰਜ ਉਸ ਵਲ ਤਕ ਰਹੀ ਸੀ ਜਿਵੇਂ ਚੇਤਨ ਨੇ ਕੋਈ ਘਿਓ ਦਾ ਘੜਾ ਮੂਧਾ ਕਰ ਦਿਤਾ ਹੋਵੇ-

"ਮੈਂ ਕਹਿਨੀ ਆਂ, ਇਕ ਖਿਲਾਰਾ ਤੇ ਮੁਕ ਲੈਣ ਦਿਆ ਕਰੋ। ਕੰਮ ਵਿਚ ਘੜੰਮ ਪਾਂ ਬਹਿੰਦੇ ਜੇ ਹੋਰ ਹੋਰ।"

ਚੇਤਨ ਨੂੰ ਜਿਵੇ ਕਿਸੇ ਨੇ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿੱਤਾ ਹੋਵੇ। ਉਸ ਦੀ ਕਲਪਨਾ ਮਸ਼ੀਨ ਵਿਚ, ਜਿਹੜੀ ਇਸ ਵੇਲੇ ਭਾਵ-ਪੂਰਤ ਤੇ ਮਰਮ ਸਪਰਸ਼ੀ ਬੁਣਤਰ ਬੁਣੀ ਜਾ ਰਹੀ ਸੀ, ਸਾਰੀ ਉਧੜ ਪੁਧੜ ਕੇ ਤਾਰ ਤਾਰ ਹੋ ਗਈ, ਗੁੱਸੇ ਦੇ ਹਿਰਖ ਨਾਲ ਕੰਢਿਆਂ ਤੀਕ ਭਰ ਕੇ ਉਹ ਪਤਨੀ ਵਲ ਇੰਜ ਤਕਿਆ ਜਿਵੇਂ ਉਸ ਨੂੰ ਚੱਬ ਹੀ ਜਾਣਾ ਚਾਹੁੰਦਾ ਹੋਵੇ-

"ਚੁਪ, ਚੁਪ! ਬਕੜਵਾਹ ਨਾ ਕਰੀ ਜਾਇਆ ਕਰ ਐਵੇਂ। ਕੰਮ ਵਿਚ ਘੜੰਮ ਤੇ ਸਗੋਂ ਤੂੰ ਪਾ ਦਿਤੈ ਆ ਕੇ। ਮਸੇ ਮਸੇ ਲਗਾ ਸੀ ਜ਼ਰਾ ਮੂਡ ਬਣਨ। ਖ਼ੁਰੀ ਪਿਛੇ ਮੱਤ ਜ਼ਨਾਨੀਆਂ ਦੀ।"

ਪਤਨੀ ਫੇਰ ਨਹੀਂ ਬੋਲੀ, ਓਵੇਂ ਹੀ ਮੂੰਹ ਲਟਕਾਈ ਬੜ ਬੜ ਕਰਦੀ ਪਿਛਾਂਹ ਮੁੜ ਗਈ।

ਚੇਤਨ ਨੇ ਸ਼ੁਕਰ ਕੀਤਾ ਬਲਾ ਟਲੀ। ਉਹ ਫਿਰ ਆਪਣੇ ਰੁਝੇਵੇਂ ਵਿਚ ਰੁਝ ਗਿਆ, ਪਰ ਸੁਰ ਤਾਲ ਜਿਹੜਾ ਪਤਨੀ ਦੇ ਸ਼ਬਦਾਂ ਨੇ ਬਿਖੇਰ ਦਿਤਾ ਸੀ ਉਹ ਮੁੜ ਕੇ

ਥਾਂ ਸਿਰ ਨਾ ਆ ਸਕਿਆ। ਜਿਉਂ ਹੀ ਉਹ ਅਗਲੀ ਸਤਰ ਲਿਖਣ ਲਗਦਾ ਕਿ ਉਸ ਨੂੰ ਜਾਪਦਾ ਜਿਵੇਂ ਸਿਰੀ ਮਤੀ ਗਈ ਨਹੀਂ, ਬਰਾਬਰ ਉਸ ਦੇ ਸਿਰ ਤੇ ਆਪਣੇ ਵਾਕਾਂ ਨੂੰ ਦੁਹਰਾਈ ਜਾ ਰਹੀ ਹੈ। ਫਿਰ ਇਨ੍ਹਾਂ ਵਾਕਾਂ ਦੀਆਂ ਤਹਿਆਂ ਹੇਠੋਂ ਕਈ ਹੋਰ ਵਾਕ ਨਿਕਲਦੇ ਚਲੇ ਆ ਰਹੇ ਸਨ–

'ਛੇਤੀ ਛੇਤੀ ਮੁਕਾਓ ਨਾ ਕੰਮ '। ਕੁੜੀ ਨੂੰ ਦਿਹਾਰ ਭੇਜਣਾ ਵੇ ਭਲਕੇ। ਸ਼ਹਿਰਦਾਰੀ ਦਾ ਕੰਮ ਏ, ਬੂਹੇ ਤੇ ਬੂਹਾ ਵੇ। ਕੀ ਕਹਿਣਗੇ ਕੁੜਮ, ਪਹਿਲੀ ਪਹਿਲੀ ਦਿਵਾਲੀ ਏ। ਗਰੀਬੋ ਗਰੀਬੀ ਕੁਝ ਤੇ ਕਰਨਾ ਈ ਪਵੇਗਾ ਨਾ!"

ਤੇ ਫਿਰ ਇਸ ਗਲ ਥੱਲੋਂ ਇਕ ਹੋਰ–

"ਵਰ੍ਹੇ ਪਿਛੋਂ ਦਿਹਾਰ ਆਉਂਦਾ ਏ। ਕੋਈ ਰੋਜ਼ ਰੋਜ਼ ਤੇ ਨਹੀਂ ਦਿਵਾਲੀ ਆਉਣੀ। ਦੂਜਿਆਂ ਵਲ ਤਕ ਤਕ ਨਿਆਣੇ ਹਉਕਾ ਭਰਦੇ ਨੇ। ਪਾ ਅੱਧ ਸੇਰ ਮਠਿਆਈ ਸਹੀ, ਦੋ ਚਾਰ ਪਟਾਕੇ ਮਤਾਬੀਆਂ ਸਹੀ.......।"

ਕਾਪੀ ਚੇਤਨ ਦੇ ਗੋਡੇ ਉਤੇ ਖੁਲੀ ਪਈ ਸੀ। ਕਲਮ ਉਸ ਦੇ ਪੋਟਿਆਂ ਵਿਚ ਸੀ, ਪਰ 'ਲੱਛਮੀ ਪੂਜਾ' ਦੇ ਸਿਰਲੇਖ ਥਲਵੀਂ ਉਹ ਹਿਰਦੇ ਛੋਹੀ ਕਵਿਤਾ ਉਹ ਤਾਂ ਜਿਵੇਂ ਖੰਭ ਲਾ ਕੇ ਕਿਤੇ ਉਡ ਗਈ ਹੋਵੇ। ਕਵਿਤਾ ਕੋਈ ਜੰਗਲ ਦਾ ਸ਼ਿਕਾਰ ਤਾਂ ਨਹੀਂ ਜਿਸ ਨੂੰ ਭੱਜੇ ਹੋਏ ਨੂੰ ਕੋਈ ਨੱਠੋ ਭੱਜੀ ਨਾਲ ਜਾ ਘੇਰੇਗਾ। ਨਾ ਹੀ ਇਹ ਦਾਣਿਆਂ ਦੀ ਗੰਢੜੀ ਹੈ, ਜਿਹੜੀ ਪਾਟ ਜਾਣ ਤੋਂ ਬਾਅਦ ਬੰਦਾ ਹੂੰਝ ਸੰਭਰ ਲਵੇਗਾ। ਕਵਿਤਾ ਤਾਂ ਉਹ ਇਛਿਆ ਧਾਰੀ ਪੰਛੀ ਹੈ, ਜਿਹੜਾ ਮਰਜੀ ਨਾਲ ਹੀ ਤੁਹਾਡੇ ਬਨੇਰੇ ਤੇ ਬੋਲੇਗਾ। ਤੇ ਜੇ ਇਕ ਵਾਰੀ ਉਡ ਗਿਆ ਤਾਂ ਹਜ਼ਾਰ ਢੰਗ ਵੀ ਉਸ ਨੂੰ ਮੋੜ ਨਹੀਂ ਸਕਣਗੇ।

ਘੰਟਾ ਡੇਢ ਘੰਟਾ ਚੇਤਨ ਨੇ ਇਸੇ ਹੀ ਹਾਲਤ ਵਿਚ ਗੁਜ਼ਾਰ ਦਿੱਤਾ ਤੇ ਜਦ ਕਵਿਤਾ ਦੇ ਰਉਂ ਨੂੰ ਦੁਬਾਰਾ ਦਿਮਾਗ ਵਿਚ ਘੁਸੇੜਨ ਦੀ ਉਸ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਉਸ ਨੇ ਕਾਪੀ ਇਕ ਪਾਸੇ ਰੱਖ ਦਿੱਤੀ। ਇਹ ਸੋਚਦਿਆਂ ਕਿ ਲੱਛਮੀ ਦੀਆਂ ਮੂਰਤੀਆਂ ਚਿੱਤਰਦਿਆਂ ਹੀ ਤਾਂ ਕਵਿਤਾ ਨੇ ਮੇਰੇ ਅੰਦਰ ਪਰਵੇਸ਼ ਕੀਤਾ, ਇਕ ਵਾਰੀ ਫੇਰ ਕਿਉਂ ਨਾ ਕੰਮ ਵਿਚ ਲਗ ਪਵਾਂ, ਸ਼ਾਇਦ ਅੱਗੇ ਵਾਂਗ ਫਿਰ ਰਉਂ ਬਣ ਜਾਵੇ। ਉਸ ਭੋਲੇ ਨੂੰ ਪਰ ਇਸ ਗੱਲ ਦਾ ਪਤਾ ਨਹੀਂ ਸੀ ਲਛਮੀ ਅਤੇ ਸਰਸਵਤੀ ਦਾ ਘੜੇ ਵੱਟੇ ਵਾਲਾ ਵੈਰ ਹੈ।

ਬੈਠਿਆਂ ਬੈਠਿਆਂ ਉਸ ਦੀ ਫੋੜੇ ਵਾਲੀ ਬਾਂਹ ਆਕੜ ਗਈ। ਜਦ ਉਸ ਨੇ ਹਿਲਾਣ ਜੁਲਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਾਪਿਆ ਜਿਵੇਂ ਕਿਸੇ ਨੇ ਪੰਜ ਦਸ ਮਣਾਂ ਦੇ ਪੱਥਰ ਹੇਠ ਉਸ ਦੀ ਬਾਂਹ ਦੇ ਦਿੱਤੀ ਹੋਵੇ, ਇਕ ਥਾਂ ਤੋਂ ਚੁੱਕ ਕੇ ਦੂਜੀ ਥਾਂ 'ਤੇ ਰੱਖਣ ਵਿਚ ਉਸ ਦੀ ਜਾਨ ਨਿਕਲਦੀ ਸੀ। ਫਿਰ ਵੀ ਉਸ ਹਾਰ ਨਹੀਂ ਮੰਨੀ।

ਰੰਗਾਂ ਵਾਲੀਆਂ ਪਿਆਲੀਆਂ ਉਸ ਨੇ ਨੇੜੇ ਕਰ ਲਈਆਂ,ਬੁਰਸ਼ ਸੰਭਾਲੇ, ਮੂਰਤੀਆਂ ਨੂੰ ਚੁੱਕ ਕੇ ਆਪੋ ਆਪਣੇ ਟਿਕਾਣੇ ਲਿਆ ਰਖਿਆ ਤੇ ਮੁੜ ਕੰਮ ਵਿਚ ਲਗ ਪਿਆ। ਪਰ ਉਸ ਦਾ ਮਨ ਨਹੀਂ ਜੁੜ ਸਕਿਆ। ਮਨ ਜਿਵੇਂ ਕਿਸੇ ਬਾਂਦਰ ਦੇ ਰੂਪ ਵਿਚ ਵਟ ਗਿਆ ਹੋਵੇ। ਟਪੋਸੀ ਮਾਰ ਕੇ ਕਵਿਤਾ ਵਿਚ, ਛਾਲ ਮਾਰ ਕੇ ਮੁਨਿਆਰ ਦੀ ਦੁਕਾਨ ਤੇ, ਤੇ ਛੜੱਪਾ ਮਾਰ ਕੇ ਅਡੀਟਰ ਦੇ ਦਫ਼ਤਰ ਵਿਚ।

ਚੌਂਕ ਦੇ ਘੰਟਾ ਘਰ ਨੇ ਦੋ ਬਜਾਏ। ਚੇਤਨ ਤ੍ਰੱਬਕ ਪਿਆ। ਉਸ ਨੂੰ ਯਾਦ ਨਹੀਂ ਸੀ ਆ ਰਿਹਾ ਕਿ ਪਿਛਲੇ ਦੋ ਤਿੰਨ ਘੰਟੇ ਉਸ ਨੇ ਮੂਰਤੀਆਂ ਵਿਚਾਲੇ ਜਾਗਦਿਆਂ ਗੁਜ਼ਾਰੇ ਸਨ ਕਿ ਸੁਤਿਆਂ। ਪਰ ਉਸ ਨੂੰ ਏਨਾਂ ਪਤਾ ਸੀ ਕਿ ਕੰਮ ਜਿਉਂ ਦਾ ਤਿਉਂ ਪਿਆ ਹੈ, ਉਸ ਦੇ ਸਿਰ ਵਿਚ ਤ੍ਰਾਟਾਂ ਪੈ ਰਹੀਆਂ ਸਨ ਤੇ ਕੰਨਾਂ ਵਿਚ ਘੂੰ ਘੂੰ ਹੋ ਰਹੀ

ਸੀ। ਸਰੀਰ ਦਾ ਅੰਗ ਅੰਗ ਛੁੜਕਿਆ ਹੋਇਆ, ਤੇ ਬਾਂਹ ? ਇਹ ਤਾਂ ਜਿਵੇਂ ਸਾਰੀ ਦੀ ਸਾਰੀ ਇਕ ਵੱਡੇ ਸਾਰੇ ਫੋੜੇ ਦੇ ਰੂਪ ਵਿਚ ਬਦਲ ਗਈ ਹੋਵੇ।

ਦੀਵੇ ਵਿਚ ਤੇਲ ਮੁੱਕ ਚੁੱਕਾ ਸੀ, ਕੇਵਲ ਬਤੀ ਸੜ ਰਹੀ ਸੀ। ਟੰਨ ਟੰਨ ਦੀਆਂ ਇਹਨਾਂ ਦੁਹਾਂ ਟੁਨਕਾਰਾਂ ਨੂੰ ਚੇਤਨ ਦੇ ਪਿੰਡੇ ਤੇ ਚਾਬਕ ਜੜ ਕੇ ਖ਼ਬਰਦਾਰ ਕਰ ਦਿਤਾ-ਮੂਰਖ! ਕੁਲ ਚਾਰ ਪੰਜ ਘੰਟੇ ਬਾਕੀ ਰਹਿ ਗਏ ਨੇ, ਤੇ ਤੇਰਾ ਕੰਮ ਅਜੇ ਗੋਹੜੇ ਵਿਚੋਂ ਪੂਣੀ ਵੀ ਨਹੀਂ ਛੋਹੀ ਗਈ।

ਉਠ ਉਠ ਖਲੋਤਾ। ਉਸ ਨੇ ਮਹਿਸੂਸ ਕੀਤਾ ਜਿਵੇਂ ਹੁਣੇ ਘੇਰਨੀ ਖਾ ਕੇ ਬੱਸ ਡਿੱਗਾ ਕਿ ਬੱਸ ਡਿੱਗਾ। ਪਤਾ ਨਹੀਂ ਇਹ ਅਨੀਂਦੇ ਦਾ ਅਸਰ ਸੀ ਜਾਂ ਅਧੂਰੇ ਕੰਮ ਦੀ ਚਿੰਤਾ ਦਾ , ਜਾਂ ਕੁੜੀ ਦੇ ਦਿਹਾਰ ਅਥਵਾ ਨਿਆਣਿਆਂ ਦੀਆਂ ਮੰਗਾਂ ਦਾ।

ਦੀਵੇ ਵਿਚ ਤੇਲ ਪਾਣ ਲਈ ਉਸ ਨੂੰ ਬੋਤਲ ਲੈਣ ਲਈ ਦੂਸਰੇ ਕਮਰੇ ਵਿਚ ਜਾਣਾ ਪਿਆ ਤੇ ਜਾਣ ਲੱਗਿਆ ਜਿਉਂ ਹੀ ਲੱਛਮੀਂ ਦੀ ਇਕ ਮੂਰਤੀ ਉਤੇ ਉਸ ਦਾ ਪੈਰ ਆਇਆ ਕਿ ਉਹ ਠੇਡਾ ਖਾ ਕੇ ਵੱਖੀ ਪਰਨੇ ਕੰਧ ਦੇ ਨਾਲ ਜਾ ਵੱਜਾ। ਉਸ ਦੀ ਬਾਂਹ ਫੋੜੇ ਵਾਲੀ ਬਾਂਹ ਬਿਲਬਿਲਾ ਉਠੀ।

ਹੁਣ ਉਸ ਵਿਚ ਉਕਾ ਸਾਹ ਸੱਤ ਬਾਕੀ ਨਹੀਂ ਸੀ, ਨਾ ਮੂਰਤੀਆਂ ਬਨਾਣ ਜੋਗਾ ਨਾ ਕਵਿਤਾ ਲਿਖਣ ਜੋਗਾ। ਉਹ ਡਿਗਦਾ ਢਹਿੰਦਾ ਮੰਜੇ ਤੀਕ ਕਿਸੇ ਤਰ੍ਹਾਂ ਅੱਪੜ ਗਿਆ। ਥਕਾਵਟ ਕਰਕੇ ਉਸ ਦੀਆਂ ਅੱਖਾਂ ਵਿਚ ਨੀਂਦ ਰੜਕ ਰਹੀ ਸੀ, ਪਰ ਬਾਂਹ ਦੀ ਪੀੜ ਨੇ ਇਸ ਭੱਜਾ ਦਿੱਤਾ ਸੀ।

ਸਾਰੀ ਰਾਤ ਬਾਂਹ ਦੀਆਂ ਚੀਸਾਂ ਨੇ ਉਸ ਦੀ ਅੱਖ ਨਹੀਂ ਲੱਗਣ ਦਿੱਤੀ। ਅਨੀਂਦਾ ਪੀੜ, ਅਸਫਲਤਾ ਦਾ ਇਹਸਾਸ ਤੇ ਆਪਣੀ ਮੁਨਾਰਾਂਦੀ ਉਤੇ ਹਿਰਖ, ਇਹ ਸਾਰੇ ਮਨੋ ਵਿਕਾਰ ਆਪੋ ਵਿਚ ਮਿਲ ਕੇ ਤੇ ਵਖੋ ਵਖ ਸ਼ਕਲਾਂ ਬਣਾ ਕੇ ਉਸ ਦੇ ਦਿਮਾਗ ਦੁਆਲੇ ਘੁੰਮੀ ਗਏ। ਕਦੀ ਇਹ ਮੂਰਤੀਆਂ ਦੀ ਸ਼ਕਲ ਵਿਚ ਵਟ ਜਾਂਦੇ, ਕਦੀ ਕਵਿਤਾ ਦੇ ਰੂਪ ਵਿਚ ਤੇ ਕਦੀ ਹੋਰ ਅਕਾਰਾਂ ਵਿਚ। ਕਿਸੇ ਕਿਸੇ ਵੇਲੇ ਉਸਦੇ ਅੰਦਰੋਂ ਇਕ ਬਰੀਕ ਜਿਹੀ, ਆਵਾਜ਼ ਉਠਦੀ ਝੱਲਿਆ! ਤੂੰ ਜੁ ਲੱਛਮੀ ਦੇ ਸਰੀਰ ਉਤੇ ਪੈਰ ਰੱਖ ਕੇ ਉਸਦੀ ਬੇਅਦਬੀ ਕਰ ਦਿੱਤੀ-ਲੱਛਮੀ, ਜਿਸ ਦੀ ਭਲਕੇ ਲੋਕਾਂ ਨੇ ਸੋਨੇ ਚਾਂਦੀ ਨਾਲ ਪੂਜਾ ਕਰਨੀ ਸੀ, ਤੂੰ ਉਸ ਉਤੇ ਨਾਪਾਕ ਪੈਰ ਰੱਖ ਦਿੱਤਾ, ਤੇ ਫੇਰ ਵੀ ਤੂੰ ਉਮੀਦ ਕਰਦਾ ਹੈ ਕਿ ਉਹ ਤੈਨੂੰ ਵਰਦਾਨ ਦੇਵੇਗੀ ? ਵਰਦਾਨ ਦੇ ਹੱਕਦਾਰ ਉਸਦੇ ਪੁਜਾਰੀ ਹੀ ਹੋ ਸਕਦੇ ਨੇ, ਤੇਰੇ ਵਰਗੇ ਨਹੀਂ।

ਪਰ ਇਹ ਖ਼ਿਆਲ ਬਹੁਤਾ ਚਿਰ ਉਸਦੇ ਅੰਦਰ ਨਹੀਂ ਠਹਿਰ ਸਕਿਆ। ਉਹ ਸੋਚ ਰਿਹਾ ਸੀ-ਜਿੰਨੇ ਪਿਆਰ, ਜਿੰਨੀ ਲਗਨ ਤੇ ਜਿੰਨੀ ਸ਼ਰਧਾ ਨਾਲ ਮੈਂ ਲਛਮੀ ਦੀ ਸੇਵਾ ਕੀਤੀ ਹੈ, ਏਨੀ ਤਾਂ ਜੁਗਾਂ ਜੁਗਾਂਤਰਾਂ ਦਾ ਪੁਜਾਰੀ ਵੀ ਨਹੀਂ ਕਰ ਸਕੇਗਾ। ਮੈਂ ਇਸ ਦੇ ਨਕਸ਼ਾਂ ਨੂੰ ਚਿਤਰਣ ਵੇਲੇ ਆਪਣੇ ਦਿਲ ਦਾ ਲਹੂ ਤਕ ਇਸ ਦੇ ਰੰਗ ਵਿਚ ਰਲਾ ਦਿਤਾ, ਮੈਂ ਇਸ ਦੀ ਨੁਹਾਰ ਦਿਲਕਸ਼ ਬਨਾਣ ਖਾਤਿਰ ਆਪਣੀਆਂ ਅੱਖਾਂ ਦੀ ਜੋਤ ਤਕ ਅਰਪਣ ਕਰਦਾ ਰਿਹਾ, ਪਰ ਇਸ ਬੇਰਹਿਮ ਦੇਵੀ ਨੂੰ ਕਦੇ ਵੀ ਮੇਰੀ ਹਾਲਤ ਉਤੇ ਤਰਸ ਨਾ ਆਇਆ। ਇਸ ਨੇ ਮੇਰੀ ਅਨਿੱਨ ਭਗਤੀ ਉਤੇ ਤੁੱਠ ਕੇ ਕਦੀ ਵੀ ਮੈਨੂੰ ਵਰਦਾਨ ਨਾ ਦਿੱਤਾ। ਸਗੋਂ ਇਸ ਤੋਂ ਉਲਟ ਮੈਂ ਹਮੇਸ਼ਾ ਇਸ ਦੀ ਕਰੋਪੀ ਦਾ ਹੀ ਸ਼ਿਕਾਰ ਬਣਿਆ ਰਿਹਾ। ਤਾਂ ਕੀ ਇਸ ਦੀਆਂ ਅੱਖਾਂ ਨੂੰ ਸੋਨੇ ਦੀ ਚਮਕ ਹੀ ਚੁੰਧਿਆ ਸਕਦੀ ਹੈ ? ਕੀ ਇਕ ਸੱਚੇ ਪੁਜਾਰੀ ਦੀ ਇਸ ਦੇ ਦਿਲ ਵਿਚ ਕੋਈ ਕਦਰ ਨਹੀਂ ?

ਇਸ ਵੇਲੇ ਚੇਤਨ ਸਖ਼ਤ ਬੁਖ਼ਾਰ ਦੀ ਹਾਲਤ ਵਿਚ ਸੀ ਤੇ ਬੁਖ਼ਾਰ ਦੀ ਘੂਕੀ

ਵਿਚ ਹੀ ਇਹੋ ਜਿਹੀਆਂ ਊਂਟ ਪਟਾਂਗ ਗੱਲਾਂ ਸੋਚੀ ਜਾ ਰਿਹਾ ਸੀ। ਇਸੇ ਘੂਕੀ ਜਾਂ ਮਦਹੋਸ਼ੀ ਦੀ ਹਾਲਤ ਵਿਚ ਉਹ ਮੰਜੇ ਤੋਂ ਉਠ ਕੇ ਲੜਖੜਾਂਦਾ ਅਤੇ ਉਚੀ ਉਚੀ ਬੋਲਦਾ ਹੋਇਆ ਦੂਜੇ ਕਮਰੇ ਵਲ ਵਧਿਆ-"ਜੇ ਇਸ ਦਾ ਦਿਲ ਏਨਾ ਕਠੋਰ ਹੈ, ਜੇ ਆਪਣੇ ਸੱਚੇ ਪੁਜਾਰੀਆਂ ਅਤੇ ਰਚਣਹਾਰਿਆਂ ਲਈ ਇਸ ਦੇ ਦਿਲ ਵਿਚ ਇਹੋ ਕਦਰ ਹੈ ਤਾਂ ਮੈਂ ਅੱਜ ਤੋਂ ਇਸ ਦਾ ਖਹਿੜਾ ਛੱਡਿਆ, ਮੈਂ ਇਸ ਨੂੰ.....ਮੈਂ ਇਸ ਦੀ....."

ਤੇ ਉਸ ਨੇ ਆਪਣੇ ਆਪ ਨੂੰ ਓਸੇ ਮੂਰਤੀਆਂ ਵਾਲੇ ਕਮਰੇ ਵਿਚ ਵੇਖਿਆ। ਲੱਛਮੀ ਦੀ ਇਕ ਮੂਰਤੀ ਉਸ ਦੇ ਹੱਥ ਵਿਚ ਸੀ। ਤੇ ਇਸ ਤੋਂ ਪਹਿਲਾਂ ਕਿ ਉਹ ਉਸਨੂੰ ਕੰਧ ਨਾਲ ਮਾਰ ਕੇ ਠੀਕਰੀ ਕਰ ਦਿੰਦਾ, ਪਿੱਛੋਂ ਆ ਕੇ ਕਿਸੇ ਨੇ ਉਹਦ ਬਾਂਹ ਫੜ ਲਈ। ਸ਼ਾਇਦ ਉਸ ਦੀ ਬਕੜਵਾਹ ਸੁਣ ਕੇ ਪਤਨੀ ਦੀ ਜਾਗ ਖੁੱਲ ਗਈ ਸੀ-"ਹਾਏ ਮੈਂ ਮਰ ਗਈ ਇਹ ਕੀ ਕਰਨ ਲੱਗੇ ਜੇ ?"

"ਕੁਝ ਨਹੀਂ, ਕੁਝ ਨਹੀਂ, ਪੂਜਾ ਕਰਨ ਲੱਗਾ ਹਾਂ ਲਛਮੀ ਦੀ।"

"ਹੋਸ਼ ਕਰੋ, ਮੈਂ ਕਹਿਨੀ ਆਂ। ਅਗੇ ਈ ਪਤਾ ਨਹੀਂ ਕਿਹੜੇ ਪਾਪਾਂ ਨੂੰ ਫੜੇ ਹੋਏ ਹਾਂ। ਹੋਰ ਲਗੇ ਜੇ ਸਰਾਪ ਲੈਣ!" ਪਤਨੀ ਪਤੀ ਦੇ ਹੱਥੋਂ ਮੂਰਤੀ ਫੜ ਕੇ ਮੰਜੇ ਵਲ ਤੁਰੀ-"ਓਹੋ ਪੰਜ ਭਠ ਤਾਪ।"

ਸਵੇਰੇ ਬਾਹਰੋਂ ਕਿਸੇ ਆਵਾਜ਼ ਮਾਰੀ, ਚੇਤਨ ਜੀ! ਕਵਿਤਾ ?" ਅੰਦਰੋਂ ਜ਼ਨਾਨਾ ਗਲੇ ਚੋਂ ਜਵਾਬ ਦਿੱਤਾ ਗਿਆ, "ਜੀ ਉਹ ਤੇ ਸੁਰਤ ਹੀ ਨਹੀਂ ਕਰਦੇ, ਤਾਪ ਨਾਲ ਬੇਹੋਸ਼ ਪਏ ਨੇ।"

"ਜਾਹ ਤੇਰਾ ਸੱਤਿਆਨਾਸ! ਕਮਬਖ਼ਤ ਨੇ ਨਾ ਅੱਗੇ ਜੋਗਾ ਛੱਡਿਆ ਨਾ ਪਿੱਛੇ ਜੋਗਾ," ਤੇ ਆਵਾਜ਼ ਦੇਣ ਵਾਲਾ ਏਹੋ ਜਿਹੀਆਂ ਕਈ ਸਲਵਾਤਾਂ ਸੁਣਾਂਦਾ ਚਲਾ ਗਿਆ।

ਥੋੜੀ ਦੇਰ ਬਾਅਦ ਇਕ ਹੋਰ ਆਵਾਜ਼ ਆਈ-"ਰਾਮ ਲਾਲ! ਓ ਰਾਮ ਲਾਲ! ਮੂਰਤੀਆਂ ਨਹੀਂ ਪਹੁੰਚਾਈਆਂ ਅਜੇ ਤਕ, ਉਧਰ ਗਾਹਕ ਮੁੜੇ ਜਾਂਦੇ ਨੇ।"

ਜਵਾਬ ਦਿੱਤਾ ਗਿਆ,"ਜੀ ਉਹਨਾਂ ਨੂੰ ਤਾਂ ਰਾਤ ਤੋਂ ਪੰਜ ਭਠ ਤਾਪ ਚੜ੍ਹਿਆ ਹੋਇਐ, ਪੱਥਰ ਦਾ ਪੱਥਰ ਹੋਏ ਪਏ ਨੇ।"

"ਤੇ ਮੂਰਤੀਆਂ ਦਾ ਕੀ ਬਣਿਐ ?"

"ਉਹ ਤਾਂ ਅਧੂਰੀਆਂ ਈ ਪਈਆਂ ਨੇ।"

"ਜਾਹ ਤੇਰੀਆ ਬੇੜੀਆਂ ਵਿਚ ਵਟੇ। ਕੋਈ ਧਰਮ ਈਮਾਨ ਹੁੰਦੈ ਇਹਨਾਂ ਮਿਹਨਤੀ ਲੋਕਾਂ ਦਾ! ਨਹੀਂ ਸੀ ਕੰਮ ਕਰਨਾ ਤਾਂ ਪਹਿਲਾ ਮਰਦਾ, ਜੁ ਹੋਰ ਕਿਸੇ ਨੂੰ ਆਡਰ ਦੇਂਦੇ।" ਤੇ ਏਦਾਂ ਹੀ ਬੁੜ ਬੁੜ ਕਰਦਾ ਉਹ ਵੀ ਵਾਪਸ ਮੁੜ ਗਿਆ।

-0-

## ਉੱਚਾ ਨੱਕ

"ਠਹਿਰਾਂ ਝਾਟਾ ਆਪਣਾ? ਗਲ ਗਲ ਪਾਣੀ ਚੜ੍ਹਿਆ ਹੋਇਆ ਏ, ਬੂਹੇ ਤੇ ਹਾਥੀ ਪਏ ਝੂਲਦੇ ਨੇ, ਅਜੇ ਕਹਿੰਦੇ ਠਹਿਰ ਜਾ। ਮੈਂ ਆਹਨੀ ਆਂ ਖੌਰੇ ਤੁਹਾਨੂੰ ਖਾਧਾ ਪੀਤਾ ਕੀਕਣ ਲਗਦਾ ਏ। ਮੇਰੀ ਤੇ ਅੱਖ ਸੜ ਜਾਏ ਜੇ ਰਾਤੀਂ ਪਲਕਾਂ ਵੀ ਜੁੜਦੀਆਂ ਹੋਣ!"

"ਪਰ ਭਲੀਏ ਲੋਕੇ! ਹੁਣ ਡੁਬ ਤੇ ਨਹੀਂ ਨਾ ਮਰਨਾ। ਅਜੇ ਅਗਲਾ ਪੀਠਾ ਨਹੀਂ ਛਾਣਿਆ ਗਿਆ। ਵਰ੍ਹਾ ਨਹੀਂ ਹੋਇਆ ਵੱਡੀ ਵਿਆਹੀ ਨੂੰ, ਰਾਸ ਪੂੰਜੀ ਸਾਰੀ ਲਾ ਬੈਠੇ ਆਂ। ਕਰਜ਼ੇ ਨਾਲ ਸਿਰ ਵੀ ਗੰਜਾ ਹੋਇਆ ਪਿਆ ਏ। ਐਹ ਚਾਰ ਕੰਧਾਂ ਈ ਬਾਕੀ ਨੇ ਨਾ , ਜਿਦਣ ਵਿਕ-ਸੜ ਜਾਣਗੀਆਂ ਠੰਢੀ ਹੋ ਬਹੇਂਗੀ।"

ਪਾਰਬਤੀ ਅੱਗ ਭਬੂਕਾ ਹੋ ਕੇ ਬੋਲੀ-"ਤੇ ਜੰਮਦੀਆਂ ਨੂੰ ਮਹੁਰਾ ਦੇ ਦੇਣਾ ਸੀ ਨਾ ਨਿਖਸਮੀਆਂ ਨੂੰ, ਕਿਉਂ ਪਾਲ ਪਾਲ ਕੇ ਐਡੀਆਂ ਲੌਂਠੀਆਂ ਕੀਤੀਆਂ ਜੇ?"

ਪੱਗ ਵਿਚੋਂ ਸਿਰ ਖੁਰਕਦਾ ਹੋਇਆ ਦੀਵਾਨ ਸਿੰਘ ਬੋਲਿਆ-"ਚੰਗਾ ਫਿਰ ਮੈਨੂੰ ਈ ਵੇਚ ਆ ਕਿਧਰੇ। ਤੂੰ ਤੇ ਘਰ ਬੈਠੀ ਜਿਹੇ ਮੂੰਹ ਨਾਲ ਗੱਲਾਂ ਮਟਕਾ ਛੱਡਣੀ ਏ, ਸਿਆਪੇ ਤਾਂ ਸਾਰੇ ਮੇਰੀ ਜਾਨ ਜੋਗੇ ਹੋਏ ਨਾ। ਜੇ ਤੂੰ ਪਾਣੀ ਵੇਖ ਕੇ ਠਿਲ੍ਹਦੀਓਂ ਤਾਂ ਇਹ ਪੁਆੜੇ ਕਾਹਨੂੰ ਪੈਂਦੇ। ਰੋਕਦਿਆਂ ਰੋਕਦਿਆਂ ਵੀ ਤਿੰਨ ਹਜ਼ਾਰ ਭੰਗ ਦੇ ਭਾੜੇ ਉਡਾ ਦਿਤਾ। ਜੇ ਰਤਾ ਸਿਆਣਪ ਨਾਲ ਚਲਦੀਓਂ ਤਾਂ ਏਸੇ ਨਾਲ ਵਿਆਹ ਨਾ ਹੋ ਜਾਂਦੇ!"

"ਹਾਹੋ ਜੀ, ਤਿੰਨ ਛੱਡ ਭਾਵੇਂ ਤੀਹ ਹੋ ਜਾਂਦੇ ਕਿ! ਤੇ ਐਹ ਜਿਹੜਾ ਗਿੱਠ ਸਾਰਾ ਨੱਕ ਲਈ ਫਿਰਦੇ ਓ, ਏਹਨੂੰ ਕਿਥੇ ਲੁਕਾਂਦੇ? ਕੁੜਮ ਚਾਰੀਆਂ ਰੱਖਣੀਆਂ ਕੋਈ ਮਖੌਲ ਤੇ ਨਹੀਂ।"

"ਸ਼ਰਮ ਤੇ ਨਹੀਂ ਆਉਂਦੀ ਹੋਣੀ ਗੱਲ ਕਰਦਿਆਂ, ਤੂੰ ਤੇ ਅੱਡੀਆਂ ਚੁਕ ਕੇ ਛਤੀਰਾਂ ਨੂੰ ਜੱਫੇ ਪਾ ਲਏ, ਪਰ ਕੁੜੀ ਦੀ ਉਮਰ ਤੇ ਗਲ ਗਈ ਨਾ, ਡੋਲੀਓਂ ਨਿਕਲਦਿਆਂ ਈ ਵਿਚਾਰੀ ਸਹੁਰੇ ਘਰ ਦੀ ਗੋਲ ਬਣ ਗਈ। ਕਹਿੰਦੀ ਹੁੰਦੀ ਸੈਂ, 'ਮੇਰੀ ਧੀ ਜਾ ਕੇ ਰਾਜ ਕਰੇਗੀ', ਕਰਦੀ ਪਈ ਊ ਰਾਜ। ਹੱਥਾਂ ਦੀ ਮਹਿੰਦੀ ਅਜੇ ਲੱਥੀਂ ਨਹੀਂ ਤੇ ਛਾਲੇ ਅੱਗੋ ਹੀ ਪੈ ਗਏ ਸੂ। ਹਰ ਵੇਲੇ ਨਿਮਾਣੀ ਦੇ 'ਮੂੰਹ ਟੁੱਕਰ ਅਤੇ ਸਿਰ ਛਿੱਤਰ' ਵਾਲਾ ਹਾਲ ਪਿਆ ਹੁੰਦਾ ਹੈ। ਚਾਰ ਵੇਰਾ ਦਲੀਜ਼ਾ 'ਤੇ ਸਿਰ ਰਗੜ ਆਏ ਆਂ, ਟੋਰਨ ਦਾ ਨਾਂ ਨਹੀਂ ਲੈਂਦੇ। ਸੱਸ ਨਨਾਣ ਅਠੇ ਪਹਿਰ 'ਭੁਖੇ ਘਰ ਦੀਏ ਤੇ ਕਮੀਨੇ ਘਰ ਦੀਏ' ਆਖ ਆਖ ਕੇ ਗਰੀਬਣੀ ਦਾ ਕਲੇਜਾ ਲੂੰਹਦੀਆਂ ਰਹਿੰਦੀਆਂ ਨੇ। ਦਸ ਹੁਣ ਉਹ ਵਿਚਾਰੀ ਤੇਰੀ ਜਾਨ ਨੂੰ ਰੋਵੇ ਕਿ ਮੇਰੀ ਨੂੰ?

ਸ਼ਰਮਿੰਦਗੀ ਭਰੇ ਹਠ ਨਾਲ ਪਾਰਬਤੀ ਨੇ ਕਿਹਾ-"ਇਹ ਤਾਂ ਸੰਜੋਗਾਂ ਦੀ

ਗੱਲ ਏ, ਕਿਸੇ ਦਾ ਵਸ ਥੋੜ੍ਹਾ ਏ। ਮਾਪੇ ਧੀਆਂ ਨੂੰ ਜਨਮ ਦੇਂਦੇ ਨੇ, ਕਰਮ ਨਹੀਂ ਦੇਂਦ। ਆਪਣੀ ਵਲੋਂ ਮੈਂ ਕਿਹੜੀ ਗੱਲੋਂ ਫ਼ਰਕ ਕੀਤਾ ਸੀ। ਉਸ ਦੀ ਆਪਣੀ ਪ੍ਰਾਲਭਤ ਜੁ.....।"

ਪਾਰਬਤੀ ਦੁਪੱਟੇ ਨਾਲ ਅੱਖਾਂ ਪੂੰਝਣ ਲੱਗ ਪਈ।

ਦੀਵਾਨ ਸਿੰਘ ਬੋਲਿਆ–"ਹੁਣ ਪ੍ਰਾਲਭਤ ਦਾ ਚੇਤਾ ਆ ਗਿਆ ਹੈ। ਕਹਿੰਦਾ ਨਹੀਂ ਸਾਂ ਪਈ, "ਸਾਨੀ ਸੇਤੀ ਕੀਜੀਏ ਨਾਤਾ ਵੈਰ ਪਰੀਤ।" ਜਿਨ੍ਹਾਂ ਪਹਿਲੋਂ ਈ ਹਜ਼ਾਰਾਂ 'ਤੇ ਤੱਕ ਰੱਖ ਲਈ, ਉਨ੍ਹਾਂ ਕਦੇ ਨੂੰਹ ਧੀ ਨੂੰ ਸੁਖੀ ਵੱਸਣ ਦਿੱਤਾ। ਨਾ ਸਾਡੇ ਪਾਸੋਂ ਅਮੀਰਾਂ ਵਾਲੀ ਦਿਤ ਦਾਤ ਸਰੀ ਅਤੇ ਨਾ ਉਨ੍ਹਾਂ ਸਾਡੀ ਧੀ ਦਾ ਆਦਰ ਕੀਤਾ। ਜਾ ਕੇ ਵੇਖੋਂ ਤੇ ਪਤਾ ਲੱਗੇ। ਭਾਂਡੇ ਮਾਜਣ ਵਾਲੀਆਂ ਨੌਕਰਾਣੀਆਂ ਜਿੰਨੀ ਵੀ ਪੁਛ ਨਹੀਂ ਕੁੜੀ ਦੀ। ਫਿਰ ਏਨੀ ਤੇਰੇ ਨਾਲ ਹੋ ਚੁੱਕੀ ਹੈ, ਅਜੇ ਵੀ ਤੈਨੂੰ ਅਮੀਰ ਕੁੜਮਾਂ ਦੇ ਈ ਸੁਪਨੇ ਆਉਣ ਡਹੇ ਨੇ।"

"ਉਹ ਰੁੜ ਜਾਣੇ ਕਮਜ਼ਾਤ ਨਿਕਲੇ ਤੇ ਹੁਣ ਸਾਰੇ ਹੀ ਓਹੋ ਜਿਹੇ ਹੋ ਗਏ? ਪੰਜੇ ਉਂਗਲਾਂ ਤੇ ਇਕੋ ਜਿਹੀਆਂ ਨਹੀਂ ਹੁੰਦੀਆਂ।"

"ਖਾਣ ਵੇਲੇ ਪੰਜੇ ਈ ਇਕੋ ਜਿਹੀਆਂ ਹੋ ਜਾਇਆ ਕਰਦੀਆਂ ਨੇ।"

"ਚੰਗਾ ਮੈਨੂੰ ਕੀ, ਮੈਂ ਝੱਖ ਮਾਰ ਬੈਠੀ ਆਂ, ਹੁਣ ਤੁਸੀਂ ਲਭ ਲਓ। ਮੇਰੀ ਵਲੋਂ ਮਨੁੱਖ ਦੀ ਥਾਂ ਰੁੱਖ ਨਾਲ ਵਿਆਹ ਦਿਉ ਸੂ।"

ਅਖ਼ੀਰ ਸ਼ੀਲਾ ਲਈ ਪਾਰਬਤੀ ਨੇ ਮੁੰਡਾ ਲੱਭ ਕੇ ਹੀ ਸਾਹ ਲਿਆ। ਸ਼ਗਨ ਦਿਤਾ ਗਿਆ ਤੇ ਫਿਰ ਸ਼ੀਲਾ ਦਾ ਵਿਆਹ ਨੇੜੇ ਆ ਢੁੱਕਾ। ਉਸ ਨੂੰ ਸਤਵੀਂ ਜਮਾਤ ਵਿਚੋਂ ਹੀ ਉਠਾ ਲਿਆ। ਪਾਰਬਤੀ ਨੇ ਮੁੰਡਾ ਲੱਭਣ ਵਿਚ ਕਮਾਲ ਦੀ ਹਿੰਮਤ ਵਿਖਾਈ। ਮੁੰਡਾ ਇਕ ਹੋਰ ਥਾਂ ਮੰਗਿਆ ਹੋਇਆ ਸੀ, ਪਰ ਪਾਰਬਤੀ ਨੇ ਕੁੜਮਾਂ ਦੀਆਂ ਵੱਧ ਚੜ੍ਹ ਕੇ ਈਨਾਂ ਕਬੂਲ ਕੀਤੀਆਂ। ਮੁੰਡੇ ਦੀ ਪਹਿਲੀ ਕੁੜਮਾਈ ਛੁਡਾ ਕੇ ਉਸ ਨੇ ਉਸਦੀ ਸ਼ੀਲਾ ਨਾਲ ਮੰਗਣੀ ਕਰ ਦਿੱਤੀ। ਉਹ ਜਦ ਭਵਿੱਖ ਨੂੰ ਅੱਖਾਂ ਅੱਗੇ ਲਿਆ ਕੇ ਸ਼ੀਲਾ ਨੂੰ ਅਮੀਰ ਵਹੁਟੀ ਦੇ ਰੂਪ ਵਿਚ ਵੇਖਦੀ, ਤਾਂ ਖ਼ੁਸ਼ੀ ਨਾਲ ਉਸਦਾ ਪੈਰ ਭੋਇੰ ਤੇ ਨਹੀਂ ਸੀ ਲਗਦਾ। ਇਹੋ ਜਿਹੇ ਸੁੱਖਾਂ ਲੱਦੇ ਜਵਾਈ ਨੂੰ ਉਹ ਕਿਸੇ ਵੀ ਮੁੱਲ ਤੋਂ ਛੱਡਣ ਲਈ ਤਿਆਰ ਨਹੀਂ ਸੀ।

ਦੀਵਾਨ ਸਿੰਘ ਪਿਛਲੇ ਤਜਰਬੇ ਨੂੰ ਦੁਹਰਾਂਦਾ ਹੋਇਆ ਬਥੇਰਾ ਖਪਿਆ ਖਿਝਿਆ, ਪਰ ਪਾਰਬਤੀ ਦੀ ਇਕੋ ਗੱਲ ਉਸ ਦੀਆਂ ਸਾਰੀਆਂ ਦਲੀਲਾਂ ਨੂੰ ਕੱਟ ਜਾਂਦੀ ਸੀ। ਉਹ ਕਹਿੰਦੀ–"ਅਮੀਰ ਜੁਆਈ ਨੂੰ ਘਰ ਹੀ ਰੱਖ ਲਵਾਂਗੇ, ਦਿਨਾਂ ਵਿਚ ਲਹਿਰ ਬਹਿਰ ਹੋ ਜਾਵੇਗੀ।" ਇਹ ਦਲੀਲ ਦੀਵਾਨ ਸਿੰਘ ਨੂੰ ਕਿੰਨੀ ਕੁ ਜੱਚਦੀ ਸੀ, ਇਸ ਦਾ ਪਤਾ ਨਹੀਂ, ਪਰ ਉਸ ਨੂੰ ਪਾਰਬਤੀ ਅਗੇ ਹਾਰਨਾ ਜ਼ਰੂਰ ਪਿਆ।

ਸ਼ੀਲਾ ਦਾ ਵਿਆਹ ਧੂਮ ਧਾਮ ਨਾਲ ਹੋਇਆ। ਵਿਚਲੀ ਗੱਲ ਪਾਰਬਤੀ ਨੇ ਓਦੋਂ ਖੋਲੀ ਜਦ ਸ਼ੀਲਾ ਮਾਈਏ ਪੈ ਚੁੱਕੀ ਸੀ। ਇਸ ਨੂੰ ਸੁਣ ਕੇ ਦੀਵਾਨ ਸਿੰਘ ਦਾ ਰੰਗ ਬੱਗਾ ਪੂਣੀ ਹੋ ਗਿਆ, ਪਰ ਹੁਣ ਫਾਥੀ ਦਾ ਫੜਕਣ ਕੀ ਸੀ।

ਛਾਤੀ ਤੇ ਪੱਥਰ ਰੱਖ ਕੇ ਦੀਵਾਨ ਸਿੰਘ ਨੇ ਇਸ ਗਲ ਪਏ ਢੋਲ ਨੂੰ ਵਜਾਇਆ। ਹੋਰ ਤਾਂ ਸਾਰਾ ਕੰਮ ਕਿਸੇ ਨਾ ਕਿਸੇ ਤਰ੍ਹਾਂ ਹੋ ਗਿਆ। ਦਾਜ ਬਨਾਣ ਵਿਚ ਵੀ ਕੋਈ ਬਹੁਤਾ ਉਚੇਚ ਕਰਨ ਦੀ ਲੋੜ ਨਾ ਪਈ, ਕਿਉਂ ਕਿ ਆਪਣੀ ਹੱਟੀ ਬਜ਼ਾਜੀ ਦੀ ਸੀ–ਪਰ ਵਿਦੈਗੀ ਵਾਲਾ ਕੰਮ ਬੜਾ ਔਖਾ ਜਾਪਦਾ ਸੀ। ਰਕਮ ਵੀ ਥੋੜ੍ਹੀ ਨਹੀਂ ਸੀ –ਪੂਰੇ ਦੋ ਹਜ਼ਾਰ।

ਇਧਰ ਘਰ ਵਿਚ ਵਿਆਹ ਦੀ ਗਹਿਮਾ ਗਹਿਮੀ ਸੀ ਤੇ ਉਧਰ ਦੀਵਾਨ ਸਿੰਘ ਵਸੀਕਾ ਦੀ ਹੱਟੀ ਬੈਠਾ ਰਹਿਣ-ਨਾਮੇ ਦਾ ਕਾਗਜ਼ ਲਿਖ ਰਿਹਾ ਸੀ।

ਵਿਆਹ ਹੋ ਗਿਆ। ਹਰ ਪਾਸੇ ਲੋਕੀਂ ਇਹੋ ਕਹਿੰਦੇ ਸੁਣਾਈ ਦਿੰਦੇ ਸਨ- "ਬਈ ਬਲੇ ਬਲੇ ਬਲੇ ਵਿਆਹ ਹੋਵੇ ਤਾਂ ਇਹੋ ਜਿਹਾ।" ਪਾਰਬਤੀ ਜਿਧਰੋਂ ਲੰਘਦੀ, ਗਲੀ ਮੁਹੱਲੇ ਦੀਆਂ ਤੀਵੀਆਂ ਹਥਲਾ ਕੰਮ ਛੱਡ ਕੇ ਉਸ ਕੋਲ ਆ ਖਲੋਂਦੀਆਂ ਤੇ ਉਸ ਦੀ ਵਡਿਆਈ ਦੇ ਪੁਲਬ ਨ੍ਹਣ ਲਗ ਪੈਂਦੀਆਂ। ਪਾਰਬਤੀ ਨੂੰ ਇਸ ਵਿਚੋਂ ਕੋਈ ਅਨੋਖਾ ਹੀ ਸੁਆਦ ਆਉਂਦਾ ਸੀ। ਜਿਥੇ ਦੋ ਚਾਰ ਤ੍ਰੀਮਤਾਂ ਦੀ ਢਾਣੀ ਹੋਵੇ, ਉਹ ਜਾਣ ਕੇ, ਕਿਸੇ ਨਾ ਕਿਸੇ ਬਹਾਨੇ ਉਨ੍ਹਾਂ ਵਿਚ ਜਾ ਖਲੋਂਦੀ ਤੇ ਆਪਣੀਆਂ ਸਿਫ਼ਤਾਂ ਸੁਣ ਸੁਣ ਕੇ ਖੀਵੀ ਹੁੰਦੀ।

ਵਿਆਹ ਤੋਂ ਵਿਹਲਿਆਂ ਹੋ ਕੇ ਦੀਵਾਨ ਸਿੰਘ ਨੇ ਹੱਟੀ ਦੀ ਸੁਰਤ ਲਈ। ਦੁਕਾਨ ਦਾ ਅੱਧਾ ਕੁ ਮਾਲ ਚੰਗਾ ਚੰਗਾ ਵਿਆਹ ਵਿਚ ਖ਼ਰਚ ਹੋ ਚੁੱਕਾ ਸੀ। ਉਸ ਨੇ ਖ਼ਾਨਿਆਂ ਵਲ ਤਕਿਆ ਤਾਂ ਉਥੇ ਚਾਨਣਾ ਹੀ ਚਾਨਣਾ ਸੀ।

ਉਸ ਨੇ ਚਹੁੰ ਚਹੁੰ ਪੰਜਾਂ ਪੰਜਾਂ ਖ਼ਾਨਿਆਂ ਦੇ ਥਾਣ ਕੱਢ ਕੇ ਇਕ ਇਕ ਵਿਚ ਭਰ ਛੱਡੇ ਤੇ ਸਖ਼ਣਿਆਂ ਅੱਗੇ ਕੱਪੜੇ ਤਾਣ ਦਿੱਤੇ।

ਗਾਹਕ ਉਸ ਪਾਸੋਂ ਹੋਰ ਚੀਜ਼ ਮੰਗਦਾ ਸੀ ਤੇ ਉਹ ਹੋਰ ਵਿਖਾਦਾ ਸੀ। ਚਾਬੀ ਦਾ ਲੱਠਾ, ਮਲਮਲਾਂ, ਬੋਸਕੀਆਂ ਤੇ ਹੋਰ ਮੋਟੀਆਂ ਮੋਟੀਆਂ ਚੀਜ਼ਾਂ, 'ਔਣ ਵਾਲੇ ਨੇ' ਜਾਂ 'ਪੇਟੀਆਂ ਖੋਲਣ ਵਾਲੀਆਂ ਨੇ' ਕਹਿ ਕੇ ਗਾਹਕਾਂ ਨੂੰ ਟਾਲ ਛੱਡਣਾ।

ਇਹ ਠੱਗੀ ਬੱਗੀ ਕਿੰਨਾ ਕੁ ਚਿਰ ਚਲਦੀ। ਉਸ ਨੂੰ ਤਬਲੇ ਮੂਧੇ ਹੁੰਦੇ ਜਾਪੇ। ਸਾਰਾ ਸਾਰਾ ਦਿਨ ਬੈਠਣ 'ਤੇ ਵੀ ਕੋਈ ਵਿਕਰੀ ਨਹੀਂ ਸੀ ਹੁੰਦੀ। ਗਾਹਕ ਆਉਂਦੇ ਸਨ ਪਰ ਖਾਲੀ ਹੀ ਮੁੜ ਜਾਂਦੇ ਸਨ।

ਇਕ ਦਿਨ ਰਾਤੀਂ ਸੁਤਿਆਂ ਸੁਤਿਆਂ ਉਹ ਜ਼ਬਾਨੀ ਜਮਾ ਖ਼ਰਚ ਗਿਣਨ ਲੱਗਾ। ਉਸ ਨੇ ਅਨੁਮਾਨ ਲਾਇਆ ਤਾਂ ਪਤਾ ਲੱਗਾ ਕਿ ਸਾਰਾ ਪਾ ਲਾ ਕੇ ਉਹ ਇਸ ਸਮੇਂ ਪੰਜ ਕੁ ਹਜ਼ਾਰ ਦਾ ਕਰਜ਼ਾਈ ਹੈ। ਹੱਟੀ ਵਿਚ ਮਾਲ ਤਾਂ ਮਸੀ ਪੰਜ ਛੇ ਸੌ ਦਾ ਹੀ ਉਸ ਨੂੰ ਦਿਸਿਆ। ਉਸ ਦਾ ਮੱਥਾ ਠਣਕਿਆ।

ਪਹਿਲੀ ਤਰੀਕ ਨੂੰ ਪੰਜ ਸੌ ਦੀ ਹੁੰਡੀ ਭੁਗਤਾਣੀ ਹੈ ਮਕਾਨ ਦਾ ਛਿਆ ਮਹੀਨਿਆਂ ਦਾ ਵਿਆਜ਼, ਹੱਟੀ ਦਾ ਵਰੇ ਦਾ ਕਰਾਇਆ ਬੈਂਕ ਵਾਲਿਆ ਦਾ ਨੋਟਸ ਤੇ ਹੋਰ ਕਈ ਅੱਜ ਭਲਕ ਦੇ ਇਕਰਾਰ ਵਾਲੀਆਂ ਰਕਮਾਂ, ਇਨ੍ਹਾਂ ਸਾਰੀਆਂ ਗੱਲਾਂ ਨੂੰ ਉਹ ਜਿਉਂ ਜਿਉਂ ਦੁਹਰਾਉਂਦਾ ਸੀ, ਉਸ ਦੀ ਘਬਰਾਹਟ ਵਧਦੀ ਜਾਂਦੀ ਸੀ।

"ਦੀਵਾਨ ਸਿੰਘ ਦਾ ਕੰਮ ਹਿਲ ਗਿਆ।" ਸਾਰੇ ਸ਼ਹਿਰ ਵਿਚ ਇਸ ਗੱਲ ਦੀ ਚਰਚਾ ਛਿੜ ਗਈ। ਧਾੜਾ ਦੀਆਂ ਧਾੜਾਂ ਲਹਿਣੇਦਾਰ ਉਸ ਦੀ ਹੱਟੀ ਅਗੇ ਧਰਨਾ ਮਾਰਕੇ ਆ ਬੈਠੇ, ਪਰ ਉਸ ਦੇ ਅੰਦਰ ਤਾਂ ਫੁਟੀ ਕੌਡੀ ਵੀ ਨਹੀਂ ਸੀ।

ਨੌਬਤ ਦਿਵਾਲੇ ਤੱਕ ਆ ਪਹੁੰਚੀ, ਪਰ ਲਹਿਣੇਦਾਰ ਨੇ ਇਸ ਵਿਚ ਸੰਤੋਖ ਨਾ ਕੀਤਾ। ਉਨ੍ਹਾਂ ਨੇ ਅਦਾਲਤ ਨੂੰ ਦੀਵਾਨ ਸਿੰਘ ਦੀ ਬਦਨੀਤੀ ਦਾ ਸਬੂਤ ਦਿਵਾਇਆ। ਅੰਤ ਖ਼ਰਚਾ ਰੱਖ ਕੇ ਉਸ ਨੂੰ ਅੰਦਰ ਕਰਾ ਦਿੱਤਾ ਗਿਆ।

ਪਾਰਬਤੀ ਢਿੱਡ ਵਿਚ ਮੁਕੀਆਂ ਮਾਰਦੀ ਫਿਰਦੀ ਸੀ। ਉਸ ਨੇ ਸ਼ੀਲਾ ਦੇ ਸਹੁਰਿਆਂ ਤੋਂ ਕੁਝ ਰੁਪਏ ਮੰਗ ਭੇਜੇ। ਉਨ੍ਹਾਂ ਦਾ ਉਤਰ ਆਇਆ-

'ਰੁਪਈਏ ਤਾਂ ਇਸ ਵੇਲੇ ਤਿਆਰ ਨਹੀਂ, ਕਣਕ ਬਥੇਰੀ ਪਈ ਏ। ਜੇ ਬਹੁਤ ਲੋੜ ਏ ਤਾਂ ਲਿਖੋ ਜੋ ਵੇਚ ਕੇ ਰੁਪਈਏ ਭੇਜੇ ਜਾ ਸਕਣ।"

ਇਧਰੋਂ ਉਤਰ ਗਿਆ–"ਜਿਸ ਤਰ੍ਹਾਂ ਵੀ ਹੋ ਸਕੇ ਮਦਦ ਕਰੋ।"

ਉਨ੍ਹਾਂ ਗਲੋਂ ਲਾਹੁਣ ਲਈ ਠੁਲ ਮਾਰਿਆ ਸੀ, ਪਰ ਇਹ ਵੇਖ ਕੇ ਇਥੇ ਤਾਂ ਡੂਮਾਂ ਨੂੰ ਸੁਲਾ ਮਾਰਨ ਵਾਲੀ ਗੱਲ ਹੈ, ਉਹ ਕੰਨਾਂ ਘੇਸਲ ਮਾਰ ਗਏ।

ਜਿਥੇ ਜਿਥੇ ਸਾਂਝ ਵਰਤੋਂ ਸੀ ਪਾਰਬਤੀ ਸਾਰਿਆਂ ਕੋਲ ਫਿਰੀ, ਹਾੜੇ ਕੱਢੇ, ਨੱਕ ਰਗੜੇ, ਪਰ ਇਹਨਾਂ ਤਿਲਾਂ ਵਿਚ ਤੇਲ ਕਿਥੇ ਸੀ। ਕਈਆਂ ਪਾਸੋਂ ਤਾਂ ਮੂੰਹ ਪਾੜਵਾ ਉਤਰ ਮਿਲਦਾ,"ਬੀਬੀ ਰਾਣੀ ਚੱਦਰ ਵੇਖ ਕੇ ਪੈਰ ਪਸਾਰਨੇ ਸਨ। ਔਖੇ ਵੇਲੇ ਕੌਣ ਕਿਸੇ ਦਾ ਬਣਦਾ ਹੈ। ਹੁਣ ਜਿਹੜੀ ਰੱਬ ਵੱਲੋਂ ਆਈ ਊ ਉਹ ਸਿਰ ਮਥੇ ਤੇ ਸਹਾਰ। ਇਸ ਤਰ੍ਹਾਂ ਘਰ ਘਰ ਫਿਰਿਆਂ ਤੇ ਰੋਇਆਂ ਧੋਇਆਂ ਕੀ ਬਣਦਾ ਏ!"

ਇਹ ਗੱਲਾਂ ਪਾਰਬਤੀ ਉਨ੍ਹਾਂ ਲੋਕਾਂ ਦੇ ਮੂੰਹੋਂ ਹੀ ਸੁਣ ਰਹੀ ਸੀ, ਜਿਹੜੇ ਅਜੇ ਕੱਲ ਹੀ ਸ਼ੀਲਾ ਦੇ ਵਿਆਹ ਵੇਲੇ ਦੂਹਰੀਆਂ ਤੇ ਚੌਹਰੀਆਂ ਭਾਜੀਆਂ ਲੈਂਦਿਆਂ ਹੋਇਆਂ ਉਸ ਦੀਆਂ ਵਾਰਾਂ ਗਾਉਂਦੇ ਨਹੀਂ ਸਨ ਥਕਦੇ।

ਸੰਧਿਆ ਦਾ ਹਨੇਰਾ ਵਧ ਰਿਹਾ ਸੀ। ਪਾਰਬਤੀ ਸਭਨਾਂ ਪਾਸਿਆਂ ਤੋਂ ਨਿਰਾਸ ਹੋ ਕੇ ਘਰ ਆ ਢੱਠੀ। ਸ਼ੀਲਾ ਵੀ ਰੋ ਰਹੀ ਸੀ। ਅੱਜ ਦੀਵਾ ਬਾਲਣ ਦਾ ਕਿਸੇ ਨੂੰ ਚੇਤਾ ਨਹੀਂ ਸੀ। ਅਗੇ ਤਾਂ ਆਂਢੋਂ ਗੁਆਂਢੋਂ ਹੀ ਦੋ ਚਾਰ ਤੀਵੀਆਂ ਆ ਕੇ ਜ਼ਬਾਨੀ ਹਮਦਰਦੀ ਕਰ ਜਾਂਦੀਆਂ ਸਨ, ਪਰ ਹੁਣ ਇਸ ਰਾਹੋਂ ਜੇ ਕਿਸੇ ਲੰਘਣਾ ਵੀ ਹੁੰਦਾ ਤਾਂ ਵਲਾ ਮਾਰ ਕੇ ਦੂਜੇ ਰਾਹੋਂ ਲੰਘ ਜਾਂਦੀਆਂ ਸਨ। ਹਰ ਕਿਸੇ ਨੂੰ ਡਰ ਸੀ ਕੁਝ ਮੰਗ ਨਾ ਬਹੇ।

ਅਚਾਨਕ ਹੀ ਹਨੇਰੇ ਘੁੱਪ ਵਿਚ 'ਭਾਬੀ ਜੀ ਪੈਰੀ ਪਏ' ਦੀ ਆਵਾਜ਼ ਗੂੰਜ ਉਠੀ।

ਸ਼ੀਲਾ ਛੇਤੀ ਨਾਲ ਉਠ ਕੇ ਅੰਦਰ ਚਲੀ ਗਈ। ਜਾ ਕੇ ਉਸ ਨੇ ਲੈਂਪ ਜਗਾਈ।

ਜੁਆਈ ਦੀ ਪਿੱਠ 'ਤੇ ਪਿਆਰ ਦੇਂਦੀ ਹੋਈ ਪਾਰਬਤੀ ਬੋਲੀ–"ਜਿਉਂਦਾ ਰਹੁ, ਵੱਡੀਆਂ ਉਮਰਾਂ।"

ਉਸ ਦੇ ਢਹਿੰਦੇ ਦਿਲ ਨੂੰ ਢਾਰਸ ਜਿਹੀ ਮਿਲ ਗਈ। ਅਜਿਹੇ ਔਖੇ ਵੇਲੇ ਜਦ ਹਰ ਕੋਈ ਉਸ ਦੇ ਪਰਛਾਂਵੇ ਤੋਂ ਡਰਦਾ ਸੀ, ਜੁਆਈ ਦਾ ਆ ਜਾਣਾ ਪਾਰਬਤੀ ਲਈ ਉਸੇ ਤਰ੍ਹਾਂ ਸੀ। ਜਿਸ ਤਰ੍ਹਾਂ ਕੋਈ ਡੁੱਬ ਰਹੇ ਆਦਮੀ ਦਾ ਹਥ ਫੜ ਲਵੇ। ਉਹਦੀ ਚਿੰਤਾ ਦੂਰ ਹੋ ਗਈ।

ਸੁਖ ਸ਼ਾਂਦ ਪੁੱਛਣ ਤੋਂ ਪਿੱਛੋਂ ਉਹ ਬੋਲੀ–"ਮੈਂ ਤੇ ਕਈਆਂ ਦਿਨਾਂ ਤੋਂ ਰਾਹ ਪਈ ਵੇਖਦੀ ਸਾਂ। ਇਹੋ ਖ਼ਿਆਲ ਸੀ ਕਿ ਹੁਣ ਵੀ ਆਇਆ। ਖ਼ਤ ਦਾ ਜੁਆਬ ਕੋਈ ਨਾ ਦਿਤਾ। ਮੈਂ ਆਖਾਂ ਸੁਖ ਸਾਂਦ ਹੋਵੇ ਸਹੀ।"

ਸ਼ਾਮ ਸਿੰਘ ਬੋਲਿਆ–"ਮੈਂ ਤੇ ਕਿੰਨੇ ਚਿਰ ਤੋਂ ਆਉਣ ਆਉਣ ਕਰਦਾ ਸਾਂ, ਪਰ ਕੰਮ ਧੰਦੇ ਦੀ ਵਜਾ ਕਰਕੇ ਵਕਤ ਨਾ ਮਿਲ ਸਕਿਆ, ਗਲ ਕੀ ਸੀ, ਭਾਈਏ ਹੁਰਾਂ........."

"ਗੱਲ ਕੀ ਹੋਣੀ ਸੀ ਕਾਕਾ ਜੀ, ਕਰਮਾ ਨੇ ਜੁ ਹਾਰ ਦੇ ਦਿੱਤੀ, ਅਜ ਚੌਥਾ ਦਿਨ ਏ ਨਾ ਚੁਲ੍ਹੇ ਅੱਗ ਨਾ ਘੜੇ ਪਾਣੀ। ਦਿਨ ਰਾਤ ਰੋਂਦਿਆਂ ਕੁਰਲਾਂਦਿਆਂ ਬੀਤ ਜਾਂਦਾ ਏ। ਕੁੜੀ ਵਿਚਾਰੀ ਨੇ ਜਿਸ ਵੇਲੇ ਦਾ ਸੁਣਿਆ ਏ ਰੋ ਰੋ ਕੇ ਦੀਦੇ ਗਾਲ ਲਏ ਸੂ। ਕੀ ਦਸਾਂ, ਆਪਣੇ ਕਰਮ ਜੁ ਮਾੜੇ ਹੋਏ।"

"ਪਰ ਗੱਲ ਕੀ ਸੀ?

"ਗੱਲਾਂ ਹੁਣ ਸੁਣੇਂਗਾ ਈ ਨਾ, ਆਇਆ ਜੂ ਏਂ। ਹੁਣ ਤੇ ਕਾਕਾ, ਤੁਹਾਡਾ

ਤੇ ਰੱਬ ਦਾ ਈ ਆਸਰਾ ਏ। ਇਸੇ ਲਈ ਧੀਆਂ ਦੇ ਕੇ ਪੁੱਤਰ ਸਹੇੜੀਦੇ ਨੇ। ਸ਼ਾਬਾਸ਼ੇ ਫਿਰ ਵੀ ਤੁਹਾਨੂੰ, ਸੁਣਦਿਆਂ ਸਾਰ ਨੱਸਿਆਂ ਆਇਆ ਏ। ਇਸੇ ਕਰਕੇ ਆਂਹਦੇ ਨੇ ਨਾ ਪਈ ਆਪਣਾ ਕੋਈ ਹੋਵੇ ਸਹੀ।"

"ਹੂ!"

"ਸਾਨੂੰ ਤਾਂ ਕਾਕਾ ਉਧਾਰਾਂ ਨੇ ਡੋਬ ਦਿੱਤਾ ਏ। ਹਜ਼ਾਰਾਂ ਰੁਪਈਏ ਲੋਕਾਂ ਤੋਂ ਲੈਣੇ ਸੀ ਕੋਈ ਦੇਣ ਦਾ ਨਾਂ ਨਹੀਂ ਲੈਂਦਾ, ਤੇ ਜਿਨ੍ਹਾਂ ਦੇ ਦੇਣੇ ਨੇ ਉਹ ਤਲਵਾਰਾਂ ਕੱਸੀ ਫਿਰਦੇ ਨੇ। ਮੈਂ ਆਹਨੀ ਆਂ ਤੇਰਾ ਭਾਈਆ ਕਿਸੇ ਤਰ੍ਹਾਂ ਇਕ ਵਾਰੀ ਬਾਹਰ ਆ ਜਾਂਦਾ।"

"ਠੀਕ ਏ ਪਰ ਰੁਪਈਆ ਦਿਤੇ ਬਗੈਰ ਤਾਂ ਬਾਹਰ ਆਉਣਾ ਮੁਸ਼ਕਲ ਏ।"

"ਫਿਰ ਦੱਸ ਹੁਣ ਕੀ ਬਣੇ?"

"ਕੋਈ ਫਿਕਰ ਨਹੀਂ ਕਿੰਨੇ ਕੁ ਨਾਲ ਕੰਮ ਹੋ ਜਾਏਗਾ?"

ਪਾਰਬਤੀ ਦੀ ਛਾਤੀ ਦਾ ਬੋਝ ਹੌਲਾ ਹੋ ਗਿਆ। ਉਹਨੇ ਸੁਖਾਲਾ ਸਾਹ ਲਿਆ। ਫਿਰ ਬੋਲੀ–

"ਤਿੰਨ ਕੁ ਹਜ਼ਾਰ ਨਾਲ ਕੰਮ ਸਰ ਜਾਏਗਾ।"

"ਫਿਰ ਕੋਈ ਗੱਲ ਨਹੀਂ ਕੁਝ ਰੁਪਈਆਂ ਮੈਂ ਲਿਆਇਆ ਵਾਂ, ਬਾਕੀ ਇਸ (ਸ਼ੀਲਾ) ਦੇ ਗਹਿਣੇ ਵੇਚ ਕੇ ਪੂਰੇ ਕਰ ਲਵਾਂਗੇ।"

"ਤੁਹਾਡਾ ਗਹਿਣਾ?"

"ਹਾਂ ਕੋਈ ਗੱਲ ਨਹੀਂ ਇਸ ਗੱਲ ਦਾ ਫ਼ਿਕਰ ਨਾ ਕਰੋ। ਫਿਰ ਬਣ ਜਾਏਗਾ।"

ਖ਼ੁਸ਼ੀ, ਸ਼ਰਮ ਅਤੇ ਜੁਆਈ ਦੇ ਅਹਿਸਾਨ ਦੇ ਬੋਝ ਨਾਲ ਪਾਰਬਤੀ ਦਾ ਸਿਰ ਨਿਵ ਗਿਆ।

ਦੂਜੇ ਦਿਨ ਸ਼ੀਲਾ ਦਾ ਸਾਰਾ ਗਹਿਣਾ ਲੈ ਕੇ ਸ਼ਾਮ ਸਿੰਘ ਬਾਜ਼ਾਰ ਚਲਾ ਗਿਆ।

ਉਹ ਰੋਟੀ ਵੇਲੇ ਤੱਕ ਨਾ ਮੁੜਿਆ। ਪਾਰਬਤੀ ਨੇ ਖ਼ਿਆਲ ਕੀਤਾ ਸ਼ਾਇਦ ਉਧਰੋਂ ਹੀ ਕਚਹਿਰੀ ਚਲਾ ਗਿਆ ਹੋਵੇਗਾ। ਉਸ ਦਾ ਵਾਲ ਵਾਲ ਜੁਆਈ ਨੂੰ ਅਸੀਸਾਂ ਦੇ ਰਿਹਾ ਸੀ।

ਰਾਤ ਪੈ ਗਈ। ਪਾਰਬਤੀ ਇਸ ਉਡੀਕ ਵਿਚ ਸੀ ਕਿ ਹੁਣੇ ਸਹੁਰਾ ਜੁਆਈ ਆਏ, ਪਰ ਦੁਹਾਂ ਵਿਚੋਂ ਕੋਈ ਵੀ ਨਾ ਆਇਆ। ਪਾਰਬਤੀ ਦੇ ਦਿਲ ਨੂੰ ਹੌਲ ਪੈਣ ਲੱਗਾ। ਅੰਤ ਉਸਦਾ ਦਿਲ ਬੋਲ ਉਠਿਆ–ਸ਼ਾਮ ਸਿੰਘ ਉਸ ਦੀ ਸਹਾਇਤਾ ਕਰਨ ਨਹੀਂ ਗਹਿਣਾ ਲੈਣ ਆਇਆ ਸੀ।

ਸਾਰੇ ਸ਼ਹਿਰ ਵਿਚ ਰੌਲਾ ਮਚ ਗਿਆ। ਲੋਕੀਂ ਵਾਹੋ ਦਾਹੀ ਸ਼ਹਿਰੋਂ ਬਾਹਰ ਨੱਸੇ ਜਾ ਰਹੇ ਸਨ। ਰੇਲ ਦੀ ਪਟੜੀ ਉਤੇ ਇਕ ਲੋਥ ਦੇ ਦੁਆਲੇ ਚੋਖੀ ਪੀੜ ਕਠੀ ਹੋਈ ਹੋਈ ਸੀ। ਇਕ ਬੁਢੀ ਅਤੇ ਇਕ ਮੁਟਿਆਰ ਉਤੇ ਡਿੱਗ ਕੇ ਪਿੱਟਦੀਆਂ ਹੋਈਆਂ ਸਿਰ ਦੇ ਵਾਲ ਖੋਹ ਰਹੀਆਂ ਸਨ। ਪੁਲਸੀਆਂ ਤੋਂ ਛੁਟ ਕਿਸੇ ਵੀ ਵੇਖਣ ਵਾਲੇ ਦੀਆਂ ਅੱਖਾਂ ਸੁੱਕੀਆਂ ਨਹੀਂ ਸਨ।

ਪੁਲੀਸ ਲੋਥ ਦੀ ਪੜਚੋਲ ਕਰ ਰਹੀ ਸੀ। ਲੋਥ ਦੇ ਖੀਸੇ ਵਿਚੋਂ ਇਕ ਕਾਗਜ਼ ਦਾ ਪੁਰਜਾ ਨਿਕਲਿਆ, ਜਿਸ ਦਾ ਮਜ਼ਮੂਨ ਇਹ ਸੀ–"ਬਦਨਸੀਬ ਪਾਰਬਤੀ! ਤੇਰੇ ਇਸ ਉਚੇ ਨੱਕ ਨੂੰ ਬਚਾਂਦਾ ਬਚਾਂਦਾ ਮੈਂ ਸਭ ਕੁਝ ਗੁਆ ਬੈਠਾ। ਸਰੀਰ ਬਾਕੀ ਸੀ, ਪਰ ਇਹ ਵੀ ਨਹੀਂ ਰੱਖ ਸਕਿਆ। ਮੌਤ ਤੋਂ ਬਿਨ੍ਹਾਂ ਇਸ ਨੂੰ ਝੱਲਣ ਲਈ ਹੁਣ ਕੋਈ ਥਾਂ ਨਹੀਂ।"

ਦੀਵਾਨ ਸਿੰਘ

## ਵੱਡਾ ਡਾਕਟਰ

(੧)

ਦਫ਼ਤਰੋਂ ਛੁਟੀ ਹੋਈ ਸੀ, ਬਾਬੂ ਦੀਨਾ ਨਾਥ ਸੋਟੀ ਹਿਲਾਉਂਦਾ ਹੋਇਆ ਘਰ ਵਲ ਜਾ ਰਿਹਾ ਸੀ। ਜਦ ਉਹ ਮੁਨਿਆਰਾਂ ਦੇ ਬਾਜ਼ਾਰ ਵਿਚੋਂ ਲੰਘਿਆ ਤਾਂ ਉਸ ਨੂੰ ਆਪਣੇ ਕਾਕੇ ਜਗਦੀਸ਼ ਦਾ ਖ਼ਿਆਲ ਆਇਆ ਜਿਹੜਾ ਖਿਡੌਣਿਆਂ ਦਾ ਬੜਾ ਲੋਭੀ ਸੀ।

ਉਹ ਇਕ ਮੁਨਿਆਰ ਦੀ ਹੱਟੀ ਅੱਗੇ ਜਾ ਖਲੋਤਾ ਤੇ ਬਹੁਤ ਸਾਰੇ ਖਿਡੌਣਿਆਂ ਵਿਚੋਂ ਉਸ ਨੇ ਇਕ ਜੱਤ ਵਾਲਾ ਕੁੱਤਾ ਪਸੰਦ ਕੀਤਾ। ਪੈਸੇ ਦੁਕਾਨਦਾਰ ਨੂੰ ਦੇ, ਕੁੱਤਾ ਖੀਸੇ ਵਿਚ ਪਾ ਉਹ ਘਰ ਵਲ ਟੁਰ ਪਿਆ। ਸਾਰੇ ਖਿਡੌਣਿਆਂ ਵਿਚੋਂ ਉਸ ਨੇ ਜੱਤ ਵਾਲਾ ਕੁੱਤਾ ਹੀ ਕਿਉਂ ਪਸੰਦ ਕੀਤਾ, ਇਸ ਦਾ ਵੀ ਇਕ ਖ਼ਾਸ ਕਾਰਨ ਸੀ। ਜਗਦੀਸ਼ ਨੂੰ ਸ਼ੌਕ ਸੀ ਜਾਨਦਾਰ ਖਿਡੌਣਿਆਂ ਨਾਲ ਖੇਡਣ ਦਾ, ਪਰ ਦੀਨਾ ਨਾਥ ਨੂੰ ਮੁੰਡੇ ਦੀ ਇਹ ਆਦਤ ਪਸੰਦ ਨਹੀਂ ਸੀ।

ਜਦ ਉਹ ਘਰ ਪੁੱਜਾ ਤਾਂ ਥੜੇ ਉਤੇ ਅੱਜ ਵੀ ਉਸ ਨੇ ਜਗਦੀਸ਼ ਨੂੰ ਇਕ ਜਾਨਦਾਰ ਖਿਡੌਣੇ ਨਾਲ ਖੇਡਦਿਆਂ ਵੇਖਿਆ। ਡਾਢਾ ਕੂਲਾ, ਰਿਸ਼ਟ ਪੁਸ਼ਟ, ਤੇ ਗੁਦ ਗੁਦਾ ਖਿਡੌਣਾ, ਇਹ ਇਕ ਬਿਲੀ ਦਾ ਬੱਚਾ ਸੀ।

ਬਾਬੂ ਦੀਨਾ ਨਾਥ ਵੱਲ ਜਗਦੀਸ਼ ਦੀ ਪਿੱਠ ਸੀ, ਜਿਸ ਕਰਕੇ ਉਹ ਮੂੰਹ ਧਿਆਨ ਆਪਣੀ ਖੇਡੇ ਰੁੱਝਾ ਰਿਹਾ। ਬਲੂੰਗੜੇ ਦੀਆਂ ਅਗਲੀਆਂ ਲੱਤਾਂ ਨੂੰ ਫੜ ਕੇ ਉਹ ਉਸ ਨੂੰ ਸਿੱਧਾ ਖੜਾ ਕਰਨਾ ਚਾਹੁੰਦਾ ਸੀ, ਪਰ ਉਹ ਮੁੜ ਚਹੁੰ ਲੱਤਾਂ ਪਰਨੇ ਹੋ ਜਾਂਦਾ।

ਬਲੂੰਗੜਾ ਘੜੀ ਮੁੜੀ ਉਸਦਾ ਮੂੰਹ ਚੁੰਮਣ ਲਈ ਬੂਥੀ ਚੁੱਕਦਾ, ਪਰ ਜਗਦੀਸ਼ ਉਸ ਨੂੰ ਧੱਕ ਕੇ ਪਰੇ ਕਰ ਦੇਂਦਾ ਸੀ। ਅਖ਼ੀਰ ਇਕ ਵਾਰੀ ਉਸ ਨੇ ਮੁੰਡੇ ਦਾ ਮੂੰਹ ਚੁੰਮ ਲਿਆ।

ਆਪਣੀ ਖੇਡ ਵਿਚ ਜਗਦੀਸ਼ ਇੰਨਾ ਮਸਤ ਸੀ ਕਿ ਉਸ ਨੂੰ ਆਪਣੀ ਨਿੱਕਰ ਅਤੇ ਝੱਗੇ ਦਾ ਵੀ ਖ਼ਿਆਲ ਨਾ ਰਿਹਾ, ਜਿਹੜੇ ਬਲੂੰਗੜੇ ਦੇ ਚਿੱਕੜ ਭਰੇ ਪੰਜਿਆਂ ਨਾਲ ਨਾਸ ਹੋ ਰਹੇ ਸਨ।

ਪਿੱਛੇ ਖਲੋਤੇ ਬਾਬੂ ਦੀਨਾ ਨਾਥ ਨੇ ਇਹ ਸਭ ਕੁਝ ਦੇਖਿਆ ਅਤੇ ਗੁੱਸੇ ਨਾਲ ਉਸਦਾ ਚਿਹਰਾ ਤਮਤਮਾ ਉਠਿਆ। ਉਸ ਨੇ ਪੈਂਦਿਆਂ ਹੀ ਇਕ ਖ਼ਰਵੇ ਹੱਥ ਨਾਲ ਬਲੂੰਗੜਾ ਉਸ ਤੋਂ ਖੋਹ ਕੇ ਇਕ ਪਾਸੇ ਸੁੱਟ ਦਿੱਤਾ ਤੇ ਕਹਿਣ ਲੱਗਾ–'ਛੱਡ ਨਲੈਕਾ ਇਸ ਬਲਾ ਨੂੰ। ਵੇਖ ਤੇ ਸਹੀ, ਕੀ ਹਾਲ ਕੀਤਾ ਈ ਨਵੇਂ ਕਪੜਿਆਂ ਦਾ!"

ਪਿਉ ਦੇ ਆਉਣ ਤੋਂ ਪਹਿਲਾਂ ਜਗਦੀਸ਼ ਕੁਝ ਹੋਰ ਹੀ ਸੋਚ ਰਿਹਾ ਸੀ। ਉਹ

ਇਸ ਖ਼ਿਆਲ ਵਿਚ ਸੀ ਕਿ ਆਪਣੇ ਬਾਬੂ ਜੀ ਦੇ ਆਉਣ ’ਤੇ ਉਹ ਆਪਣੇ ਇਸ ਨਵੇਂ ਦੋਸਤ ਦੀ ਜਾਣ ਪਛਾਣ ਉਸ ਨਾਲ ਕਰਾਵੇਗਾ ਤੇ ਬਾਊ ਇਸ ਨੂੰ ਵੇਖ ਕੇ ਬਹੁਤ ਖੁਸ਼ ਹੋਵੇਗਾ। ਪਰ ਪਿਉ ਦੇ ਇਸ ਵਰਤਾਉ ਨੇ ਉਸ ਦੇ ਉਤਸ਼ਾਹ ਨੂੰ ਸਲਾਬਾ ਚੜ੍ਹਾ ਦਿੱਤਾ।

ਉਸਨੇ ਇਕ ਸਹਿਮੀ ਨਜ਼ਰ ਨਾਲ ਆਪਣੇ ਪਿਉ ਵਲ ਤਕਿਆ ਤੇ ਫਿਰ ਪਿਆਰ, ਤਰਸ ਤੇ ਬੇਵਸੀ ਦੀ ਨਜ਼ਰ ਨਾਲ ਵੇਖਿਆ–ਕਈਆਂ ਕਦਮਾਂ ’ਤੇ ਡਿੱਗੇ ਪਏ ਆਪਣੇ ਬਲੂੰਗੜੇ ਨੂੰ।

ਪਤੀ ਦੀ ਕੜਕਵੀ ਆਵਾਜ਼ ਸੁਣ ਕੇ ਅੰਦਰੋਂ ਉਮਾ ਦੇਵੀ ਨਿਕਲ ਆਈ। ਉਸ ਨੂੰ ਵੇਖਦਿਆਂ ਹੀ ਬਾਬੂ ਦੀਨਾ ਨਾਥ ਦਾ ਕ੍ਰੋਧ ਉਸ ਉਤੇ ਵਰਨ ਲੱਗਾ। ਉਹ ਉਸ ਵੱਲ ਤਕ ਕੇ ਬੋਲਿਆ, “ਤੂੰ ਕਿਤਨੀ ਬੇ ਸਮਝ ਏ! ਤੈਨੂੰ ਪਤਾ ਨਹੀਂ ਬਿੱਲੀਆਂ ਕੁੱਤਿਆਂ ਦੇ ਮੂੰਹ ਦੀ ਹਵਾੜ ਤੇ ਇਨ੍ਹਾਂ ਦੇ ਵਾਲ ਕਿੰਨੇ ਖ਼ਤਰਨਾਕ ਹੁੰਦੇ ਨੇ? ਵੇਖਦੀ ਨਹੀਂ, ਕਿਹੜੇ ਵੇਲੇ ਦਾ ਬਲੂੰਗੜੇ ਨੂੰ ਚੁੰਮਣ ਡਿਹਾ ਹੋਇਆ ਏ ਤੇ ਕੱਪੜਿਆਂ ਦਾ ਸੱਤਿਆਨਾਸ ਵੱਖਰਾ ਕਰ ਛੱਡਿਆ ਸੂ! ਨਾਲੇ ਠੰਢ ਵਿਚ ਇਸ ਵੇਲੇ ਤੱਕ ਬਾਹਰ ਥੜੇ ’ਤੇ ਬੈਠਾ ਹੋਇਆ ਏ!”

ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਬਾਬੂ ਦੀਨਾ ਨਾਥ ਆਪਣੀ ਅਕਲ ਦੇ ਗ਼ਜ਼ਾਂ ਨਾਲ ਮਿਣਨਾ ਚਾਹੁੰਦਾ ਸੀ, ਪਰ ਉਮਾ ਦੇਵੀ ਦੇ ਸੀਨੇ ਵਿਚ ਮਾਂ ਦਾ ਦਿਲ ਸੀ। ਉਹ ਬਾਲਾਂ ਦੇ ਸੁਭਾ ਤੋਂ ਵਧੇਰੇ ਜਾਣੂ ਸੀ।

ਉਮਾ ਦੇਵੀ ਪਤੀ ਨੂੰ ਕਹਿਣ ਲੱਗੀ–“ਹੱਛਾ ਫੇਰ ਕੀ ਹੋਇਆ, ਅੰਞਾਣਾ ਜੂ ਹੋਇਆ, ਸਾਰੇ ਬਾਲ ਇਸੇ ਤਰ੍ਹਾਂ ਹੁੰਦੇ ਨੇ ਕਿ!”

ਦੀਨਾ ਨਾਥ ਹੋਰ ਤੇਜ਼ ਹੋ ਕੇ ਬੋਲਿਆ–“ਸਾਰੇ ਬਾਲ ਤੇ ਹੋਏ ਜੰਗਲੀਆਂ ਅਨਪੜ੍ਹਾਂ ਦੇ। ਇਹੇ ਜਿਹੋ ਗਵਾਰਾਂ ਦੀ ਸੁਹਬਤ ਵਿਚ ਮੈਂ ਨਹੀਂ ਪੈਣ ਦੇਣਾ ਚਾਹੁੰਦਾ ਮੁੰਡੇ ਨੂੰ।

ਪਿਉ ਦਾ ਹੁਕਮ ਪਾ ਕੇ ਜਗਦੀਸ਼ ਮੁਜਰਮ ਵਾਂਗ ਉਸ ਦੇ ਅਗੇ ਅਗੇ ਟੁਰ ਪਿਆ। ਅੰਦਰ ਪਹੁੰਚਦਿਆਂ ਤਾਈਂ ਉਸ ਨੇ ਪਿਉ ਦੀ ਅੱਖ ਬਚਾ ਕੇ ਕਈ ਵਾਰ ਪਿਛਾਂਹ ਤੱਕਿਆ, ਪਰ ਬਲੂੰਗੜਾ ਹੁਣ ਉਥੇ ਨਹੀਂ ਸੀ।

## (੨)

ਸਭ ਤੋਂ ਪਹਿਲਾਂ ਉਸ ਦੇ ਕੱਪੜੇ ਬਦਲਾਏ ਗਏ ਅਤੇ ਇਸ ਤੋਂ ਬਾਅਦ ਬਾਬੂ ਦੀਨਾ ਨਾਥ ਨੇ ਉਸ ਨੂੰ ਪਿਆਰ ਨਾਲ ਕੁੱਛੜ ਲਿਆ। ਉਸਦਾ ਮੂੰਹ ਚੁੰਮਦਾ ਹੋਇਆ ਉਹ ਦਿਲ ਵਿਚ ਆਪਣੀ ਸਖਤੀ ’ਤੇ ਪਛਤਾਉਣ ਲੱਗਾ। ਪਰ ਬੱਚੇ ਦੀ ਅਰੋਗਤਾ ਲਈ ਉਸ ਨੂੰ ਇਹ ਸਭ ਕੁਝ ਕਰਨਾ ਹੀ ਪੈਣਾ ਸੀ।

ਜਗਦੀਸ਼ ਉਸ ਦੀ ਗੋਦ ਵਿਚ ਬੈਠਾ ਸੀ, ਪਰ ਅਗੇ ਵਾਂਗ ਖੁਸ਼ੀ ਖੁਸ਼ੀ ਨਹੀਂ, ਸਗੋਂ ਡਾਢਾ ਬੇਕਲ ਜਿਹਾ ਹੋ ਕੇ।

ਬਾਬੂ ਦੀਨਾ ਨਾਥ ਨੂੰ ਖਿਡੌਣੇ ਦਾ ਚੇਤਾ ਆ ਗਿਆ। ਉਸ ਨੇ ਝੱਟ ਟੰਗੇ ਹੋਏ ਕੋਟ ਦੀ ਜੇਬ ਵਿਚੋਂ ਜੱਤ ਵਾਲਾ ਕੁੱਤਾ ਕੱਢ ਕੇ ਜਗਦੀਸ਼ ਨੂੰ ਫੜਾ ਦਿੱਤਾ।

ਕੁੱਤਾ ਬੜਾ ਸੋਹਣਾ ਸੀ, ਪਰ ਜਗਦੀਸ਼ ਨੂੰ ਉਸ ਪਾਸੋਂ ਕੋਈ ਖੁਸ਼ੀ ਨਾ ਮਿਲ ਸਕੀ। ਉਹ ਉਸ ਨੂੰ ਵੇਖ ਕੇ ਖੁਸ਼ ਹੋਣਾ ਚਾਹੁੰਦਾ ਸੀ, ਪਰ ਬਲੂੰਗੜੇ ਦਾ ਧਿਆਨ ਸਗੋਂ ਉਸ ਨੂੰ ਵਧੇਰੇ ਬੇਚੈਨ ਕਰੀ ਜਾਂਦਾ ਸੀ।

ਰਾਤੀਂ ਸੌਣ ਲੱਗਿਆਂ ਉਸ ਨੇ ਕੁੱਤੇ ਨੂੰ ਆਪਣੇ ਨਾਲ ਹੀ ਪਗੂੰੜੇ ਤੇ

ਸਵਾਇਆਂ।

ਇਸ ਵੇਲੇ ਸਾਰੇ ਸੁੱਤੇ ਹੋਏ ਸਨ। ਕੇਵਲ ਜਗਦੀਸ਼ ਹੀ ਆਪਣੀ ਵਿਛਾਈ ’ਤੇ ਲੇਟਿਆ ਕਿਸੇ ਦੀ ਯਾਦ ਵਿਚ ਮਗਨ ਸੀ। ਥੋੜੀ ਦੇਰ ਬਾਅਦ ਉਹ ਉਠ ਕੇ ਬੈਠ ਗਿਆ ਤੇ ਸਰਾਂਦੀ ਪਏ ਕੁੱਤੇ ਨੂੰ ਚੁੱਕ ਕੇ ਤੇ ਉਸ ਨੂੰ ਅਗਲੀਆਂ ਲੱਤਾਂ ਤੋਂ ਫੜ ਕੇ ਖੜਾ ਕਰਨ ਲਗਾ। ਪਰ ਇਹ ਬਲੂੰਗੜਾ ਵਾਂਗ ਸ਼ਰਾਰਤਾਂ ਨਹੀਂ ਸੀ ਕਰਦਾ, ਨਾ ਹੀ ਉਸਦਾ ਮੂੰਹ ਚੁੰਮਣ ਨੂੰ ਹੰਭਲੇ ਮਾਰਦਾ ਸੀ। ਅਰਥਾਤ ਬਲੂੰਗੜੇ ਦੀਆਂ ਜਿਨ੍ਹਾਂ ਹਰਕਤਾਂ ਕਰਕੇ ਜਗਦੀਸ਼ ਨੂੰ ਗੁੱਸਾ ਆਉਂਦਾ ਸੀ, ਉਹ ਇਸ ਕੁੱਤੇ ਵਿਚ ਨਹੀਂ ਸਨ। ਪਰ ਫਿਰ ਵੀ ਜਗਦੀਸ਼ ਨੂੰ ਇਹ ਚੰਗਾ ਨਹੀਂ ਸੀ ਲੱਗਦਾ। ਉਹ ਚਾਹੁੰਦਾ ਸੀ ਇਹ ਵੀ ਬਲੂੰਗੜੇ ਵਾਂਗ ਸ਼ਰਾਰਤਾਂ ਕਰੇ ਤੇ ਇਸ ਦੇ ਬਦਲੇ ਉਸ ਨੂੰ ਉਹੋ ਜਿਹਾ ਗੁੱਸਾ ਆਵੇ। ਪਰ ਇਹ ਨਾ ਹੋ ਸਕਿਆ।

ਹੌਲੀ ਹੌਲੀ ਉਸ ਨੂੰ ਇਸ ਕੁੱਤੇ ਪਾਸੋਂ ਨਫ਼ਰਤ ਹੋਣ ਲੱਗੀ। ਤੇ ਥੋੜੇ ਚਿਰ ਬਾਅਦ ਉਸ ਨੇ ਕੁੱਤੇ ਨੂੰ ਚੁੱਕ ਕੇ ਹੇਠਾਂ ਸੁੱਟ ਦਿੱਤਾ।

ਉਹ ਲੰਮਾ ਪੈ ਗਿਆ ਤੇ ਪਿਆ ਪਿਆ ਸੋਚਣ ਲੱਗਾ–“ਕੀ ਹੁਣ ਉਹ ਨਹੀਂ ਆਵੇਗਾ? ਕੀ  ਬਾਊ ਜੀ ਦੇ ਵਰਤਾਉ ਤੋਂ ਉਹ ਮੇਰੇ ਨਾਲ ਵੀ ਗੁੱਸੇ ਹੋ ਜਾਏਗਾ? ਇਸ ਵੇਲੇ ਉਹ ਕਿਥੇ ਹੋਵੇਗਾ–ਕੀ ਕਰਦਾ ਹੋਵੇਗਾ? ਸ਼ਾਇਦ ਕਿਤੋਂ ਹੁਣੇ ਹੀ ਆ ਨਿਕਲੇ–ਸ਼ਾਇਦ ਹੁਣੇ ਹੀ ਉਸ ਦੀ ਮਿੱਠੀ ਮਿੱਠੀ ਮਿਆਊਂ ਮੇਰੇ ਕੰਨੀ ਆ ਪਵੇ!”

ਇਸ ਦੇ ਨਾਲ ਹੀ ਉਸ ਨੂੰ ਇਕ ਹੋਰ ਖਿਆਲ ਆਇਆ। ਉਸ ਨੂੰ ਖਿਆਲ ਆ ਗਿਆ ਆਪਣੇ ਗੁਆਂਢੀਆਂ ਦੇ ਕੁਤੇ ਜੈਕ ਦਾ, ਜਿਹੜਾ ਬਿੱਲੀਆਂ ਨੂੰ ਵੇਖ ਕੇ ਖਾਣ ਨੂੰ ਪੈਂਦਾ ਸੀ।

ਉਹ ਸੋਚਣ ਲੱਗਾ–ਸਾਡੇ ਘਰ ਵੀ ਤਾਂ ਇਸ ਵੇਲੇ ਕੁੱਤਾ ਮੌਜੂਦ ਏ। ਇਸ ਦੇ ਹੁੰਦਿਆਂ ਬਲੂੰਗੜਾ ਸਾਡੇ ਘਰ ਨਹੀਂ ਆ ਸਕੇਗਾ।

ਉਸ ਨੇ ਕਮਰੇ ਵਿਚ ਵੇਖਿਆ। ਬਿਜਲੀ ਦੇ ਚਾਨਣ ਵਿਚ ਉਹੀ ਜੱਤ ਵਾਲਾ ਕੁੱਤਾ ਇਕ ਨੁਕਰੇ ਪਿਆ ਦਿਸਿਆ।

ਉਹ ਅਛੋਪਲਾ ਪੰਘੂੜੇ ਚੋਂ ਉਤਰਿਆਂ ਤੇ ਜਾ ਕੇ ਕੁਤੇ ਨੂੰ ਚੁਕ ਲਿਆਇਆ, ਇਕ ਪਾਸੇ ਪੁਰਾਣੇ ਕੱਪੜੇ ਕੱਠੇ ਹੋਏ ਪਏ ਸਨ। ਉਸ ਨੇ ਕੁਤੇ ਨੂੰ ਉਨ੍ਹਾਂ ਕੱਪੜਿਆਂ ਥੱਲੇ ਨੱਪ ਦਿੱਤਾ ਤੇ ਫੇਰ ਆਪਣੇ ਬਿਸਤਰੇ ’ਤੇ ਆ ਲੇਟਿਆ।

ਹੁਣ ਉਹ ਬੜੀ ਬੇਸਬਰੀ ਨਾਲ ਬੈਠਾ ਬੈਠਾ ਬਲੂੰਗੜੇ ਦੀ ਉਡੀਕ ਕਰਨ ਲੱਗਾ। ਇਸੇ ਉਡੀਕ ਦੇ ਸਮੇਂ ਉਸ ਨੂੰ ਇਉਂ ਅਨੁਭਵ ਹੋਣ ਲੱਗਾ ਜੀਕਣ ਬਲੂੰਗੜਾ ਉਸ ਦੇ ਆਸ ਪਾਸ ਆਉਣਾ ਚਾਹੁੰਦਾ ਹੈ, ਪਰ ਜੱਤ ਵਾਲਾ ਕੁੱਤਾ ਘੜੀ ਮੁੜੀ ਕਪੜਿਆਂ ਹੇਠੋਂ ਨਿਕਲ ਕੇ ਉਸ ਨੂੰ ਨਸਾ ਦੇਂਦਾ ਹੈ।

ਉਹ ਫਿਰ ਉਠਿਆ ’ਤੇ ਕੁੱਤੇ ਨੂੰ ਕੱਪੜਿਆਂ ਹੇਠੋਂ ਕੱਢ ਲਿਆਇਆ। ਫਿਰ ਸਹਿਜ ਨਾਲ ਉਸ ਨੇ ਬਾਰੀ ਦਾ ਕੁੰਡਾ ਖੋਲਿਆ ਤੇ ਕੁੱਤੇ ਨੂੰ ਸੀਖਾਂ ਵਲ ਦੀ ਧੱਕ ਕੇ ਬਾਰੀ ਤੋਂ ਬਾਹਰ ਸੁੱਟ ਦਿੱਤਾ।

ਸੁੱਟ ਤਾਂ ਉਸ ਨੇ ਦਿਤਾ, ਪਰ ਇਸ ਨਾਲ ਵੀ ਉਸ ਦੀ ਤਸੱਲੀ ਨਾ ਹੋ ਸਕੀ। ਗਸੋਂ ਉਸਦਾ ਤੋਖਲਾ ਹੋਰ ਵੱਧ ਗਿਆ। ਕਾਰਨ? ਕੁਤਾ ਹੁਣ ਬਿਲਕੁਲ ਬੂਹੇ ਦੇ ਲਾਗੇ ਗਲੀ ਵਿਚ ਬੈਠਾ ਹੋਵੇਗਾ ਤੇ ਇਸ ਜ਼ਾਲਮ ਨੇ ਕਦ ਬਲੂੰਗੜਾ ਅੰਦਰ ਆਉਣ ਦੇਣਾ ਹੈ।

ਇਸੇ ਬੇਚੈਨੀ ਵਿਚ ਉਹ ਪਤਾ ਨਹੀਂ ਕਿੰਨਾ ਚਿਰ ਛਟਪਟਾਂਦਾ ਰਿਹਾ ਤੇ

ਅਖ਼ੀਰ ਉਸ ਨੂੰ ਨੀਂਦ ਆ ਗਈ।

(੩)

"ਹੈਂ ਜੀ, ਤੁਸਾਂ ਬਾਰੀ ਨਹੀਂ ਸੀ ਬੰਦ ਕੀਤੀ?" ਪਰਭਾਤ ਵੇਲੇ ਨਾਲ ਉਮਾਂ ਦੇਵੀ ਨੇ ਪਾਸਾ ਪਰਤਿਆਂ ਹੋਇਆਂ ਪਤੀ ਨੂੰ ਕਿਹਾ–"ਕਿਡੀ ਠੰਢੀ ਵਾ ਆਉਣ ਡਹੀ ਹੋਈ ਏ।"

ਬਾਬੂ ਦੀਨਾ ਨਾਥ ਨੇ ਰਜਾਈ ਚੋਂ ਉਠ ਕੇ ਵੇਖਿਆ–ਬਾਰੀ ਖੁਲੀ ਹੋਈ ਸੀ, ਪਰ ਉਹ ਹੈਰਾਨੀ ਨਾਲ ਸੋਚਣ ਲੱਗਾ ਇਸ ਨੂੰ ਤਾਂ ਮੈਂ ਆਪ ਬੰਦ ਕਰਕੇ ਸੁੱਤਾ ਸਾਂ।

ਇਸ ਤੋਂ ਬਾਅਦ ਦੋਵੇਂ ਉਠ ਬੈਠੇ। ਉਨ੍ਹਾਂ ਨੂੰ ਬੜਾ ਫਿਕਰ ਹੋਣ ਲੱਗਾ ਜੋ ਬਾਰੀ ਕਿਸ ਤਰ੍ਹਾਂ ਖੁਲ ਗਈ। ਝੱਟ ਪੱਟ ਉਨ੍ਹਾਂ ਨੇ ਉਠ ਕੇ ਸੰਦੂਕਾਂ ਟਰੰਕਾਂ ਦੇ ਜੰਦਰੇ ਟੋਹਣੇ ਸ਼ੁਰੂ ਕਰ ਦਿੱਤੇ। ਸਭ ਕੁਝ ਜਿਉਂ ਦਾ ਤਿਉਂ ਸੀ। ਕੋਈ ਅੰਦਰ ਆਉਂਦਾ ਤਾਂ ਖ਼ਾਲੀ ਕਿਸ ਤਰ੍ਹਾਂ ਚਲਾ ਜਾਂਦਾ। ਤੇ ਨਾਲੇ ਬਾਬੂ ਦੀਨਾ ਨਾਥ ਆਪਣੇ ਹੱਥੀਂ ਬਾਰੀ ਦਾ ਕੁੰਡਾ ਅੜਾ ਕੇ ਸੁੱਤਾ ਸੀ। ਬਾਹਰਲਾ ਬੂਹਾ ਵੇਖਿਆ। ਉਹ ਵੀ ਜਿਉਂ ਦਾ ਤਿਉਂ ਬੰਦ ਸੀ–ਕੁੰਡਾ ਅੰਦਰੋਂ ਵੱਜਾ ਹੋਇਆ ਸੀ।

ਬਾਬੂ ਦੀਨਾ ਨਾਥ ਨੇ ਬੂਹਾ ਖੋਲ ਕੇ ਬਾਹਰ ਗਲੀ ਵਿਚ ਝਾਤੀ ਮਾਰੀ ਤਾਂ ਸਭ ਤੋਂ ਪਹਿਲਾਂ ਓਹੀ ਕਲ ਦਾ ਲਿਆਂਦਾ ਹੋਇਆ ਜੱਤ ਵਾਲਾ ਕੁਤਾ ਉਸ ਦੀ ਨਜ਼ਰੀ ਪਿਆ।

ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਜਗਦੀਸ਼ ਦੀ ਹੀ ਕਾਰਸਤਾਨੀ ਹੈ। ਮੁੰਡੇ ਦੀ ਬੇਸਮਝੀ ਉਤੇ ਉਸ ਨੂੰ ਖਿਝ ਆਈ, ਪਰ ਜਗਦੀਸ਼ ਸੁਤਾ ਪਿਆ ਸੀ, ਇਸ ਲਈ ਬਾਬੂ ਦੀਨਾ ਨਾਥ ਗੁੱਸਾ ਪੀ ਗਿਆ। ਹਾਂ, ਜੇ ਕਦੇ ਜਾਗਦਾ ਹੁੰਦਾ, ਤਾਂ ਜ਼ਰੂਰ ਦੋ ਚਾਰ ਝਿੜਕਾਂ ਤੇ ਇਕ ਅੱਧ ਚਪੇੜ ਉਹ ਖਾਂਦਾ।

ਪਰ ਉਮਾ ਦੇਵੀ ਨੇ ਜਦ ਪਤੀ ਦੀ ਜ਼ਬਾਨੀ ਇਹ ਗੱਲ ਸੁਣੀ ਤਾਂ ਉਸ ਦੇ ਬੁੱਲ੍ਹਾਂ ਚੋਂ ਹਾਸਾ ਨਿਕਲ ਗਿਆ।

ਬੂਹੇ ਬਾਰੀਆਂ ਬੰਦ ਕਰਕੇ ਜਦ ਦੀਨਾ ਨਾਥ ਲੰਮਾ ਪੈਣ ਲੱਗਾ ਤਾਂ ਉਸ ਦੀ ਨਜ਼ਰ ਜਗਦੀਸ਼ ਦੇ ਪੰਘੂੜੇ 'ਤੇ ਪਈ। ਬਲੂੰਗੜਾ ਜਗਦੀਸ਼ ਦੀ ਬਾਂਹ ਵਿਚ ਸਿਰ ਦੇਈ ਘੁਰ ਘੁਰ ਕਰ ਰਿਹਾ ਸੀ ਤੇ ਸੁੱਤੇ ਹੋਏ ਜਗਦੀਸ਼ ਦਾ ਹੱਥ ਸਹਿਜੇ ਸਹਿਜ ਉਸ ਦੀ ਪਿਠ 'ਤੇ ਫਿਰ ਰਿਹਾ ਸੀ। ਜਗਦੀਸ਼ ਦੇ ਚਿਹਰੇ ਉਤੇ ਇਸ ਵੇਲੇ ਮੁਸਕਰਾਹਟ ਖੇਡ ਰਹੀ ਸੀ।

"ਹੈਂ! ਬਦਜ਼ਾਤ ਫਿਰ ਆ ਵੜਿਆ!" ਕਹਿੰਦਿਆਂ ਕਹਿੰਦਿਆਂ ਦੀਨਾ ਨਾਥ ਨੇ ਜਗਦੀਸ਼ ਦੀ ਬਾਂਹ ਵਿਚੋਂ ਬਲੂੰਗੜਾ ਖਿੱਚ ਲਿਆ। ਇਸ ਦੇ ਨਾਲ ਹੀ ਜਗਦੀਸ਼ ਜਾਗ ਪਿਆ, ਉਸ ਨੇ ਆਪਣੇ ਬੂੰਗੇ ਨੂੰ ਵੇਖਿਆ, ਪਰ ਵਿਛੋੜੇ ਦੇ ਵੇਲੇ। ਮਿਲਾਪ ਦੀਆਂ ਸੁਨਿਹਰੀ ਘੜੀਆਂ ਕਿਵੇਂ ਬੀਤ ਗਈਆਂ, ਇਸ ਦਾ ਉਸ ਨੂੰ ਕੋਈ ਪਤਾ ਨਹੀਂ। ਉਸਨੇ ਅਰਮਾਨ ਭਰੀ ਨਜ਼ਰ ਨਾਲ ਆਪਣੀ ਨਿੱਘੀ ਬਾਂਹ ਵਿਚੋਂ ਬਲੂੰਗੜੇ ਨੂੰ ਖਚੀ ਦਾ ਵੇਖਿਆ–ਮਾਨੋ ਉਸ ਨੇ ਸੀਨੇ ਵਿਚੋਂ ਦਿਲ ਨੂੰ ਖਿਚੀਦਾ ਵੇਖਿਆ।

ਉਸਨੇ ਚਾਹਿਆ ਕਿ ਝਟ ਪਟ ਉਠ ਕੇ ਪਿਉ ਪਾਸੋਂ ਆਪਣੇ ਬੂੰਗੇ ਨੂੰ ਖੋਹ ਵਲੇ, ਪਰ ਪਿਉ ਦੀਆਂ ਲਾਲ ਲਾਲ ਅੱਖਾਂ ਤੇ ਗੁੱਸੇ ਭਰਿਆ ਚਿਹਰਾ ਵੇਖ ਕੇ ਉਸ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਬਲੂੰਗੜੇ ਨੇ ਤਾਂ ਨਹੁੰਦਰਾਂ ਦੀ ਮਦਦ ਨਾਲ ਆਪਣੇ ਗੁੱਸੇ ਨੂੰ ਕਿਸੇ ਹੱਦ ਤੱਕ ਪ੍ਰਗਟ ਕੀਤਾ, ਪਰ ਜਗਦੀਸ਼ ਵਿਚਾਰਾ ਆਪਣੇ ਪ੍ਰੀਤਮ ਵਿਛੋੜੇ ਨੂੰ ਕਿਸੇ ਤਰ੍ਹਾਂ

ਵੀ ਜ਼ਾਹਿਰ ਨਾ ਕਰ ਸਕਿਆ।

ਉਮਾ ਦੇਵੀ ਨੇ ਬਥੇਰਾ ਰੋਕਿਆ, ਵਾਸਤੇ ਪਾਏ, ਪਰ ਦੀਨਾ ਨਾਥ ਨੇ ਇਕ ਨਾ ਮੰਨੀ। ਉਸ ਨੇ ਝਟ ਪਟ ਨਾਲ ਦੀ ਕੋਠੜੀ ਵਿਚੋਂ ਨੌਕਰ ਮੁੰਡੇ ਨੂੰ ਆਵਾਜ਼ ਦਿੱਤੀ।

ਨੌਕਰ ਆਇਆ ਤੇ ਦੀਨਾ ਨਾਥ ਨੇ ਬਲੂੰਗੜਾ ਉਸ ਨੂੰ ਫੜਾਂਦਿਆਂ ਹੋਇਆ ਕਿਹਾ-"ਜਾਹ ਇਸ ਨੂੰ ਸ਼ਹਿਰੋਂ ਬਾਹਰ ਗੰਦੇ ਨਾਲੇ ਤੋਂ ਪਾਰ ਛੱਡ ਕੇ ਆ।"

"ਬਾਊ ਜੀ, ਮੇਰਾ ਬੂੰਗਾ!" ਬੜੀ ਦਰਦ ਭਰੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ।

ਬਾਬੂ ਦੀਨਾ ਨਾਥ ਨੂੰ ਉਸ ਉਤੇ ਇਕ ਤਾਂ ਅੱਠਾ ਆਨਿਆਂ ਦੇ ਖਿਡੌਣੇ ਦਾ ਗੁੱਸਾ ਸੀ, ਉਤੋਂ ਇਸ ਦਾ ਇਹ ਪਾਗਲਪੁਣਾ ਕਿ ਬਲੂੰਗੜੇ ਦੇ ਮੂੰਹ ਨਾਲ ਮੂੰਹ ਜੋੜ ਕੇ ਪਤਾ ਨਹੀਂ ਕਿੰਨੇ ਚਿਰ ਤੋਂ ਸੁੱਤਾ ਰਿਹਾ। ਉਸ ਨੇ ਇਕ ਹੌਲਾ ਜਿਹਾ ਥੱਪੜ ਜਗਦੀਸ਼ ਦੇ ਸਿਰ 'ਤੇ ਮਾਰ ਕੇ ਕਿਹਾ-"ਚੁੱਪ ਕਰਨਾ ਇਹ ਕਿ ਨਹੀਂ? ਬੂੰਗੇ ਦਾ ਬੱਚਾ! ਖ਼ਬਰਦਾਰ ਜੇ ਮੁੜ ਕੇ ਇਹਦਾ ਨਾਂ ਲਿਆ ਤੇ!"

ਉਮਾ ਦੇਵੀ ਪਾਸੋਂ ਮੁੰਡੇ ਦੀ ਹਾਲਤ ਦੇਖੀ ਨਾ ਗਈ। ਉਹ ਗਿੜ ਗਿੜਾ ਕੇ ਬੋਲੀ-"ਰਹਿਣ ਦਿਓ ਸੂ ਝਟ ਪਲ, ਕਿਉਂ ਮੁੰਡੇ ਦਾ ਦਿਲ ਤੋੜਦੇ ਓ'

ਪਰ ਦੀਨਾ ਨਾਥ ਦੇ ਦਿਲ 'ਤੇ ਇਸ ਦਾ ਕੋਈ ਵੀ ਅਸਰ ਨਾ ਹੋਇਆ। ਉਹ ਬੱਚੇ ਦੀ ਸਿਹਤ ਬਦਲੇ ਸਭ ਕੁਝ ਸਹਿਣ ਨੂੰ ਤਿਆਰ ਸੀ। ਘੁਰਕ ਕੇ ਉਸ ਨੂੰ ਕਹਿਣ ਲੱਗਾ-"ਤੂੰਹੀਓ ਤੇ ਬਹੁਤਾ ਇਸ ਨੂੰ ਸਿਰੇ ਚੜ੍ਹਾ ਛੱਡਿਆ ਏ। ਤੂੰ ਮੁੰਡੇ ਨੂੰ ਜ਼ਰੂਰ ਬੀਮਾਰ ਕਰ ਕੇ ਰਹਿਣਾ ਏ! ਤੈਨੂੰ ਇਕ ਵਾਰੀ ਜੂ ਸਮਝਾਇਆ ਏ, ਬਿਲੀਆ ਕੁੱਤੇ ਨਿਰਾ ਬੀਮਾਰੀ ਦਾ ਘਰ ਹੁੰਦੇ ਨੇ।" ਫਿਰ ਨੌਕਰ ਵੱਲ ਤੱਕ ਕੇ ਕਹਿਣ ਲੱਗਾ-"ਲੈ ਜਾ ਉਏ ਮੁੰਡਿਆ ਛੱਡ ਆ ਇਸ ਨੂੰ ਛੇਤੀ ਜਾਹ।"

ਜਗਦੀਸ਼ ਨੂੰ ਜੇ ਹੋਰ ਕਿਸੇ ਕਾਰਨ ਧੱਪਾ ਪੈਂਦਾ ਤਾਂ ਉਹ ਛੱਤ ਸਿਰ 'ਤੇ ਚੁੱਕ ਲੈਂਦਾ, ਪਰ ਇਸ ਵੇਲੇ ਉਹ ਕੁਸਕਿਆਂ ਤੱਕ ਨਹੀਂ। ਸਗੋਂ ਅਜਿਹੀ ਨਜ਼ਰ ਨਾਲ ਪਿਉ ਵੱਲ ਤੱਕਣ ਲੱਗਾ, ਮਾਨੋ ਉਸ ਨੇ ਕੋਈ ਬੜਾ ਭਾਰੀ ਕਸੂਰ ਕੀਤਾ ਹੈ। ਉਸਨੇ ਆਪਣੇ ਪਿਆਰੇ ਬਲੂੰਗੇ ਲਈ ਸ਼ਹਿਰ ਨਿਕਾਲੇ ਦਾ ਹੁਕਮ ਸੁਣਿਆ ਤੇ ਕਲੇਜਾ ਮਸੋਸ ਕੇ ਰਹਿ ਗਿਆ। ਜਦ ਬੂੰਗੇ ਨੂੰ ਉਸ ਨੇ ਇਕ ਵਾਰੀ ਨਜ਼ਰ ਭਰ ਕੇ ਵੇਖਣਾ ਚਾਹਿਆ, ਪਰ ਸਿਰ 'ਤੇ ਪਿਉ ਨੂੰ ਖੜਾ ਵੇਖ ਕੇ ਅੱਖਾਂ ਨਾ ਚੁੱਕ ਸਕਿਆ। ਅਖ਼ੀਰ ਜਦ ਸਾਰਾ ਤਾਣ ਲਾ ਕੇ ਉਸ ਨੇ ਨਜ਼ਰ ਫੇਰੀ ਵੀ, ਤਾਂ ਉਸ ਦਾ ਬੂੰਗਾ ਉਥੇ ਨਹੀਂ ਸੀ-ਉਸ ਦੇ ਪੁੰਨੂ ਨੂੰ ਹੋਤਾ ਨੇ ਦੂਰ ਪਹੁੰਚਾ ਦਿੱਤਾ ਸੀ।

ਸਾਰਾ ਦਿਨ ਜਗਦੀਸ਼ ਉਦਾਸ ਰਿਹਾ। ਉਹ ਘੜੀ ਮੁੜੀ ਕਿਸੇ ਬਹਾਨੇ ਗਲੀ ਦਾ ਮੋੜ ਭਉਂ ਕੇ ਬਜ਼ਾਰ ਦੇ ਸਿਰੇ ਤੀਕ ਜਾਂਦਾ ਤੇ ਜਿਥੇ ਤਕ ਉਸਦੀ ਨਜ਼ਰ ਜਾ ਸਕਦੀ ਸੀ, ਬਜ਼ਾਰ ਦੇ ਦੁਹਾਂ ਸਿਰਿਆਂ ਨੂੰ ਵੇਖਦਾ। ਪਰ ਹਰ ਵਾਰੀ ਉਸ ਨੂੰ ਨਿਰਾਸ਼ ਹੀ ਮੁੜਨਾ ਪੈਂਦਾ।

ਜਗਦੀਸ਼ ਨੂੰ ਪੱਕਾ ਵਿਸ਼ਵਾਸ਼ ਸੀ ਕਿ ਰਾਤ ਨੂੰ ਉਸ ਦਾ ਬੂੰਗਾ ਕਲ ਵਾਂਗ ਆ ਨਿਕਲੇਗਾ। ਕਲ ਦੀ ਬਾਬਤ ਉਸ ਨੂੰ ਘੜੀ ਮੁੜੀ ਅਫ਼ਸੋਸ ਹੁੰਦਾ ਕਿ ਉਹ ਕਿਉਂ ਨਾ ਜਾਗਦਾ ਰਿਹਾ, ਤਾਂ ਜੁ ਜਿੰਨਾ ਚਿਰ ਬੂੰਗਾ ਉਸ ਦੇ ਨਾਲ ਰਿਹਾ ਸੀ, ਉਹ ਰੱਜ ਕੇ ਉਸ ਨੂੰ ਪਿਆਰ ਤਾਂ ਕਰ ਲੈਂਦਾ।

ਅਖ਼ੀਰ ਉਸ ਨੇ ਫ਼ੈਸਲਾਂ ਕਰ ਲਿਆ ਕਿ ਅੱਜ ਸਾਰੀ ਰਾਤ ਨਹੀਂ ਸਵਾਂਗਾ।

ਜ਼ਰਾ ਕੁ ਉਸਦੀ ਅੱਖ ਲੱਗਣ ਲੱਗਦੀ ਤਾਂ ਉਹ ਝਟਪਟ ਸੁਚੇਤ ਹੋ ਜਾਂਦਾ ਤੇ

ਮੁੜ ਮੁੜ ਬਿਸਤਰੇ ਦੇ ਸੱਜੇ ਖੱਬੇ ਹਥ ਮਾਰਦਾ ਤੇ ਕਦੇ ਕਮਰੇ ਵਿਚ ਨਜ਼ਰ ਦੁੜਾਂਦਾ। ਸੁਤਿਆਂ ਸੁਤਿਆਂ ਕਿਸੇ ਵੇਲੇ ਉਸ ਦੇ ਕੰਨਾਂ ਨੂੰ 'ਮਿਆਉਂ' ਦਾ ਭਰਮ ਜਿਹਾ ਪੈਂਦਾ ਤੇ ਉਹ ਝਟ ਉਠ ਕੇ ਬੈਠ ਜਾਂਦਾ ਜਦ ਉਸ ਨੂੰ ਸਮਝ ਆਉਂਦੀ ਕਿ ਇਹ ਤਾਂ ਕੋਈ ਟਿੱਡੀ ਟੀ ਟੀ ਕਰ ਰਹੀ ਹੈ, ਅਥਵਾ ਉਸ ਦੇ ਸੁਤੇ ਹੋਏ ਬਾਬੂ ਜੀ ਦੇ ਸਾਹ ਲੈਣ ਦੀ ਆਵਾਜ਼ ਹੈ।

ਉਸ ਦੀ ਇਹ ਰਾਤ ਲਗਪਗ ਸਾਰੀ ਹੀ ਬੜੀ ਬੇਆਰਾਮੀ ਨਾਲ ਬੀਤੀ।

## (੪)

ਵੱਡੇ ਵੇਲੇ ਜਗਦੀਸ਼ ਆਪਣੇ ਨੀਯਤ ਸਮੇਂ ਜਾਗਿਆ। ਉਮਾ ਦੇਵੀ ਨੇ ਜਦ ਉਸ ਨੂੰ ਜਗਾਇਆ ਤਾਂ ਉਸ ਨੂੰ ਪਤਾ ਲੱਗਾ ਕਿ ਜਗਦੀਸ਼ ਨੂੰ ਪੰਜ ਪੱਠ ਬੁਖਾਰ ਚੜ੍ਹਿਆ ਹੋਇਆ ਹੈ।

ਬਾਬੂ ਦੀਨਾ ਨਾਥ ਅੱਜ ਸਾਰੀ ਰਾਤ ਦਫ਼ਤਰ ਵਿਚ ਬੈਚੇਨ ਜਿਹਾ ਰਿਹਾ। ਉਸ ਨੂੰ ਮੁੜ ਮੁੜ ਕੇ ਇਹੋ ਖ਼ਿਆਲ ਆਉਂਦਾ ਕਿ ਮੁੰਡੇ ਨੂੰ ਭਾਵੇਂ ਬਲੂੰਗੜੇ ਨੇ ਹੀ ਬੀਮਾਰ ਕਰ ਦਿੱਤਾ ਹੋਵੇ। ਉਮਾ ਦੇਵੀ ਉਤੇ ਉਸ ਨੂੰ ਘੜੀ ਮੁੜੀ ਗੁੱਸਾ ਆਉਂਦਾ। ਉਹ ਦਿਲ ਵਿਚ ਕਹਿੰਦਾ–ਇਸ ਨੂੰ ਹਜ਼ਾਰ ਵੇਰ੍ਹਾ ਸਮਝਾ ਚੁੱਕਾ ਸਾਂ ਕਿ ਬਿੱਲੀਆਂ ਦੇ ਨੱਕ ਮੂੰਹ ਦੀ ਗੰਦੀ ਹਵਾ ਬੜੀ ਖ਼ਤਰਨਾਕ ਹੁੰਦੀ ਹੈ–ਮੁੰਡੇ ਨੂੰ ਇਹਨਾਂ ਨਾਲ ਨਾ ਖੇਡਣ ਦਿਆ ਕਰੇ, ਪਰ ਇਸ ਬੇ ਸਮਝ ਤੀਵੀਂ ਨੇ ਇਕ ਨਾ ਸੁਣੀ। ਨਾ ਜਾਣੀਏਂ ਬਲੂੰਗੜੇ ਦਾ ਕੋਈ ਵਾਲ ਮੁੰਡੇ ਦੇ ਅੰਦਰ ਚਲਾ ਗਿਆ ਹੋਵੇ–ਮੂੰਹ ਨਾਲ ਮੂੰਹ ਲਾਈ ਤਾਂ ਮੈਂ ਉਸ ਨੂੰ ਆਪ ਵੇਖਿਆ ਸੀ।

ਬਾਬੂ ਦੀਨਾ ਨਾਥ ਅੱਜ ਵਕਤ ਤੋਂ ਪਹਿਲਾਂ ਹੀ ਦਫ਼ਤਰੋਂ ਆ ਗਿਆ। ਜਗਦੀਸ਼ ਬੁਖਾਰ ਨਾਲ ਬੇਸੁਰਤ ਪਿਆ ਸੀ। ਦੀਨਾ ਨਾਥ ਘੜੀ ਮੁੜੀ ਉਮਾ ਦੇਵੀ ਨੂੰ ਛਿੱਥਾ ਪੈਂਦਾਤੇ ਉਹ ਵਿਚਾਰੀ ਸਿਰ ਨੀਵਾਂ ਪਾ ਲੈਂਦੀ।

ਬੁਖਾਰ ਦਿਨੋਂ ਦਿਨ ਭਿਆਨਕ ਸ਼ਕਲ ਫੜਦਾ ਗਿਆ। ਅਖ਼ੀਰ ਦੀਨਾ ਨਾਥ ਨੂੰ ਦਫ਼ਤਰੋਂ ਕੁਝ ਦਿਨਾਂ ਦੀ ਛੁਟੀ ਲੈਣੀ ਪਈ।

## (੫)

ਸਿਆਲ ਦੀਆਂ ਲੰਮੀਆਂ ਰਾਤਾਂ ਅੱਖਾਂ ਵਿਚ ਤੇ ਦਿਨ ਨੱਠੋ ਭੱਜੀ ਵਿਚ ਬਤਾਇਆ ਪੂਰੇ ਤਿੰਨ ਹਫ਼ਤੇ ਹੋ ਗਏ। ਪਰ ਜਗਦੀਸ਼ ਨੇ ਮੰਜੇ ਦੀ ਸਾਂਝ ਨਾ ਛੱਡੀ। ਉਮਾ ਦੇਵੀ ਜਦ ਉਸ ਨੂੰ ਵੇਖਦੀ ਤਾਂ ਉਸ ਦਾ ਦਿਲ ਰੋ ਉਠਦਾ ਜਗਦੀਸ਼ ਵਿਚ ਹੁਣ ਬੋਲਣ ਚਾਲਣ ਦੀ ਵੀ ਸਮਰੱਥਾ ਨਹੀਂ ਸੀ। ਉਸਦੇ ਮਘਦੇ ਬੁਲ੍ਹਾ ਨਾਲ ਬੁਲ ਜੋੜੀ ਉਮਾ ਦੇਵੀ ਕਿੰਨਾ ਚਿਰ ਅੱਥਰੂਆਂ ਨਾਲ ਉਸਦਾ ਮੂੰਹ ਧੋਂਦੀ ਰਹਿੰਦੀ ਤੇ ਅੱਥਰੂ ਜਗਦੀਸ਼ ਦੇ ਬੁਲ੍ਹਾ ਚੋਂ ਆ ਰਹੇ ਸੇਕ ਨਾਲ ਗਰਮ ਹੋ ਜਾਂਦੇ।

ਦੀਨ ਨਾਥ ਤਾਂ ਮਾਨੋ ਪਾਗਲ ਹੀ ਹੋਇਆ ਫਿਰਦਾ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਏਨੀ ਛੇਤੀ ਇਹ ਕੀ ਭਾਣਾ ਵਰਤ ਗਿਆ ਹੈ। ਉਸ ਨੂੰ ਸਹੇ ਛੱਡ ਪਹੇ ਦੀ ਪੈ ਗਈ ਸੀ। ਜਗਦੀਸ਼ ਦੇ ਨਾਲ ਹੀ ਉਮਾ ਦੇਵੀ ਦੀ ਜਾਨ ਵੀ, ਉਸ ਨੂੰ ਖ਼ਤਰੇ ਵਿਚ ਦਿਸ ਰਹੀ ਸੀ, ਜਿਸ ਨੇ ਅੱਜ ਕਈਆਂ ਦਿਨਾਂ ਤੋਂ ਅੰਨ ਦਾ ਭੋਰਾ ਨਹੀਂ ਸੀ ਛੋਹਿਆ। ਦੀਨਾ ਨਾਥ ਦੀ ਫੁਲਵਾੜੀ ਫੁੱਲਾਂ ਸਣੇ ਮੁਰਝਾ ਰਹੀ ਸੀ।

ਦੂਹਾਂ ਪਤੀ ਪਤਨੀ ਲਈ ਅੱਜ ਰਾਤ ਖ਼ਾਸ ਤੌਰ ’ਤੇ ਡਾਢੀ ਹੀ ਮੁਸੀਬਤ ਦੀ ਸੀ, ਜਦ ਕਿ ਸ਼ਾਮ ਨੂੰ ਡਾਕਟਰ ਜਾਂਦਾ ਹੋਇਆ ਉਨ੍ਹਾਂ ਨੂੰ ਕਹਿ ਗਿਆ ਸੀ ਕਿ ਅੱਜ ਮੁੰਡੇ ਦਾ ਖ਼ਾਸ ਖ਼ਿਆਲ ਰੱਖਣਾ–ਜੇ ਰਾਤ ਸੁੱਖ ਸਾਂਦ ਦੀ ਲੰਘ ਗਈ ਤਾਂ ਵੱਡੇ ਵੇਲੇ ਸਵੇਰੇ ਹੀ ਮੈਨੂੰ ਖ਼ਬਰ ਕਰਨੀ।

ਦੂਹਾਂ ਵਹੁਟੀ ਗੱਭਰੂ ਨੇ ਬੈਠਿਆਂ ਤਿੰਨ ਪਹਿਰ ਬਤਾ ਦਿੱਤੇ। ਦੀਨਾ ਨਾਥ ਬਥੇਰੀ ਕੋਸ਼ਿਸ਼ ਕਰਦਾ ਕਿ ਜਗਦੀਸ਼ ਨੂੰ ਲੈ ਲਵੇ, ਪਰ ਉਮਾ ਦੇਵੀ ਇਕ ਮਿੰਟ ਲਈ ਵੀ ਉਸ ਨੂੰ ਆਪਣੀ ਗੋਦ ਤੋਂ ਵੱਖ ਨਹੀਂ ਸੀ ਕਰਨਾ ਚਾਹੁੰਦੀ। ਉਹ ਬਰਾਬਰ ਉਸਦੇ ਚਿਹਰੇ ’ਤੇ ਨਜ਼ਰ ਟਕਾਈ ਬੈਠੀ ਰਹੀ ਅਤੇ ਇਸੇ ਬੈਠਕ ਵਿਚ ਉਸ ਨੇ ਰਾਤ ਤੋਂ ਪਰਭਾਤ ਕਰ ਦਿੱਤੀ। ਜਗਦੀਸ਼ ਨੂੰ ਅੱਖ ਪੁੱਟਿਆਂ ਚੌਵੀਂ ਘੰਟੇ ਹੋ ਗਏ ਸਨ।

ਜਦ ਇਸੇ ਤਰ੍ਹਾਂ ਬੈਠਿਆਂ ਉਸ ਦਾ ਲੱਕ ਆਕੜ ਗਿਆ ਤੇ ਲੱਤਾਂ ਸਉਂ ਗਈਆਂ, ਤਾਂ ਉਮਾ ਦੇਵੀ ਨੇ ਪਤੀ ਵਲ ਤਕਿਆ, ਪਰ ਉਹ ਸੁਤਾ ਹੋਇਆ ਸੀ।

ਉਸ ਨੇ ਜਗਦੀਸ਼ ਨੂੰ ਮੰਜੇ ’ਤੇ ਪਾ ਦਿੱਤਾ ਤੇ ਆਪ ਉਠ ਕੇ ਖੜੀ ਹੋ ਗਈ। ਇਸੇ ਵੇਲੇ ਉਸ ਦ ਕੰਨਾਂ ਵਿਚ ਖਟ ਖਟ ਦੀ ਆਵਾਜ਼ ਪਈ, ਪਰ ਉਸ ਦਾ ਸਾਰਾ ਧਿਆਨ ਤਾਂ ਜਗਦੀਸ਼ ਵਲ ਸੀ। ਜਗਦੀਸ਼ ਦੀਆਂ ਅੱਖਾਂ ਅੱਜ ਉਂਝ ਹੀ ਡਰਾਉਂਣੀਆਂ ਜਿਹੀਆਂ ਜਾਪਦੀਆ ਸਨ। ਇਸ ਕਰਕੇ ਉਹ ਬਰਾਬਰ ਇਨ੍ਹਾਂ ਵਲ ਤੱਕ ਰਹੀ ਸੀ ਤੇ ਇਸ ਦੇ ਨਾਲ ਹੀ ਕਈ ਤਰ੍ਹਾਂ ਦੇ ਭੈੜੇ ਖਿਆਲ ਆ ਆ ਕੇ ਉਸ ਦੇ ਦਿਲ ਨੂੰ ਤੜਫਾ ਰਹੇ ਸਨ।

ਖਲਿਆਂ ਖਲਿਆਂ ਉਸ ਦਾ ਧਿਆਨ ਹੋਰ ਵਧੇਰੇ ਜਗਦੀਸ਼ ਵਲ ਖਿੱਚਿਆ ਗਿਆ। ਜਦ ਉਸ ਨੇ ਦੇਖਿਆ ਕਿ ਉਹ ਬੜੀ ਕੋਸ਼ਿਸ਼ ਨਾਲ ਅੱਖਾਂ ਖੋਲਣ ਦਾ ਯਤਨ ਕਰ ਰਿਹਾ ਹੈ ਤੇ ਉਸ ਦੇ ਬੁਲ੍ਹ ਵੀ ਕੁਝ ਫ਼ਰਕ ਰਹੇ ਸਨ।

ਝਟ ਪਟ ਮੰਜੇ ’ਤੇ ਬੈਠ ਕੇ ਉਸ ਨੇ ਜਗਦੀਸ਼ ਨੂੰ ਗੋਦ ਵਿਚ ਲੈ ਲਿਆ। ਇਸ ਵੇਲੇ ਫੇਰ ਉਸ ਨੂੰ ਬਾਹਰੋਂ ਆਵਾਜ਼ ਆਈ, ਜਿਸ ਤਰ੍ਹਾਂ ਕੋਈ ਬੂਹੇ ਨੂੰ ਖਰੋਚ ਰਿਹਾ ਹੈ। ਉਸ ਨੇ ਫਿਰ ਵੀ ਉਸ ਪਾਸੇ ਧਿਆਨ ਨਾ ਦਿੱਤਾ, ਕਿਉਂ ਕਿ ਜਗਦੀਸ਼ ਇਸ ਵੇਲੇ ਅੱਧ ਖੁਲੀਆਂ ਅੱਖਾਂ ਨਾਲ ਮਾਂ ਵੱਲ ਤਕ ਰਿਹਾ ਸੀ। ਨਾਲ ਹੀ ਬੁਲ੍ਹਾ ਵਿਚ ਕੁਝ ਕਹਿ ਰਿਹਾ ਸੀ, ਜਿਸ ਨੂੰ ਉਮਾਂ ਦੇਵੀ ਸਮਝਣ ਦਾ ਯਤਨ ਕਰ ਰਹੀ ਸੀ।

ਜਗਦੀਸ਼ ਨੂੰ ਕਈ ਦਿਨਾਂ ਬਾਅਦ ਅੱਜ ਅਚਾਨਕ ਇਸ ਤਰ੍ਹਾਂ ਦੀ ਹਰਕਤ ਕਰਦਾ ਵੇਖ ਕੇ ਉਮਾਂ ਦੇਵੀ ਦੇ ਅੰਦਰ ਇਕ ਖੁਸ਼ੀ ਦੀ ਲਹਿਰ ਦੌੜ ਗਈ। ਪਰ ਝਟ ਹੀ ਇਕ ਹੋਰ ਡਰਾਉਣੇ ਖਿਆਲ ਨੇ ਆ ਕੇ ਉਸ ਦਾ ਗਲਾ ਘੁੱਟ ਲਿਆ। ਉਸ ਨੂੰ ਖ਼ਿਆਲ ਆ ਗਿਆ ਕਿ ਅੰਤਿਮ ਘੜੀਆਂ ਉਤੇ ਰੋਗੀ ਅਕਸਰ ਇਹੋ ਜਿਹੀਆਂ ਹਰਕਤਾਂ ਕਰਿਆਂ ਕਰਦੇ ਹਨ ਤੇ ਕੁਝ ਚੇਤੰਨ ਵੀ ਹੋ ਜਾਇਆ ਕਰਦੇ ਹਨ।

ਉਸ ਨੇ ਜਗਦੀਸ਼ ਦੇ ਮੱਥੇ ’ਤੇ ਹੱਥ ਫੇਰਦਿਆਂ ਸਹਿਮ ਭਰੀ ਆਵਾਜ਼ ਵਿਚ ਕਿਹਾ–“ਜਗਦੀਸ਼! ਕਿਉਂ ਕਾਕਾ? ਕੀ ਕਿਹਾ ਈ? ਉਚੀ ਬੋਲ ਕੇ.......”

ਉਸ ਦਾ ਵਾਕ ਅਜੇ ਖ਼ਤਮ ਵੀ ਨਹੀਂ ਸੀ ਹੋਇਆ ਕਿ ਬਾਹਰੋਂ ਬੜੀ ਧੀਮੀ ਜਿਹੀ ਆਵਾਜ਼ ਆਈ,“ਮਿਆਊ” ਤੇ ਨਾਲ ਹੀ ਇਸ ਨਾਲੋਂ ਵੀ ਧੀਮੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆਂ–“ਬੀਬੀ ਬਲੂੰਗੜਾ”। ਤੇ ਹਥ ਦਾ ਇਸ਼ਾਰਾ ਉਸ ਨੇ ਬੂਹੇ ਵੱਲ ਕੀਤਾ।

ਜਿਸ ਤਰ੍ਹਾਂ ਕੋਈ ਸੁਤਾ ਤ੍ਰਭਕ ਉਠਦਾ ਹੈ, ਇਸ ਤਰ੍ਹਾਂ ਉਮਾਂ ਦੇਵੀ ਨੂੰ ਇਕ

ਭੁਲੀ ਹੋਈ ਯਾਦ ਆ ਗਈ ਤੇ ਉਹ ਬਿਨਾਂ ਇਕ ਪਲ ਠਹਿਰਨ ਦੇ ਬੂਹੇ ਵਲ ਨੱਸੀ।

ਉਸਨੇ ਬੂਹਾ ਖੋਲਿਆ। ਇਕ ਮਰੀਅਲ ਜਿਹਾ ਬਲੂੰਗੜਾ–ਜਿਸ ਦਾ ਸਰੀਰ ਕੇਵਲ ਹੱਡੀਆਂ ਤੇ ਖੱਲੜੀ ਮਾਤਰ ਹੀ ਸੀ–ਅਗਲੇ ਪੰਜਿਆਂ ਨਾਲ ਬੂਹੇ ਨੂੰ ਖਰੋਚ ਰਿਹਾ ਸੀ ਤੇ ਬੂਹਾ ਖੁਲਦਿਆ ਹੀ ਦਲੀਜ ਟੱਪਣ ਲਈ ਜ਼ੋਰ ਲਾਉਣ ਲੱਗਾ।

ਇਧਰ ਬਲੂੰਗੜਾ ਦਲੀਜ ਟੱਪਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਧਰ ਜਗਦੀਸ਼ ਉਠਣ ਦੀਆਂ ਅਸਫਲ ਕੋਸ਼ਿਸ਼ਾਂ ਕਰ ਰਿਹਾ ਸੀ। ਪਰ ਦੋਹਾਂ ਨੂੰ ਹੋਰ ਖੇਚਲ ਕਰਨ ਦੀ ਲੋੜ ਨਾ ਪਈ। ਦੂਜੇ ਪਲ ਹੀ ਉਮਾ ਦੇਵੀ ਨੇ ਚਿੱਕੜ ਮਿਟੀ ਨਾਲ ਲਿਬੜਿਆ ਬਲੂੰਗੜਾ ਲਿਆ ਕੇ ਜਗਦੀਸ਼ ਦੀ ਛਾਤੀ ’ਤੇ ਰੱਖ ਦਿੱਤਾ।

ਜਗਦੀਸ਼ ਦੇ ਚਿਹਰੇ ’ਤੇ ਇਕ ਅਨੋਖੀ ਮੁਸਕਰਾਹਟ ਆਈ ਤੇ ਉਹ ਕਾਹਲੇ ਸਾਹ ਲੈਂਦਾ ਹੋਇਆ ਉਮਾ ਦੇਵੀ ਵਲ ਤੱਕ ਕੇ ਬੋਲਿਆ–“ਬੀਬੀ ਬੂੰਗਾ–ਮੇਆ ਬੂੰਗਾ!”

ਇਸ ਵੇਲੇ ਦੀਨਾ ਨਾਥ ਦੀ ਵੀ ਅੱਖ ਖੁੱਲ ਗਈ ਸੀ ਤੇ ਉਹ ਇਕ ਸੁਨਹਿਰੀ ਸੁਪਨੇ ਵਾਂਗ ਇਹ ਸਭ ਕੁਝ ਵੇਖ ਰਿਹਾ ਸੀ। ਉਮਾ ਦੇਵੀ ਤਾਂ ਖੁਸ਼ੀ ਨਾਲ ਦਿਲ ਛਾਤੀਓ ਬਾਹਰ ਨਿਕਲ ਨਿਕਲ ਪੈਂਦਾ ਸੀ। ਉਸ ਨੇ ਪਤੀ ਵਲ ਇਕ ਭੇਤ ਭਰੀ ਨਜ਼ਰ ਨਾਲ ਤੱਕਿਆ ਤੇ ਦੀਨਾ ਨਾਥ ਨੇ ਖੁਸ਼ੀ ਭਰੀ ਸ਼ਰਮਿੰਦਗੀ ਨਾਲ ਸਿਰ ਨੀਵਾਂ ਪਾ ਲਿਆ।

ਬਲੂੰਗੜਾ ਕੀ ਆਇਆ, ਜਗਦੀਸ਼ ਲਈ ਧਨੰਤਰ ਵੈਦ ਆ ਗਿਆ। ਅੱਧੇ ਘੰਟੇ ਦੇ ਅੰਦਰ ਅੰਦਰ ਉਹ ਚੰਗੀ ਤਰ੍ਹਾਂ ਹਿਲਣ ਜੁਲਣ ਜੋਗਾ ਹੋ ਗਿਆ। ਇਸ ਵੇਲੇ ਬਲੂੰਗੜਾ ਉਸ ਦੀ ਛਾਤੀ ਨਾਲ ਸੀ ਤੇ ਮੂੰਹ ਉਸ ਦੇ ਮੂੰਹ ਨਾਲ। ਦੀਨਾ ਨਾਥ ਹੈਰਾਨ ਹੋਇਆ। ਉਹਨਾਂ ਦਾ ਇਹ ਕੌਤਕ ਵੇਖ ਰਿਹਾ ਸੀ। ਬਲੂੰਗੜੇ ਨੂੰ ਜਗਦੀਸ਼ ਪਾਸੋਂ ਖੋਹਣਾ ਅੱਗੇ ਨਾਲੋਂ ਬਹੁਤ ਸੁਖਾਲਾ ਕੰਮ ਸੀ–ਜਦ ਕਿ ਨਾ ਤਾਂ ਜਗਦੀਸ਼ ਵਿਚ ਹੀ ਅੜੀ ਕਰਨ ਦੀ ਤਾਕਤ ਸੀ ਅਤੇ ਨਾ ਹੀ ਬਲੂੰਗੜਾ ਨਹੁੰਦਰਾਂ ਮਾਰਨ ਜੋਗਾ ਸੀ, ਪਰ ਦੀਨ ਨਾਥ ਵਿਚ ਏਨੀ ਤਾਕਤ ਕਿਥੇ ਸੀ ਜੁ ਇਨ੍ਹਾਂ ਦੋਹਾਂ ਚਿਰੀ ਵਿਛੁੰਨੀਆਂ ਰੂਹਾਂ ਨੂੰ ਨਿਖੇੜ ਸਕਦਾ!

ਰੋਜ਼ ਦੇ ਨੇਮ ਅਨੁਸਾਰ ਉਸਨੇ ਜਗਦੀਸ਼ ਨੂੰ ਜਦ ਥਰਮਾਮੀਟਰ ਲਾ ਕੇ ਵੇਖਿਆਤਾਂ ਬੁਖਾਰ–ਜਿਹੜਾ ਰਾਤੀ ੧੦੪ ਤੋਂ ਵੀ ਉਪਰ ਸੀ–ਇਸ ਵੇਲੇ ਨਾਰਮਲ ਡਿਗਰੀ ’ਤੇ ਪੁਜਾ ਹੋਇਆ ਸੀ।

ਇਸ ਵੇਲੇ ਨੌਕਰ ਆਇਆ ਤੇ ਕਹਿਣ ਲੱਗਾ–“ਬਾਊ ਜੀ! ਡਾਕਟਰ ਵਲ ਜਾਵਾਂ? ਕੀ ਕਹਾਂ ਉਸ ਨੂੰ?”

ਦੀਨਾ ਨਾਥ ਦੇ ਉਤਰ ਦੇਣ ਤੋਂ ਪਹਿਲਾਂ ਹੀ ਉਮਾ ਦੇਵੀ ਮੁਸਕਰਾਉਂਦੀ ਹੋਈ ਨੌਕਰ ਨੂੰ ਕਹਿਣ ਲੱਗੀ–“ਨਹੀਂ, ਹੁਣ ਡਾਕਟਰ ਵਲ ਜਾਣ ਦੀ ਲੋੜ ਨਹੀਂ –ਸਾਡੇ ਘਰ ‘ਵੱਡਾ ਡਾਕਟਰ’ ਆ ਗਿਆ ਹੈ।”

–0–

## ਮਾਂ ਦੀ ਦੌਲਤ

ਸ਼ਹਿਰੋਂ ਪਰੇ ਕਰ ਕੇ ਇਕ ਕੱਚੇ ਕੋਠੇ ਅੱਗੇ ਨਿੱਕੇ ਜਿਹੇ ਵਿਹੜੇ ਵਿਚ ਬੈਠੀ ਇਕ ਗ਼ਰੀਬ ਸੁੰਦਰੀ ਪੁਰਾਣੇ ਝੱਗੇ ਨੂੰ ਟਾਕੀਆਂ ਲਾ ਰਹੀ ਸੀ।

ਨਿੱਕਾ ਮੁੰਡਾ ਉਸ ਦੇ ਗੋਡੇ ਮੁੱਢ ਬੈਠਾ ਖੇਡ ਰਿਹਾ ਸੀ, ਜਿਸ ਦੇ ਹੱਥ ਵਿਚ ਚੱਪਾ ਕੁ ਜੁਆਰ ਦੀ ਰੋਟੀ ਸੀ। ਉਹ ਕੁਝ ਖਾਂਦਾ ਅਤੇ ਕੁਝ ਭੋਰ ਭੋਰ ਕੇ ਸੁੱਟੀ ਜਾਂਦਾ।

ਵੱਡਾ ਮੁੰਡਾ ਰਤਾ ਕੁ ਪਰਾ ਬੈਠਾ ਆਪਣੀ ਹੀ ਖੇਡ ਵਿਚ ਮਸਤ ਸੀ। ਉਹ ਗਿੱਲੀ ਮਿੱਟੀ ਨੂੰ ਮਧੋਲ ਕੇ ਟਿੱਕੀਆਂ ਬਣਾਉਂਦਾ ਤੇ ਫਿਰ ਉਨ੍ਹਾਂ ਨੂੰ ਕੰਧ ਨਾਲ ਲਾਈ ਜਾਂਦਾ।

ਪਾਰੋ ਆਪਣੇ ਧਿਆਨ ਕੰਮ ਲੱਗੀ ਹੋਈ ਸੀ। ਉਸ ਦਾ ਧਾਗਾ ਮੁੱਕ ਗਿਆ। ਉਸ ਨੇ ਇਕ ਮੁੱਢਾ ਆਪਣੇ ਗੋਡੇ ਕੋਲ ਰੱਖਿਆ ਹੋਇਆ ਸੀ, ਪਰ ਹੁਣ ਉਸ ਨੂੰ ਲੱਭਦਾ ਨਹੀਂ ਸੀ।

ਉਹ ਛਿੱਥੀ ਹੋ ਕੇ ਮੁੰਡੇ ਨੂੰ ਪੁੱਛਣ ਲੱਗੀ–“ਵੇ ਸੁਰਿੰਦਰ ਸੜਿੰਦਰ! ਮੁੱਢਾ ਤੂੰ ਚੁੱਕਿਆ ਏ ਏਥੋਂ?”

ਮੁੰਡੇ ਨੇ ਖੇਡ ਦੇ ਖਿਆਲ ਵਿਚ ਮਾਂ ਦੀ ਗੱਲ ਦੀ ਪਰਵਾਹ ਹੀ ਨਾ ਕੀਤੀ। ਇਸ ਵੇਲੇ ਪਾਰੋ ਦਾ ਧਿਆਨ ਨਿੱਕੇ ਮੁੰਡੇ ਮਹਿੰਦਰ ਵਲ ਗਿਆ। ਉਹ ਰੋਟੀ ਦੇ ਟੁੱਕੜੇ ਅਤੇ ਧਾਗੇ ਦੇ ਮੁੱਢੇ ਨੂੰ ਪਾਣੀ ਵਿਚ ਡੋਬ ਡੋਬ ਕੇ ਭੋਇੰ ਤੇ ਪੋਚਾ ਪਾ ਰਿਹਾ ਸੀ।

ਇਹ ਵੇਖ ਕੇ ਪਾਰੋ ਗੁੱਸੇ ਨਾਲ ਲਾਲ ਹੋ ਗਈ। ਉਸ ਦੇ ਪਤੀ ਦਾ ਝੱਗਾ ਅੱਜ ਕਈ ਦਿਨਾਂ ਤੋਂ ਪਾਟਾ ਹੋਇਆ ਸੀ, ਪਰ ਧਾਗਾ ਨਾ ਹੋਣ ਕਰਕੇ ਉਹ ਇਸ ਨੂੰ ਸਿਉਂ ਨਹੀਂ ਸੀ ਸਕੀ। ਅੰਤ ਜਦ ਝੱਗੇ ਦੇ ਉਕੇ ਹੀ ਪਛਛੇ ਲੱਥ ਗਏ, ਤਾਂ ਹਾਰ ਕੇ ਉਸ ਨੇ ਗੁਆਂਢਣ ਨੂੰ ਪਾ ਪੱਕੀਆਂ ਪੂਣੀਆਂ ਕੱਤ ਦੇਣ ਦਾ ਇਕਰਾਰ ਕਰਕੇ ਇਕ ਮੁੱਢਾ ਉਸ ਪਾਸੋਂ ਲਿਆ ਸੀ। ਅਤੇ ਮੁਢੇ ਦਾ ਇਹ ਹਾਲ?

ਉਸ ਨੇ ਮਹਿੰਦਰ ਨੂੰ ਬਾਹੋਂ ਫੜ ਕੇ ਜ਼ੋਰ ਦੀ ਆਪਣੇ ਵਲ ਖਿੱਚਿਆ ਤੇ ਚਪੇੜਾ ਠੋਕਦੀ ਹੋਈ ਬੋਲੀ–“ਤੇਰੀ ਬੇੜੀ ਗਰਕ ਜਾਏ ਰੰਡੀ ਛੱਡਣਿਆ, ਇਹ ਕੀ ਕੀਤਾ, ਮਰ ਜਾਏਂ ਤੂੰ? ਨਾ ਹੋਵੇ ਖੇਡਾਂ ਖੇਡਣ ਜੋਗਾ ਰੱਬ ਕਰਕੇ।”

ਇਸ ਵੇਲੇ ਬਾਹਰੋਂ ਆਵਾਜ਼ ਆਈ–‘ਪਕੌੜੇ ਕਰਾਰੇ ਮਸਾਲਿਆਂ ਵਾਲੇ’। ਸੁਰਿੰਦਰ ਨੂੰ ਟਿੱਕੀਆਂ ਬਣਾਉਣੀਆਂ ਭੁੱਲ ਗਈਆਂ ਤੇ ਉਹ ਚਿੱਕੜ ਵਾਲੇ ਹੱਥ ਝੱਗੇ ਨਾਲ ਪੂੰਝਦਾ ਹੋਇਆ ਮਾਂ ਕੋਲ ਆ ਕੇ ਕਹਿਣ ਲੱਗਾ–“ਮਾਂ ਪੈਤਾ ਦੇ, ਥੇਤੀ ਵੀ ਹੋ ਪਕੋਰਿਆ ਵਾਲਾ ਚਲਾ ਜਾਵੇਗਾ।” ਉਸ ਦਾ ਗੁਸਾ ਹੋਰ ਤੇਜ਼ ਹੋ ਉਠਿਆ। ਹਥ ਵਾਲਾ ਮੁਢਾ ਜਿਸ ਨੂੰ ਉਹ ਧੋ ਰਹੀ ਸੀ–ਬੰਨੀ ’ਤੇ ਰੱਖਦੀ ਹੋਈ ਬੋਲੀ–“ਦਫ਼ਾ ਹੋ, ਪੈਸਾ ਦੇ ਨਾ ਅੱਗ ਪਾ ਏਹਦੇ ਸਿਰ ਵਿਚ। ਰੁੜ੍ਹ ਜਾਣੇ ਜੱਮ, ਨਾ ਮਰਦੇ ਨੇ ਨਾ ਮਗਰੋਂ ਲਹਿੰਦੇ

ਨੇ!"

ਮੁੰਡਾ ਮੱਛਰ ਪਿਆ, ਮੋਢੇ ਹਿਲਾਂਦਾ, ਲੱਤਾਂ ਭੁੜਕਾਂਦਾ ਤੇ ਬਾਹਾਂ ਛੰਡਦਾ ਹੋਇਆ ਉਹ ਮਾਂ ਦੀ ਲੱਤ ਨੂੰ ਜੱਫੀ ਪਾ ਕੇ ਐਸਾ ਜ਼ਿਦੇ ਪਿਆ ਕਿ ਛਡਣ ਦਾ ਨਾਂ ਹੀ ਨਹੀਂ ਲੈਂਦਾ। ਪਕੌੜਿਆ ਵਾਲੇ ਦੀ ਆਵਾਜ਼ ਜਿਉਂ ਜਿਉਂ ਦੂਰ ਹੁੰਦੀ ਜਾਂਦੀ ਸੀ। ਤਿਉਂ ਤਿਉਂ ਉਹ ਦੂਹਰਾ ਤੀਹਰਾ ਹੁੰਦਾ ਜਾ ਰਿਹਾ ਸੀ। ਮਾਂ ਨੂੰ ਛਡ ਕੇ ਉਹ ਭੁੰਜੇ ਲੇਟਣੀਆਂ ਲੈਣ ਲੱਗ ਪਿਆ ਤੇ ਲੇਟਿਆ ਵੀ ਓਸ ਥਾਂ ਤੇ ਜਿੱਥੇ ਮਹਿੰਦਰ ਨੇ ਚਿੱਕੜ ਕੀਤਾ ਹੋਇਆ ਸੀ। ਉਸ ਦਾ ਝੱਗਾ ਸਾਰਾ ਚਿੱਕੜ ਨਾਲ ਲੱਥ ਪੱਥ ਹੋ ਗਿਆ ਸੀ।

ਪਾਰੋ ਦਾ ਕ੍ਰੋਧ ਹੋਰ ਵਧ ਗਿਆ ਤੇ ਉਹ ਉਹਨੂੰ ਲੱਤਾਂ ਨਾਲ ਕੁੱਟਣ ਲੱਗ ਪਈ।

ਪਾਟੇ ਹੋਏ ਛਿੱਤਰ ਘਸੀਟਦਾ ਤੇ ਸਿ ਤੋਂ ਪੈਰਾਂ ਨਾਲ ਘੱਟੇ ਨਾਲ ਲਿਬੜਿਆ ਹੋਇਆ ਇਕ ਦਮ ਸੁਕੜ ਜਿਹਾ ਇਕ ਗੱਭਰੂ ਅੰਦਰ ਆਇਆ। ਉਹਦੀ ਪਿੱਠ ਪਿਛੇ ਛੋਟੀ ਜਿਹੀ ਸੱਕਾਂ ਦੀ ਗੰਢੜੀ ਸੀ, ਜਿਸ ਨੂੰ ਆਉਂਦਿਆਂ ਹੀ ਉਹਨੇ ਇਕ ਨੁਕਰੇ ਰੱਖ ਦਿੱਤਾ।

ਦੁਹਾਂ ਮੁੰਡਿਆਂ ਦੇ ਚੀਕ ਚਿਹਾੜੇ ਨੇ ਘਰ ਨੂੰ ਸਿਰ 'ਤੇ ਚੁੱਕਿਆ ਹੋਇਆ ਸੀ। ਤ੍ਰੇਹ ਤੇ ਗਰਮੀ ਨਾਲ ਭਾਵੇਂ ਭਗਤ ਸਿਉਂ ਘਬਰਾਇਆ ਹੋਇਆ ਸੀ। ਪਰ ਉਸ ਨੂੰ ਸਭ ਕੁਝ ਭੁਲ ਗਿਆ। ਉਹਨੇ ਛੇਤੀ ਨਾਲ ਜਾਕੇ ਪਹਿਲਾਂ ਛੋਟੇ ਨੂੰ ਕੁਛੜ ਲਿਆ, ਫਿਰ ਵਡੇ ਨੂੰ ਉਠਾ ਕੇ ਗਲ ਨਾਲ ਲਾਇਆ। ਤੇ ਉਹ ਪਾਰੋ ਵਲ ਘੂਰੀ ਵਟ ਕੇ ਬੋਲਿਆ–"ਇਨ੍ਹਾਂ ਵਿਚਾਰਿਆਂ 'ਤੇ ਅੱਜ ਕਾਹਦੀ ਕਰੋਪੀ ਆ ਗਈ ਏ ਜੁ ਕੋਹਣ ਡਹੀ ਹੋਈ ਐਂ?"

ਪਾਰੋ ਬੋਲੀ"ਵਿਚਾਰੇ ਨੇ ਕਿ ਸਾਹਣ ਨੇ ਰੁੜ ਜਾਣੇ। ਇਨ੍ਹਾਂ ਮਰ ਜਾਣਿਆਂ ਨੇ ਤੇ ਮੇਰੀ ਜਾਨ ਵੀ ਖਾ ਲਈ ਏ।" ਤੇ ਉਸਨੇ ਵਾਰੋ ਵਾਰੀ ਦੁਹਾਂ ਦੀ ਕਾਰਗੁਜ਼ਾਰੀ ਪਤੀ ਨੂੰ ਬਹਿ ਕੇ ਸੁਣਾਈ।

ਦੁਹਾਂ ਦੇ ਮੂੰਹ ਚੁੰਮ ਕੇ ਪਿਆਰ ਨਾਲ ਪੁਚਕਾਰਦਾ ਹੋਇਆ ਭਗਤ ਸਿੰਘ ਬੋਲਿਆ–"ਤੇ ਹੋਇਆ ਕੀ ਫਿਰ ਹਨੇਰ ਕਿਧਰ ਆ ਗਿਆ। ਮੁਢਾ ਸੀ ਕਿ ਸੋਨੇ ਦਾ ਕੰਗਣ! ਨਿਆਣੇ ਬਾਲ ਜੂ ਹੋਏ। ਵਡੇ ਵਿਚਾਰੇ ਨੂੰ ਇਕ ਪੈਸਾ ਦੇ ਦੇਂਦੀਓਂ ਤਾਂ ਗਰਕੀ ਆ ਚੱਲੀ ਸੀ?"

ਪਾਰੋ ਗੁਸੇ ਨਾਲ ਬੋਲੀ–"ਤੁਹਾਡਿਆਂ ਲਾਡਾਂ ਨੇ ਤਾਂ ਇਨ੍ਹਾਂ ਦੀਆਂ ਜੜ੍ਹਾਂ ਪੁੱਟ ਛੱਡੀਆਂ ਨੇ। ਅਗੋਂ ਮਤ ਨਾ ਦੇਣੀ ਤੇ ਉਲਟਾ ਸਗੋਂ ਹੋਰ ਭੂਏ ਕਰਨਾ! ਇਨ੍ਹਾਂ ਰੰਡੀ ਛੱਡਣਿਆਂ ਨੇ ਤਾਂ ਆਪੋ ਅਖੜਾਂਦੀਆਂ ਕਰਨੀਆਂ ਹੋਈਆਂ!"

ਸੁਰਿੰਦਰ ਦਾ ਲਿਬੜਿਆ ਝੱਗਾ ਉਤਾਰਦਿਆਂ ਹੋਇਆਂ ਭਗਤ ਸਿੰਘ ਬੋਲਿਆ– "ਉਂਜ ਈ ਮਾਰ ਸੁੱਟ ਖਾਂ ਸੰਘੀ ਨਹੁੰ ਦੇ ਕੇ। ਅਖੜਖਾਂਦੀਆਂ ਕਰਨੀਆਂ ਹੋਈਆਂ! ਬਾਲ ਨੇ, ਕੋਈ ਸਿਆਣੇ ਤੇ ਨਹੀਂ ਨਾ। (ਮੁੰਡੇ ਦੀ ਪਿੱਠ ਤੇ ਮਾਰ ਦੇ ਨਿਸ਼ਾਨ ਦੇਖਦੇ ਹੋਏ) ਦਫਾ ਹੋਣੀਏ! ਇਉਂ ਮਾਰੀਦਾ ਏ ਕਸਾਈਆਂ ਵਾਂਗ ਬਾਲਾਂ ਨੂੰ?"

ਪਤੀ ਨੂੰ ਉਂਗਲ ਨਾਲ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਤੇ ਬੁੱਲ੍ਹਾ ਤੇ ਜੀਭ ਫੇਰਦਿਆਂ ਵੇਖ ਕੇ ਪਾਰੋ ਨੂੰ ਆਪਣੀ ਮੂਰਖਤਾ ਦਾ ਖਿਆਲ ਆਇਆ। ਉਹ ਅੰਦਰ ਜਾ ਕੇ ਪਾਣੀ ਦਾ ਗੜਵਾ ਲਿਆਈ ਤੇ ਬੋਲੀ–"ਲੈ ਮੂੰਹ ਹੱਥ ਧੋਵੋ, ਛਡੋ ਪਰ੍ਹੇ, ਇਨ੍ਹਾਂ ਖਸਮਾਂ ਖਾਣਿਆਂ ਦਾ ਸਿਆਪਾ। ਇਨ੍ਹਾਂ ਦਾ ਤਾਂ ਦਿਨੇ ਰਾਤ ਇਹੋ ਹਾਲ ਏ। ਖਾਂਦੇ ਪੀਂਦੇ ਮਰਦੇ ਰਹਿੰਦੇ ਨੇ। ਦੱਸਣ ਤੇ ਸਹੀ ਕਿਹੜੀ ਗੱਲੋਂ ਕਦੇ ਊਣੇ ਰੱਖਿਆ ਇਹ ਇਹਨਾਂ ਨੂੰ? ਜਿਹੜੀ ਚੀਜ਼ ਔਂਦੀ ਏ ਪਹਿਲਾਂ ਲੈ ਕੇ ਦੇਈਦੀ ਏ। ਇਕ ਵੇਲੇ ਨਾ ਜੁ ਕੋਲ ਪੈਸਾ

ਹੋਇਆ ਤੇ ਫਿਰ ਤੇ ਫਿਰ ਇਸ ਤਰ੍ਹਾਂ ਭੰਡੀ ਪਾ ਬਹਿਣੀ ਚੰਗੀ ਗੱਲ ਹੁੰਦੀ ਏ ? ਵੇਖਣ ਸੁਣਨ ਵਾਲੇ ਕਹਿੰਦੇ ਹੋਣਗੇ ਜਿਕਣ ਇਨ੍ਹਾਂ ਕਦੇ ਕੁਝ ਡਿੱਠਾ ਹੀ ਨਹੀਂ।”

ਹੱਥ ਮੂੰਹ ਧੋ ਕੇ ਚਾਦਰ ਦੀ ਕੰਨੀ ਨਾਲ ਮੂੰਹ ਪੂਝ ਕੇ ਭਗਤ ਸਿੰਘ ਕੋਲ ਪਈ ਮੰਜੀ ਡਾਹ ਕੇ ਬੈਠ ਗਿਆ ਪਾਰੋ ਉਹਦੇ ਪੀਣ ਲਈ ਪਾਣੀ ਲੈਣ ਗਈ। ਕਟੋਰਾ ਭਰਨ ਤੋਂ ਬਾਅਦ ਉਹਨੇ ਕੁੱਜਾ ਫਰੋਲਿਆ। ਅਜੇ ਵੱਡੇ ਵੇਲੇ ਹੀ ਉਸ ਨੇ ਇਹਦੇ ਵਿਚ ਕਿੰਨੀ ਸਾਰੀ ਸ਼ੱਕਰ ਵੇਖੀ ਸੀ, ਪਰ ਹੁਣ ਅੱਖ ਵਿਚ ਵੀ ਪਾਣ ਨੂੰ ਨਹੀਂ ਸੀ। ਉਹ ਸਮਝ ਗਈ ਕਿ ਇਥੇ ਵੀ ਸੁਰਿੰਦਰ ਹੋਰਾਂ ਦਾ ਹੱਥ ਅੱਪੜ ਗਿਆ ਹੈ।

ਖਾਲੀ ਕਲੇਜੇ ਫੋਕਾ ਪਾਣੀ ਠੀਕ ਨਹੀਂ ਇਹ ਸੋਚ ਕੇ ਉਹ ਗੁਆਂਢਣ ਦੇ ਘਰ ਗਈ। ਥੋੜੀ ਜਿਹੀ ਲੱਸੀ ਲਿਆ ਕੇ ਤੇ ਵਿਚ ਪਾਣੀ ਰਲਾ ਕੇ ਕਟੋਰਾ ਭਰ ਲਿਆਈ। ਭਗਤ ਸਿੰਘ ਲੱਸੀ ਪੀ ਕੇ ਤੇ ਦੋਹਾਂ ਮੁੰਡਿਆਂ ਨੂੰ ਨਾਲ ਲੈ ਕੇ ਲੰਮਾ ਪੈ ਗਿਆ। ਪਾਰੋ ਉਹਨੂੰ ਪੱਖੀ ਝਲਦੀ ਹੋਈ ਸੁਰਿੰਦਰ ਵੱਲ ਤੱਕ ਕੇ ਬੋਲੀ–“ਇਹ ਵੱਡਾ ਤੇ ਉਕਾ ਹੀ ਚੌੜ ਹੋ ਗਿਆ ਹੈ। ਏਹਨੂੰ ਤੇ ਮੇਰਾ ਇਹੋ ਜੀ ਕਰਦਾ ਏ, ਹੱਥ ਗੋਡੇ ਤੋੜ ਕੇ ਅੰਦਰ ਪਾ ਦਿਆ ਸੂ।” ਫਿਰ ਉਸ ਨੇ ਸ਼ੱਕਰ ਦੀ ਵਿਥਿਆ ਸੁਣਾਈ।

ਮੁੰਡਾ ਮਾਂ ਵੱਲ ਪਿੱਠ ਕਰਕੇ ਪਿਉ ਦੇ ਗਲ ਬਾਂਹ ਪਾ ਕੇ ਉਸ ਦੇ ਸੀਨੇ ਨਾਲ ਮੂੰਹ ਲਾ ਕੇ ਲੰਮਾ ਪੈ ਗਿਆ। ਭਗਤ ਸਿੰਘ ਦੋਹਾਂ ਬਾਲਾਂ ਵਲ ਤੱਕਦਾ ਹੋਇਆ ਬੋਲਿਆ–“ਚਲ, ਜਾਨ ਵੀ ਦਿਆ ਕਰ। ਐਵੇਂ ਰਤੀ ਰਤੀ ਗਲ ਬਦਲੇ ਵਿਚਾਰਿਆ ਨੂੰ ਨਾ ਕੁੱਟਿਆ ਕਰ। ਉਹ ਜਾਣੇ ਖਾ ਲਈ ਸੂ ਤੇ। ਇਨ੍ਹਾਂ ਸੂਰਤਾਂ ਨਾਲੋਂ ਸ਼ੱਕਰ ਚੰਗੀ ਏ ?”

ਸੁੱਤੇ ਹੋਏ ਬਾਲਾਂ ਵੱਲ ਪਿਆਰ ਰਲਵੇ ਗੁੱਸੇ ਨਾਲ ਤੱਕ ਕੇ ਪਾਰੋ ਬੋਲੀ– “ਤੁਸਾਂ ਨਾ ਏਨਾ ਨੂੰ ਚੌੜ ਕਰ ਛੱਡਿਆ ਤਾਂ ਮੇਰਾ ਨਾਂ ਵਟਾ ਦੇਣਾ। ਉਕਾ ਈ ਨਾ ਸਿਰੇ ਚੜ੍ਹਾਈ ਜਾਇਆ ਕਰੋ।....ਹਾਂ ਸੱਚ, ਕੀ ਬਣਿਆ ਫੇਰ ਕੰਮ ਦਾ ? ਸਵੱਖਤੇ ਈ ਆ ਗਏ ਓ ?”

ਠੰਢਾ ਸਾਹ ਲੈ ਕੇ ਭਗਤ ਸਿੰਘ ਬੋਲਿਆ–“ਬਣਨਾ ਕੀ ਸੀ, ਕਿਤੇ ਲਭਦਾ ਈ ਨਹੀਂ। ਐਸਾ ਨੈਹਸ਼ ਮਹੀਨਾ ਚੜ੍ਹਿਆ ਏ, ਦਿਆਲ ਸਿੰਘ ਰਾਜ ਨਾਲ ਅਜ ਇਕ ਲਾਲੇ ਦੀ ਕੋਠੀ ਗਿਆ ਸਾਂ। ਉਮੈਦ ਸੀ ਪਈ ਦੋ ਢਾਈ ਮਹੀਨੇ ਲੰਘ ਮਹੀਨੇ ਲੰਘ ਜਾਣ ਗੇ। ਪਰ ਉਹਨੇ ਦਿਹਾੜੀ ਲਵਾ ਕੇ ਹੀ ਬਾਰ੍ਹਾਂ ਆਨਿਆਂ ਦੇ ਪੈਸੇ ਹੱਥ ਫੜਾਏ। ਵੀਹਾਂ ਦਿਨਾਂ ਪਿਛੋਂ ਮਸੇ ਮਸੇ ਕੰਮ ਲੱਭਾ ਸੀ....।”

ਗੱਲ ਟੁਕ ਕੇ ਪਾਰੋ ਬੋਲੀ–“ਕਿਉਂ ? ਪਰਾ ਹਟਾ ਕਿਉਂ ਦਿਤਾ ?”

ਭਗਤ ਸਿੰਘ ਬੋਲਿਆ–“ਭਲੀਏ ਜ਼ੋਰ ਏ ਕਿਸੇ ਨਾਲ, ਆਖਣ ਲਗਾ ਸਾਡੇ ਆਪਣੇ ਪੁਰਾਣੇ ਮਜੂਰ ਆ ਗਏ ਨੇ।

ਉਦਾਸੀ ਅਤੇ ਨਿਰਾਸ਼ਤਾ ਭਰੇ ਹੌਂਸਲੇ ਨਾਲ ਪਾਰੋ ਬੋਲੀ, “ਹੱਛਾ ਫੇਰ ਕੀ ਹੋਇਆ, ਆਪੇ ਹੋਰ ਕਿਤੇ ਬਣ ਜਾਊ। ਮੈਨੂੰ ਤੇ ਬਹੁਤਾ ਓਸੇ ਚੁੜੇਲ ਦਾ ਫਿਕਰ ਏ। ਰੋਜ਼ ਵੱਡੇ ਵੇਲੇ ਈ ਘਗਰਾ ਭੁੜਕਾਂਦੀ ਬੂਹੇ ਤੇ ਆ ਬਹਿੰਦੀ ਏ। ਮੈਂ ਕਹਿੰਦੀ ਸਾ ਹੋਰ ਨਹੀਂ ਤੇ ਦਸ ਕੁ ਰੁਪਈਏ ਆ ਜਾਂਦੇ, ਤੇ ਰਹਿੰਦਾ ਉਹ ਜਿਹੜੀ ਟੁਟੀ ਹੋਈ ਨੱਥ ਪਈ ਏ ਉਹਨੂੰ ਵੇਚ ਕੇ ਉਹਦਾ ਪੁਆੜਾ ਤੇ ਮੁਕਾ ਛੱਡਦੇ।”

“ਕਿੰਨੇ ਕੁ ਬਣਦੇ ਨੇ ਉਹਦੇ ?”

“ਲਏ ਤੇ ਪੰਦਰਾਂ ਸਨ, ਪਰ ਹੁਣ ਪੰਜ ਛੇ ਵਿਆਜ ਦੇ ਸੁਣਾਨ ਡਹੀ ਹੋਈ ਏ।”

"ਹੱਛਾ, ਵੇਖ ਰੱਬ ਦਾਤਾ ਏ, ਕਦੇ ਨਾ ਕਦੇ ਬਹੁੜੇਗਾ ਈ ਨਾ।"

"ਤੇ ਆਟੇ ਦਾ ਕੀ ਬਣੇਗਾ? ਛਲੀਆਂ ਘਰੇੜ ਕੇ ਜਿਹੜਾ ਆਟਾ ਪੀਠਾ ਸੀ ਉਸ ਨਾਲ ਪੰਜ ਛੇ ਦਿਨ ਤਾਂ ਲੰਘ ਗਏ, ਪਰ ਹੁਣ ਤੇ ਮਸਾਂ ਰਾਤ ਜੋਗਾ ਹੀ ਨਿਕਲੇਗਾ।"

ਭਗਤ ਸਿੰਘ ਸਿਰ ਤੋਂ ਪੈਰਾਂ ਤੱਕ ਚਿੰਤਾ ਵਿਚ ਡੁੱਬ ਗਿਆ। ਫਿਰ ਬੋਲਿਆ– "ਉਮੈਦ ਤੇ ਹੈ ਇਕ ਹੋਰ ਥਾਵੇਂ ਕੰਮ ਲੱਗ ਜਾਵਾਂਗਾ। ਮਿਸਤਰੀ ਝੰਡਾ ਸਿੰਘ ਕਹਿੰਦਾ ਸੀ ਪਹਿਲੀ ਤਰੀਕ ਨੂੰ ਸੇਠ ਦੁਨੀ ਚੰਦ ਦਾ ਭੱਠਾ ਖੁਲ੍ਹਣ ਵਾਲਾ ਏ, ਉਥੇ ਤੈਨੂੰ ਲਵਾ ਦਿਆਂਗਾ। ਅਗੋਂ ਵੇਖੀਏ ਜੋ ਰੱਬ ਭਾਵੇ।"

ਫਿਰ ਸੁੱਤੇ ਹੋਏ ਬਾਲਾਂ ਵੱਲ ਅਰਮਾਨ ਭਰੀ ਨਜ਼ਰ ਨਾਲ ਤੱਕ ਕੇ ਕਹਿਣ ਲੱਗਾ–"ਵੇਖੋ ਮਾਲਕ ਦੇ ਰੰਗ, ਇਕਨਾ ਨੂੰ ਧਨ ਦਿੰਦਾ ਏ ਤੇ ਖਾਣ ਵਾਲਾ ਕੋਈ ਨਹੀਂ ਦੇਂਦਾ, ਤੇ ਜਿਨ੍ਹਾਂ ਨੂੰ ਧੀਆਂ ਪੁੱਤਰ ਦੇਂਦਾ ਏ, ਉਨ੍ਹਾਂ ਨੂੰ ਖਾਣ ਲਈ ਨਹੀਂ ਦੇਂਦਾ। ਬੁਰਕੀ ਬੁਰਕੀ ਲਈ ਸਹਿਕਦੇ ਫਿਰਦੇ ਨੇ। ਅਜ ਜਿਸ ਲਾਲੇ ਦੀ ਕੋਠੀ ਕੰਮ ਕਰਨ ਗਏ ਸਾਂ ਦਿਆਲ ਸਿੰਘ ਕਹੇ, ਪਈ ਤਿੰਨ ਵਿਆਹ ਉਹ ਕਰਾ ਚੁੱਕਾ ਏ ਤੇ ਮਰਜ਼ੀ ਰੱਬ ਦੀ ਉਲਾਦ ਕਿਸੇ ਵਿਚੋਂ ਵੀ ਨਹੀਂ ਸੂ ਹੋਈ। ਇਕ ਮੁੰਡਾ ਕਿਸੇ ਦਾ ਲੈ ਕੇ ਪਾਲਿਆ ਸੂ, ਉਹ ਵੀ ਤੋੜ ਨਾ ਚੜ੍ਹਿਆ। ਧਨ ਐਸਾ ਸੂ ਜੁ ਆਖ਼ਰਾਂ ਦਾ, ਕਿਤੇ ਮਿਉਂਦਾ ਨਹੀਂ।

ਪਾਰੋ ਮਮਤਾ ਭਰੀ ਨਜ਼ਰ ਨਾਲ ਦੋਹਾਂ ਬਾਲਾਂ ਵਲ ਤੱਕ ਕੇ ਬੋਲੀ–"ਉਹ ਜਾਣੇ, ਸਾਡੀ ਇਹੋ ਦੌਲਤ ਏ! ਰੱਬ ਉਮਰ ਦੇਵੇ ਨੇ, ਅਸੀਂ ਕਈਆਂ ਨਾਲੋਂ ਚੰਗੇ ਆਂ। ਸਾਨੂੰ ਕਿਸ ਗੱਲ ਦਾ ਵਿਗੋਚਾ ਏ? ਜੀਊਂਦੇ ਰਹਿਣ, ਆਪੇ ਰੁਲ ਖੁਲ ਕੇ ਪਲ ਜਾਣਗੇ ਤੇ ਸਾਰੇ ਧੋਣੇ ਧੋਤੇ ਜਾਣਗੇ।"

ਰਾਤੀਂ ਖਾ ਪੀ ਕੇ ਸਭੇ ਵਿਹੜੇ ਵਿਚ ਮੰਜੇ ਡਾਹ ਕੇ ਸੁਤੇ। ਸੁਰਿੰਦਰ ਸੌਂ ਗਿਆ ਸੀ। ਸੁਰਿੰਦਰ ਮਾਂ ਦੇ ਮੰਜੇ ਤੇ ਬੈਠਾ ਸੀ। ਉਹਨੂੰ ਪਿਆਰ ਨਾਲ ਪਿਉ ਨੇ ਕਿਹਾ– "ਕਾਕਾ! ਤੈਨੂੰ ਮਾਂ ਨੇ ਮਾਰਿਆ ਸੀ ਨਾ? ਤੂੰ ਇਸ ਨਾਲ ਨਾ ਬੋਲੀ!"

ਮਾਰ ਦਾ ਚੇਤਾ ਆਉਂਦਿਆਂ ਹੀ ਸੁਰਿੰਦਰ ਮਾਂ ਦੇ ਮੰਜੇ ਤੋਂ ਉਠ ਕੇ ਪਿਉ ਕੋਲ ਚਲਾ ਗਿਆ! ਦੋਵੇਂ ਨਿੱਕੀਆਂ ਨਿੱਕੀਆਂ ਬਾਹਾਂ ਉਹਦੇ ਗਲ ਵਿਚ ਪਾ ਕੇ ਮਾਂ ਵੱਲ ਤੱਕਦਾ ਹੋਇਆ ਬੋਲਿਆ–"ਮੈਂ ਨਹੀਂ ਬੋਲਣਾ ਤੇਰੇ ਨਾਲ, ਤੂੰ ਮੈਨੂੰ ਮਾਲਨੀ ਹੁੰਨੀ ਏ।"

ਪਾਰੋ ਦੀਆਂ ਅੱਖਾਂ ਭਰ ਆਈਆਂ। ਮੈਂ ਇਸ ਨੂੰ ਕਿਸ ਤਰ੍ਹਾਂ ਕਸਾਈਆਂ ਵਾਂਗ ਬੇ ਤਰਸੀ ਨਾਲ ਕੁੱਟਿਆ ਸੀ, ਇਸ ਦਾ ਚੇਤਾ ਆਉਂਦਿਆਂ ਹੀ ਗਲੇਡੂਆਂ ਨੇ ਉਸ ਦਾ ਗਲਾ ਫੜ ਲਿਆ। ਉਹ ਛਲਕਦੇ ਦਿਲ ਨਾਲ ਹੰਭਲਾ ਮਾਰ ਕੇ ਉਠੀ। ਸੁਰਿੰਦਰ ਨੂੰ ਚੁਕ ਕੇ ਉਹਨੇ ਛਾਤੀ ਨਾਲ ਲਾਇਆ। ਉਹਦਾ ਮੂੰਹ ਚੁੰਮਦੀ ਹੋਈ ਬੋਲੀ–"ਮੈਂ ਤੇ ਕਦੀ ਵੀ ਨਾ ਮਾਰਾਂਗੀ ਆਪਣੇ ਹੀਰੇ ਨੂੰ, ਰੱਬ ਕਰਕੇ ਮੇਰੇ ਹੱਥ ਸੜ ਜਾਣ, ਮੈਂ ਕਿਉਂ ਆਪਣੇ ਨਿਕੇ ਜਿਹੇ ਚੰਨ ਨੂੰ...."

ਮਹਿੰਦਰ ਅਗੇ ਰੋਜ਼ ਪਿਉ ਨਾਲ ਸੌਂਦਾ ਹੁੰਦਾ ਸੀ, ਪਰ ਅਜ ਪਾਰੋ ਉਸ ਨੂੰ ਆਪਣੇ ਨਾਲੋਂ ਵੱਖ ਨਾ ਕਰ ਸਕੀ। ਉਹ ਸਜੇ ਪਾਸੇ ਸੁਰਿੰਦਰ ਨੂੰ ਤੇ ਖੱਬੇ ਪਾਸੇ ਮਹਿੰਦਰ ਨੂੰ ਪਾ ਕੇ ਆਪ ਸੌਂ ਗਈ।

ਲੰਮੀ ਪਈ ਪਾਰੋ ਕਈ ਤਰ੍ਹਾਂ ਦੀਆਂ ਬੇ ਸਿਰ ਪੈਰ ਗੱਲਾਂ ਸੋਚ ਰਹੀ ਸੀ। ਖਾਸ ਕਰਕੇ ਕੋਠੀ ਵਾਲੇ ਲਾਲੇ ਬਾਬਤ ਜਿਹੜੇ ਵਾਕ ਦੁਪਹਿਰੇ ਉਹਦੇ ਪਤੀ ਨੇ ਕਹੇ ਸਨ, ਉਹ ਘੜੀ ਮੁੜੀ ਉਸਦੇ ਕੰਨਾਂ ਵਿਚ ਗੂੰਜ ਰਹੇ ਸਨ। ਇਨ੍ਹਾਂ ਹੀ ਖ਼ਿਆਲਾਂ ਵਿਚ ਉਸ

ਨੂੰ ਨੀਂਦ ਆ ਗਈ। ਉਸ ਨੂੰ ਸੁਤਿਆਂ ਅਜੇ ਥੋੜ੍ਹਾ ਹੀ ਚਿਰ ਹੋਇਆ ਸੀ ਜੁ ਉਸ ਨੂੰ ਐਉਂ ਜਾਪਿਆ ਜਿਕਣ ਕੋਈ ਬੂਹਾ ਖੜਕਾ ਰਿਹਾ ਹੈ। ਉਹਨੇ ਪਤੀ ਨੂੰ ਉਠਾਇਆ। ਭਗਤ ਸਿੰਘ ਨੇ ਜਾ ਕੇ ਬੂਹਾ ਖੋਲਿਆ।

ਇਹ ਇਕ ਭਾਰੀ ਗੋਗੜ ਵਾਲਾ ਸੇਠ ਸੀ। ਭਗਤ ਸਿੰਘ ਨੇ ਉਸ ਨੂੰ ਆਦਰ ਨਾਲ ਬਿਠਾਉਂਦਿਆਂ ਹੋਇਆ ਪਾਰੋ ਨੂੰ ਕਿਹਾ, "ਜਿਨ੍ਹਾਂ ਲਾਲਾ ਹੁਰਾਂ ਦਾ ਮੈਂ ਦਿਹਾੜੀ ਤੇਰੇ ਨਾਲ ਜ਼ਿਕਰ ਕਰ ਰਿਹਾ ਸਾਂ, ਉਹ ਇਹੋ ਨੇ। ਬੜੇ ਧਰਮੀ ਤੇ ਗਰੀਬਾਂ ਤੇ ਤਰਸ ਕਰਨ ਵਾਲੇ ਨੇ।"

ਸਿਰ ਦਾ ਕਪੜਾ ਖਿਚਦੀ ਹੋਈ ਪਾਰੋ ਧੀਮੀਂ ਆਵਾਜ਼ ਵਿਚ ਬੋਲੀ–"ਜੀ ਆਇਆ ਨੂੰ ਕੀੜੀ ਦੇ ਘਰ ਭਗਵਾਨ।"

ਭਗਤ ਸਿੰਘ ਫਿਰ ਆਖਣ ਲੱਗਾ–"ਮੈਂ ਤੈਨੂੰ ਇਕ ਗੱਲ ਨਹੀਂ ਸੀ ਦੱਸੀ, ਮੇਰਾ ਖਿਆਲ ਸੀ ਇਨ੍ਹਾਂ ਦੇ ਆਇਆ ਹੀ ਦੱਸਾਂਗਾ।"

ਪਾਰੋ ਦਾ ਦਿਲ ਧੜਕਣ ਲੱਗ ਪਿਆ। ਭਗਤ ਸਿੰਘ ਫਿਰ ਬੋਲਿਆ–"ਇਨ੍ਹਾਂ ਦੀ ਸਾਡੇ ਉਤੇ ਬੜੀ ਮਿਹਰਬਾਨੀ ਏ। ਸਾਡੀ ਗਰੀਬੀ 'ਤੇ ਤਰਸ ਕਰਕੇ ਇਹ ਸਾਨੂੰ ਕੁਝ ਦੇਣਾ ਚਾਹੁੰਦੇ ਹਨ।"

ਪਾਰੋ ਦੇ ਦਿਲ ਵਿਚ ਭਵਿੱਖਤ ਖੁਸ਼ੀ ਦੀਆਂ ਕੁਤਕਤਾਰੀਆਂ ਹੋਣ ਲੱਗੀਆਂ। ਉਸ ਦਾ ਸਿਰ ਹੋਰ ਵੀ ਨਿਉਂ ਗਿਆ। ਭਗਤ ਸਿੰਘ ਨੇ ਫਿਰ ਕਿਹਾ–"ਪਰ ਇਸ ਦੇ ਬਦਲੇ ਸਾਨੂੰ ਵੀ ਇਨ੍ਹਾਂ ਦਾ ਇਕ ਹੁਕਮ ਮੰਨਣਾ ਪਏਗਾ।"

ਪਾਰੋ ਨੂੰ ਡਰ ਜਿਹਾ ਲੱਗਣ ਲਗ ਪਿਆ। ਉਸ ਨੇ ਥਿੜਕਵੀਂ ਆਵਾਜ਼ ਵਿਚ ਪੁਛਿਆ–"ਕੀ ?"

"ਇਹੋ ਕਿ......." ਕਹਿੰਦਾ ਕਹਿੰਦਾ ਰੁਕ ਗਿਆ, ਪਰ ਸੇਠ ਨੇ ਉਸਦੀ ਗੱਲ ਅਧੂਰੀ ਨਾ ਰਹਿਣ ਦਿੱਤੀ। ਉਹ ਬੋਲਿਆ–"ਤੁਸੀਂ ਆਪਣਾ ਇਕ ਲੜਕਾ ਸਾਨੂੰ ਦੇ ਦਿਉ। ਪਰ ਇਹ ਖ਼ਿਆਲ ਨਾ ਕਰਨਾ ਕਿ ਉਹ ਮੁੜ ਤੁਹਾਨੂੰ ਮਿਲੇਗਾ ਕਿ ਨਹੀਂ। ਉਹ ਇਕ ਤਰ੍ਹਾਂ ਨਾਲ ਤੁਹਾਡਾ ਹੀ ਰਵੇਗਾ, ਜਦ ਤੁਸੀਂ ਚਾਹੋ ਉਸ ਨੂੰ ਮਿਲ ਗਿਲ ਸਕੋਗੇ, ਕੋਈ ਰੋਕ ਨਹੀਂ ਹੋਵੇਗੀ।"

ਪਾਰੋ ਦੇ ਪੈਰਾਂ ਹੇਠ ਅੰਗਿਆਰੀਆਂ ਆ ਗਈਆਂ। ਉਸ ਦੀ ਸਾਰੀ ਭਵਿਖਤ ਖੁਸ਼ੀ ਦੀ ਆਸ ਕਪੂਰ ਦੀ ਡਲੀ ਵਾਂਗ ਉਡ ਗਈ। ਉਹ ਪਤੀ ਵਲ ਇਸ ਤਰ੍ਹਾਂ ਤੱਕਣ ਲੱਗੀ, ਜਿਵੇਂ ਰਹਿਮ ਦਾ ਦਾਨ ਮੰਗ ਰਹੀ ਹੋਵੇ। ਉਹ ਡਡਿਆ ਕੇ ਬੋਲੀ–"ਹਾਏ ਮੈਂ ਮਰ ਗਈ। ਇਹ ਕੀ ਸੌਦਾ ਕਰ ਆਏ ਓ ? ਮੈਂ ਤੇ ਸਾਰੇ ਜਹਾਨ ਦੀ ਦੌਲਤ ਬਦਲੇ ਮੁੰਡੇ ਦਾ ਇਕ ਵਾਲ ਵੀ ਨਾ ਦਿਆਂ ਕਿਸੇ ਨੂੰ।"

ਇਸ ਤੋਂ ਪਿਛੋਂ ਬਹੁਤ ਸਾਰਾ ਚਿਰ ਭਗਤ ਸਿੰਘ ਤੇ ਸੇਠ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਸਮਝਾਉਂਦੇ ਰਹੇ, ਪਰ ਉਸਦੇ ਦਿਲ 'ਤੇ ਰਤੀ ਜਿੰਨਾਂ ਵੀ ਅਸਰ ਨਾ ਹੋਇਆ।

ਅਖ਼ੀਰ ਭਗਤ ਸਿੰਘ ਨੇ ਗੁਸੇ ਨਾਲ ਉਸ ਨੂੰ ਕਿਹਾ–"ਜੇ ਤੂੰ ਮੇਰੀ ਜ਼ਬਾਨ ਝੂਠੀ ਕਰੇਗੀ ਤਾਂ ਮੈਂ ਕੁਝ ਖਾਂ ਕੇ ਮਰ ਜਾਵਾਂਗਾ।"

ਇਸ ਗੱਲ ਨੇ ਉਸਨੂੰ ਨਿਵਾ ਲਿਆ। ਉਸਨੇ ਛਾਤੀ 'ਤੇ ਪੱਥਰ ਰੱਖ ਕੇ ਮੁੰਡਾ ਦੇਣਾ ਕਬੂਲ ਕਰ ਲਿਆ। ਹੁਣ ਇਹ ਸਵਾਲ ਬਾਕੀ ਰਹਿ ਗਿਆ ਕਿ ਸੇਠ ਨੂੰ ਕਿਹੜਾ ਮੁੰਡਾ ਦਿੱਤਾ ਜਾਵੇ। ਇਸ ਦਾ ਫੈਸਲਾ ਪਾਰੋ ਦੀ ਹੀ ਮਰਜ਼ੀ 'ਤੇ ਛੱਡ ਦਿੱਤਾ ਗਿਆ।

ਭਗਤ ਸਿੰਘ ਕਾਹਲੀ ਕਰ ਰਿਹਾ ਸੀ, ਪਰ ਪਾਰੋ ਜਿਹੜਾ ਵੀ ਮੁੰਡਾ ਦੇਣ

ਲੱਗਦੀ ਉਹਦਾ ਖਿਆਲ ਕਰ ਕੇ ਉਹਦੇ ਦਿਲ ਵਿਚ ਬਰਛੀਆਂ ਵੱਜਦੀਆਂ। ਅੰਤ ਭਗਤ ਸਿੰਘ ਦੀ ਘੁਰਕੀ ਸੁਣ ਕੇ ਉਸਨੇ ਕਿਹਾ–"ਹੱਛਾ ਮਹਿੰਦਰ ਨੂੰ ਲੈ ਜਾਉ।"

ਜਦੋਂ ਸੇਠ ਨੇ ਮੁੰਡੇ ਦੀ ਬਾਂਹ ਫੜੀ, ਤਾਂ ਉਹ ਚੀਕਾਂ ਮਾਰ ਉਠੀ–"ਹਾਏ ਰੱਬ ਦਾ ਵਾਸਤਾ ਜੇ ਇਸ ਨੂੰ ਨਾ ਲਿਜਾਣਾ, ਇਸ ਨੂੰ ਨਾ ਲਿਜਾਣਾ, ਇਸ ਨੇ ਤੇ ਅਜੇ ਦੁਧ ਵੀ ਨਹੀਂ ਛੱਡਿਆ।"

ਤੇ ਜਦ ਉਸ ਨੇ ਵੱਡੇ ਨੂੰ ਫੜਿਆ ਤਾਂ ਪਾਰੋ ਪਾਗ਼ਲਾਂ ਵਾਂਗ ਸੁਰਿੰਦਰ ਉਤੇ ਲੇਟ ਗਈ ਤੇ ਦੁਹਾਈਆਂ ਦੇਂਦੀ ਹੋਈ ਬੋਲੀ–"ਹਾਏ ਮੇਰਾ ਪਾਲਿਆਂ ਪਲੋਸਿਆਂ ਨਾ ਖੜਨਾ।"

ਇਸ ਤਰ੍ਹਾਂ ਚੋਖਾ ਚਿਰ ਖਿਚੋਤਾਣੀ ਹੁੰਦੀ ਰਹੀ, ਪਰ ਕੋਈ ਸਿੱਟਾ ਨਾ ਨਿਕਲਿਆ। ਅੰਤ ਗੁਸੇ ਨਾਲ ਦੰਦ ਪੀਹਦਾ ਹੋਇਆ ਭਗਤ ਸਿੰਘ ਅਗੇ ਵਧਿਆ। ਉਸ ਨੇ ਪਾਰੋ ਨੂੰ ਏਡੇ ਜ਼ੋਰ ਦਾ ਧੱਕਾ ਦਿਤਾ ਕਿ ਉਹ ਕਈ ਕਦਮ ਦੂਰ ਜਾ ਡਿੱਗੀ। ਤੇ ਵਡੇ ਮੁੰਡੇ ਦੀ ਬਾਂਹ ਸੇਠ ਦੇ ਹੱਥ ਫੜਾਉਂਦਾ ਹੋਇਆ ਭਗਤ ਸਿੰਘ ਬੋਲਿਆ–

"ਲੈ ਜਾਉ ਜੀ ਤੁਸੀਂ! ਏਸ ਕੁੱਤੀ ਨੂੰ ਭੌਂਕੀ ਜਾਣ ਦਿਓ।"

ਸੁਰਿੰਦਰ ਦੀ ਬਾਂਹ ਫੜ ਕੇ ਸੇਠ ਘਰ ਵਲ ਤੁਰ ਪਿਆ। ਪਾਰੋ ਉਸੇ ਤਰ੍ਹਾਂ ਭੁੰਜੇ ਪਈ ਹੋਈ ਮੁੰਡੇ ਵਲ ਦੋਹੇਂ ਬਾਹਾਂ ਪਸਾਰ ਕੇ ਕੁਰਲਾ ਰਹੀ ਸੀ। ਸੁਰਿੰਦਰ ਸੇਠ ਦੇ ਹੱਥੋਂ ਬਾਂਹ ਛੁਡਾਉਣ ਦਾ ਯਤਨ ਕਰਦਾ ਹੋਇਆ ਮਾਂ ਵਲ ਤਕ ਕੇ ਪੁਕਾਰ ਰਿਹਾ ਸੀ–"ਨੀ ਮਾਂ, ਨੀ ਮਾਂ, ਹਾਏ ਮੈਨੂੰ ਛੁਡਾ ਲੈ, ਮਾਂ ਮੈਨੂੰ ਲਈ ਜਾਂਦਾ ਈ!" ਤੇ ਮੁੰਡੇ ਨੇ ਜ਼ੋਰ ਦਾ ਝਟਕਾ ਮਾਰ ਕੇ ਸੇਠ ਕੋਲੋਂ ਬਾਂਹ ਛੁਡਾ ਲਈ। ਉਹ ਦੌੜ ਕੇ ਪਾਰੋ ਨੂੰ ਚਿੰਬੜ ਗਿਆ। ਮਾਂ ਦਾ ਹੱਥ ਫੜ ਕੇ ਖਿੱਚਦਾ ਹੋਇਆ ਕਹਿਣ ਲੱਗਾ–"ਮਾਂ ਉਸ ਨੂੰ ਕਹੁ ਸਾਡੇ ਘਰੋਂ ਚਲਾ ਜਾਵੇ। ਨੀ ਮੈਂ ਮੈਂ ਨਹੀਂ......."

ਪਾਰੋ ਦੀ ਅੱਖ ਖੁਲ੍ਹੀ। ਸੁਰਿੰਦਰ ਉਸ ਦਾ ਹਥ ਫੜ ਕੇ ਆਪਣੀ ਵਲ ਖਿੱਚਦਾ ਹੋਇਆ ਕਹਿ ਰਿਹਾ ਸੀ–

"ਮਾਂ ਮਾਂ, ਨੀ ਮਾਂ, ਮੇਰੇ ਵਲ ਮੂੰਹ ਕਰ ਕੇ ਕਿਉਂ ਨਹੀਂ ਸੌਂ ਦੀ?

ਅੱਖਾਂ ਮਲਦੀ ਹੋਈ ਪਾਰੋ ਅੱਬੜਵਾਹੇ ਉਠ ਬੈਠੀ। ਸੁਰਿੰਦਰ ਨੂੰ ਉਸ ਨੇ ਘੁਟ ਕੇ ਕਲੇਜੇ ਨਾਲ ਲਾ ਲਿਆ। ਫਿਰ ਪਤੀ ਦਾ ਪੈਰ ਟੂੰਬਦੀ ਹੋਈ ਬੋਲੀ–

"ਹੈਂ ਜੀ, ਸੌਂ ਗਏ ਓ? ਹਾਏ! ਮੈਨੂੰ ਕਿਹਾ ਭੈੜਾ ਸੁਪਨਾ ਪਿਆ ਆਉਂਦਾ ਸੀ!"

–0–

## ਹਨੇਰਾ ਚੰਨ

ਵੀਹਾਂ ਵਰਿਆਂ ਦਾ ਜੁਗ ਜਿੱਡਾ ਸਮਾਂ ਲੰਘ ਗਿਆ। ਜ਼ਮਾਨੇ ਨੇ ਕਈ ਰੰਗ ਵਟਾਏ। ਬਾਲ, ਗਭਰੂ ਹੋ ਕੇ ਵਿਆਹੇ ਗਏ, ਤੇ ਜਵਾਨ, ਬੁਢੇ ਹੋ ਕੇ ਪੁਤਰਾਂ ਪੋਤਰਿਆਂ ਵਾਲੇ ਹੋ ਗਏ। ਉਜਾੜ ਥਾਵਾਂ ਤੇ ਵਸੋਂ ਹੋ ਗਈ ਤੇ ਘੁਗ ਵਸਦੇ ਥਾਂ ਖੋਲੇ ਬਣ ਗਏ। ਪਰ ਰਬ ਦੀ ਇਸ ਸਾਰੀ ਰਚਨਾ ਵਿਚ ਇਕੋ ਚੀਜ਼ ਅਜਿਹੀ ਸੀ, ਜਿਸ ਵਿਚ ਕੱਦ ਬੁਤ ਤੋਂ ਛੁਟ ਕੋਈ ਅਦਲਾ ਬਦਲੀ ਨਹੀਂ ਸੀ ਹੋਈ। ਇਹ ਸੀ ਅੱਖਾਂ ਵਰਗੀ ਅਮੋਲਕ ਦਾਤ ਤੋਂ ਵਾਂਜਿਆ ਹੋਇਆ ਇਕ ਗਭਰੂ। ਉਸ ਲਈ ਇਹ ਦੁਨੀਆਂ ਜਿਹੋ ਜਿਹੀ ਅੱਜ ਤੋਂ ਵੀਰ ਵਰ੍ਹੇ ਪਹਿਲਾਂ ਸੀ-ਜਦੋਂ ਮਸੇ ਉਹ ਰਿੜ੍ਹਨ ਜੋਗਾ ਸੀ-ਉਹੋ ਜਿਹੀ ਅੱਜ। ਇਹ ਦਿਸਦਾ ਸੰਸਾਰ ਉਸ ਦੇ ਭਾਣੇ ਕੁਝ ਵੀ ਨਹੀਂ ਸੀ, ਕੇਵਲ ਕਲਪਣਾ ਮਾਤਰ। ਉਸ ਦੀ ਦੁਨੀਆਂ ਵਖਰੀ ਤੇ ਸੰਖੇਪ ਜਿਹੀ ਸੀ। ਉਸ ਨੂੰ ਬਸ ਏਨਾਂ ਹੀ ਪਤਾ ਸੀ ਕਿ ਉਹ ਆਪਣੀ ਬੁਢੀ ਮਾਂ ਲਈ ਹੈ ਤੇ ਮਾਂ ਉਸ ਲਈ।

ਚੰਦਨ ਭਾਨ ਹੁਣ ਗੱਭਰੂ ਹੋ ਚੁਕਾ ਸੀ। ਪਰ ਆਪਣੇ ਆਪ ਵਿਚ ਉਸ ਨੂੰ ਇਹੋ ਜਾਪਦਾ ਸੀ ਕਿ ਉਹ ਅਜ ਹੀ ਸੰਸਾਰ ਵਿਚ ਆਇਆ ਹੈ। ਸੰਸਾਰ ਨਾਮ ਦੀ ਚੀਜ਼ ਉਸ ਦੇ ਭਾਣੇ ਅਜੇਹੀ ਬੁਝਾਰਤ ਸੀ, ਜਿਸ ਨੂੰ ਕਦੇ ਵੀ ਬੁਟ ਨਹੀਂ ਸੀ ਸਕਿਆ।

ਉਸਦੇ ਸੀਨੇ ਵਿਚ ਹੋਰਾਂ ਲੋਕਾਂ ਵਰਗਾ ਦਿਲ ਸੀ, ਤੇ ਉਸ ਦਿਲ ਵਿਚ ਭਾਵ ਵੀ ਸਨ, ਪਰ ਇਤਨੇ ਹਨੇਰੇ ਤੇ ਧੁੰਦਲੇ ਕਿ ਜਿਨ੍ਹਾਂ ਦੀ ਹੋਂਦ ਉਸ ਨੂੰ ਬਹੁਤ ਘਟ ਅਨੁਭਵ ਹੁੰਦੀ ਸੀ। ਉਸ ਦੇ ਭਾਵਾਂ ਦਾ ਕੋਈ ਕੇਂਦਰ ਨਹੀਂ ਸੀ। ਕੋਈ ਵਲਵਲਾ, ਕੋਈ ਉਮੰਗ ਜਾਂ ਕੋਈ ਸੱਧਰ ਉਸ ਦੇ ਹਿਰਦੇ ਨੂੰ ਉਥਲ ਪੁਥਲ ਨਹੀਂ ਸੀ ਕਰਦੀ। ਇਹੋ ਕਾਰਨ ਹੈ ਕਿ ਉਹ ਜੋ ਕੁਝ ਅਜ ਤੋਂ ਵੀਹ ਵਰ੍ਹੇ ਪਹਿਲਾ ਸੀ ਸੋਈ ਕੁਝ ਅੱਜ।

ਉਸ ਨੂੰ ਇਸ ਗੱਲ ਦਾ ਆਪਣੀ ਹੋਂਦ ਵਾਂਗ ਨਿਸਚਾ ਸੀ ਕਿ ਸੰਸਾਰ ਦੇ ਸੁਖ ਮਾਣਨ ਲਈ, ਵਿਆਹ ਕਰਵਾਉਣ ਤੇ ਧੀਆਂ ਪੁਤਨਾਂ ਨਾਲ ਲਾਡ ਪਿਆਰ ਕਰਨ, ਅਥਵਾ ਚੰਗਾ ਖਾਣ ਹੰਢਾਣ ਲਈ ਜਿਹੜੇ ਲੋਕੀਂ ਬਣਾਏ ਗਏ ਹਨ, ਉਹ ਉਨ੍ਹਾਂ ਵਿਚੋਂ ਨਹੀਂ ਹੈ, ਸਗੋਂ ਰਬ ਨੇ ਉਸ ਨੂੰ ਇਸੇ ਲਈ ਪੈਦਾ ਕੀਤਾ ਹੈ ਕਿ ਡਿਗਦੇ ਥੰਮ੍ਹ ਵਾਂਗ ਡੋਲਦਾ ਭਟਕਦਾ ਫਿਰੇ ਤੇ ਲੋਕਾਂ ਦੇ ਤ੍ਰਿਸਕਾਰ ਦਾ ਸ਼ਿਕਾਰ ਬਣਿਆ ਰਹੇ।

ਸੱਠ੍ਹਾਂ ਵਰ੍ਹਿਆਂ ਦੀ ਉਮਰ-ਜਦ ਮਾਈ ਮੰਗਲਾ ਨੂੰ ਕਿਸੇ ਠੁਮਣੇ ਦੀ ਲੋੜ ਸੀ-ਉਹ ਆਪੇ ਹੀ ਕਿਸੇ ਦੀ ਡੰਗੋਰੀ ਬਣੀ ਹੋਈ ਸੀ। ਅੱਖਾਂ ਭਾਵੇਂ ਦਿਨੋਂ ਦਿਨ ਉਸਦਾ ਸਾਥ ਛੱਡਦੀਆਂ ਜਾ ਰਹੀਆਂ ਸਨ, ਪਰ ਪੁੱਤਰ ਦੀਆਂ ਬੇਨੂਰ ਅੱਖਾਂ ਉਸ ਲਈ ਚਾਨਣ ਕਰਦੀਆਂ ਸਨ। ਉਸ ਦੇ ਸੁੱਕੇ ਠੰਢੇ ਅਤੇ ਝੁਰੜੀਆਂ ਭਰੇ ਹੱਥ ਹੁਣ ਕੰਬਣ ਲੱਗ ਪਏ ਸਨ। ਪਰ ਉਹ ਜਦ ਆਪਣੇ ਅੰਨੇ ਪੁਤਰ ਦੀ ਸਿਥਲ ਤੇ ਖਰ੍ਹਵੀ ਪਿੱਠ ਤੇ ਫਿਰਦੇ ਹੋਏ ਰੀੜ੍ਹ ਦੀ ਹੱਡੀ ਨਾਲ ਰਗੜ ਖਾਂਦੇ ਸਨ ਤਾਂ ਉਹਨਾਂ ਵਿਚ ਨਵਾਂ ਬਲ ਅਤੇ ਤਾਜ਼ਗੀ ਆ

ਜਾਂਦੀ ਸੀ। ਉਸ ਦੀ ਸਲਾਬੇ ਭਰੀ ਕੋਠੜੀ ਵਿਚ ਭਾਵੇਂ ਚਪੇ ਚਪੇ ਉਤੇ ਗ਼ਰੀਬੀ ਤੇ ਹਨੇਰੇ ਦਾ ਰਾਜ ਸੀ, ਪਰ ਉਸ ਵਿਚਲੇ ਇਕੋ ਇਕ ਬੇ ਚਮਕ ਹੀਰੇ ਨੇ ਉਸ ਨੂੰ ਸ਼ਾਹੀ ਮਹੱਲ ਵਾਂਗ ਸਜਾਇਆ ਤੇ ਜਗਮਾਇਆ ਹੋਇਆ ਹੈ–ਬੁਢੀ ਮਾਂ ਨੂੰ ਜਾਪਦਾ ਸੀ।

ਮੰਗਲਾਂ ਨੂੰ ਵੀਹ ਵਰ੍ਹੇ ਪਹਿਲਾਂ ਦਾ ਉਹ ਸਮਾਂ ਕੱਲ ਵਾਂਗ ਯਾਦ ਸੀ।, ਜਦ ਉਸਦਾ 'ਚੰਦਰ ਭਾਨ' ਹੋਰ ਬਾਲਾਂ ਵਾਂਗ ਬਾਲ ਸੀ। ਲੋਕਾਂ ਭਾਣੇ ਇਹ ਹੱਡ ਮਾਸ ਦਾ ਲੋਥੜਾ ਇਕ ਨਿਕੰਮੀ ਜਿਹੀ ਚੀਜ਼ ਸੀ, ਪਰ ਮੰਗਲਾ ਲਈ ਉਤੇ ਰੱਬ ਅਤੇ ਥੱਲੇ ਇਹ ਸੀ। ਵਡੇ ਵਡੇ ਰਾਜਿਆਂ ਤੇ ਰਈਸਾਂ ਬਾਲੀ ਵੀ ਅੱਧੇ ਨਾਂ ਨਾਲ ਸਦੀਂਦੇ ਹਨ, ਪਰ ਮਾਈ ਮੰਗਲਾਂ ਇਹ ਨਹੀਂ ਸੀ ਸਹਾਰ ਸਕਦੀ ਕਿ ਉਸ ਦੇ 'ਚੰਦਰ ਭਾਨ' ਨੂੰ ਲੋਕੀਂ 'ਚੰਦਰਾ' ਕਹਿ ਕੇ ਬਲਾਉਣ। ਤੇ ਇਸੇ ਗੱਲੋਂ ਉਸ ਦੀ ਰੋਜ਼ ਕਿਸੇ ਨਾ ਕਿਸੇ ਨਾਲ ਲੜਾਈ ਹੁੰਦੀ ਸੀ। ਭਾਵੇਂ ਉਹ ਆਪ ਵੀ ਉਸ ਨੂੰ ਸੰਖੇਪ ਨਾਂ ਨਾਲ ਹੀ ਬੁਲਾਉਂਦੀ ਸੀ, ਪਰ ਇਸ ਵਿਚ,ਤੇ ਲੋਕਾਂ ਦੇ ਬੁਲਾਏ ਹੋਏ ਨਾਂ ਵਿਚ ਫ਼ਰਕ ਸੀ। ਉਹ ਉਸ ਨੂੰ 'ਚੰਨ' ਕਰ ਕੇ ਸਦਦੀ ਸੀ।

ਹਾਂ,ਉਸ ਨੂੰ ਯਾਦ ਸਨ ਉਹ ਦਿਨ ਵੀ, ਜਦ ਉਸ ਦਾ ਢਾਈ ਵਰ੍ਹਿਆਂ ਦਾ ਚੰਨ, ਦੂਸਰੇ ਬਾਲਾਂ ਨਾਲ ਖੇਡਦਾ ਹੁੰਦਾ ਸੀ। ਹੋਰ ਬਾਲਕ ਨਸਦੇ ਤੇ ਖਰੂਦ ਕਰਦੇ ਸਨ, ਪਰ ਇਹ ਮਿੱਟੀ ਦੇ ਬੁੱਤ ਵਾਂਗ ਉਹਨਾਂ ਦੇ ਵਿਚਾਲੇ ਆਪਣੀਆਂ ਅੱਖਾਂ ਦੇ ਨਿਰਜੋਤ ਡੇਲਿਆਂ ਨੂੰ ਮੁੰਡਿਆਂ ਦੀ ਆਵਾਜ਼ ਦੇ ਮਗਰ ਫੇਰਦਾ ਹੋਇਆ ਖੇਡ ਦਾ ਆਨੰਦ ਲੈਂਦਾ ਸੀ।

ਕਦੇ ਕਦੇ ਜਦ ਕਿਸੇ ਮੁੰਡੇ ਦੇ ਪੈਰ ਨੂੰ ਚੰਦਰ ਭਾਨ ਦੀ ਠੋਕਰ ਵਜ ਜਾਂਦੀ ਸੀ ਤਾਂ ਉਹ ਬਿਨਾਂ ਇਸ ਗੱਲ ਦਾ ਖ਼ਿਆਲ ਕੀਤਿਆਂ ਹੀ ਕਿ ਕੀ ਚੀਜ਼ ਵੱਜੀ ਏ, ਖੇਡਨ ਵਿਚ ਮਸਤ ਰਹਿੰਦਾ ਸੀ। ਚੰਦਨ ਭਾਨ ਵੀ ਬੇ ਪ੍ਰਵਾਹੀ ਨਾਲ ਜ਼ਰਾ ਕੁ ਪਿੰਡੇ ਨੂੰ ਮਲ ਕੇ ਉਸੇ ਤਰ੍ਹਾਂ ਮਗਨ ਹੋ ਜਾਂਦਾ ਸੀ।

ਉਸ ਨੂੰ ਜਦ ਖੇਡ ਦਾ ਬਹੁਤਾ ਹੀ ਸਵਾਦ ਆਉਂਦਾ ਸੀ ਤਾਂ ਉਹ ਖੁਸ਼ੀ ਨਾਲ ਭੁੜਕਦਾ ਹੋਇਆ ਦੋਹਾਂ ਬਾਹਾਂ ਨੂੰ ਸਿਰ ਤੋਂ ਉਤਾਂਹ ਕਰਕੇ ਗਿੱਧਾ ਪਾਣ ਲੱਗ ਪੈਂਦਾ ਸੀ।

ਪਰ ਭੋਲੀ ਮਾਂ ਉਸ ਦੀ ਖੁਸ਼ੀ ਨੂੰ ਨਹੀਂ ਸੀ ਸਮਝ ਸਕਦੀ, ਸਗੋਂ ਉਲਟਾ ਉਸਦੀ ਬੇਵਸੀ ਵੱਲ ਤਕ ਕੇ ਉਸਦਾ ਦਿਲ ਭਰ ਆਉਂਦਾ ਸੀ। ਉਹ ਆਟਾ ਗੁਨਦੀ ਗੁਨਦੀ ਉਸ ਨੂੰ ਸੀਨੇ ਨਾਲ ਲਾ ਲੈਂਦੀ ਤੇ ਗਰਮ ਗਰਮ ਅੱਥਰੂਆਂ ਨਾਲ ਉਸ ਦਾ ਮੂੰਹ ਧੋਣ ਲੱਗ ਪੈਂਦੀ।

ਮਾਈ ਮੰਗਲਾ ਦੇ ਹੱਡ ਹੁਣ ਖੌਰੇ ਹੋ ਚੁੱਕੇ ਸਨ, ਪਰ ਅਜੇ ਵੀ ਲੱਤਾਂ ਘਸੀਟਦੀ ਤੇ ਹਫ਼ਦੀ ਘਰਕਦੀ ਦੋਹਾਂ ਢਿਡਾਂ ਜੋਗਾ ਆਟਾ ਲੈ ਹੀ ਆਉਂਦੀ ਸੀ।

ਚੰਦਰ ਭਾਨ ਦੇ ਕਰਨ ਲਈ ਕੁਦਰਤ ਨੇ ਹੋਰ ਕੋਈ ਕੰਮ ਨਹੀਂ ਸੀ ਬਣਾਇਆ। ਉਸਦੇ ਜ਼ਿੰਮੇ ਬਸ ਇਹੋ ਕੰਮ ਸੀ ਕਿ ਲੋਕਾਂ ਦਾ ਖਿਡੌਣਾ ਬਣਿਆ ਰਹੇ ਤੇ ਆਪਣੇ ਅੱਥਰੂਆਂ ਨਾਲ ਲੋਕਾਂ ਨੂੰ ਖੁਸ਼ ਕਰੇ। ਇਸ ਖਿਡੌਣੇ ਨਾਲ ਲੋਕਾਂ ਦਾ ਪਿਆਰ ਵੀ ਹੱਦੋਂ ਬਾਹਲਾ ਸੀ, ਪਰ ਉਨ੍ਹਾਂ ਬਾਲਾਂ ਵਰਗਾ, ਜੋ ਬਿਲੀ ਦੇ ਬੱਚੇ ਨੂੰ ਲੱਤਾਂ ਤੋਂ ਰੱਸੀ ਪਾ ਕੇ ਮੋਰੀਆਂ ਵਿਚ ਘਸੀਟਦੇ ਫਿਰਦੇ ਨੇ।

ਮੁੰਡਿਆਂ ਨੇ ਉਸਦੀਆਂ ਕਈ ਛੇੜਾਂ ਪਾਈਆਂ ਹੋਈਆਂ ਸਨ। ਉਹ ਲੋਕਾਂ ਨੂੰ ਗਾਲ੍ਹਾਂ ਕਢਦਾ ਹੋਇਆ ਉਹਨਾਂ ਦੇ ਮਗਰ ਸਾਰਾ ਦਿਨ ਡੰਗੋਰੀ ਖੜਕਾਉਂਦਾ ਫਿਰਦਾ ਸੀ। ਉਹ ਅਗਾਂਹ ਜਾਂਦਾ ਸੀ ਤਾਂ ਮੁੰਡੇ ਪਿਛੋਂ ਦੀ ਆ ਝੱਗਾ ਖਿੱਚ ਜਾਂਦੇ ਜਾਂ ਉਸਦੇ

ਕੰਨ ਵਿਚ ਤੀਲਾ ਸੁਲੱਕਾ ਜਾਂਦੇ। ਜੇ ਪਿਛਾਂਹ ਮੁੜਦਾ ਤਾਂ ਅੱਗੋਂ ਦੀ ਹੋ ਕੇ ਘੇਰ ਲੈਂਦੇ।

ਇਸ ਨੱਠੇ ਭੱਜੀ ਵਿਚ ਉਸ ਨੂੰ ਬਥੇਰੀਆਂ ਸੱਟਾ ਫੇਟਾਂ ਲੱਗਦੀਆਂ ਸਨ, ਪਰ ਮਾਂ ਅੱਗੇ ਜਾ ਕੇ ਉਸ ਨੇ ਕਦੇ ਇਨ੍ਹਾਂ ਗੱਲਾਂ ਦਾ ਭੋਗ ਨਹੀਂ ਸੀ ਪਾਇਆ। ਉਹ ਜਾਣਦਾ ਸੀ ਕਿ ਮਾਂ ਦੇ ਦਿਲ ਨੂੰ ਉਸਦੇ ਸਰੀਰ ਨਾਲੋਂ ਕਈ ਗੁਣਾਂ ਵੱਧ ਪੀੜ ਹੋਵੇਗੀ।

ਸਿਆਲ ਦੀ ਰੁੱਤ ਸੀ ਤੇ ਰਾਤ ਦਾ ਵੇਲਾ। ਮੀਂਹ ਪੈ ਕੇ ਹਟਿਆ ਸੀ, ਪਰ ਬੱਦਲ ਅਜੇ ਝੁਕੇ ਹੋਏ ਸਨ।

ਚਲੱਕ ਚਲੱਕ ਦੀ ਆਵਾਜ਼ ਸੁਣ ਕੇ ਚੰਦਰ ਭਾਨ ਨੇ ਸਿਰ ਉਸ ਪਾਸੇ ਵੱਲ ਮੋੜਿਆ, ਜਿਧਰੋਂ ਕੋਈ ਆਵਾਜ਼ ਜਹੀ ਆਈ ਸੀ। ਫਿਰ ਚਿਹਰੇ 'ਤੇ ਹੱਥਾਂ ਨੂੰ ਥੋੜਾ ਜਿਹਾ ਅਗਾਂਹ ਵਧਾ ਵਧਾ ਕੇ ਤੇ ਉਤਾਹਾਂ ਨੂੰ ਹਿਲਾਂਦਾ ਹੋਇਆ ਬੋਲਿਆ, "ਮਾਂ! ਪੋਚਾ ਫੇਰਨ ਡਹੀ ਹੋਈ ਏਂ ਐਸ ਵੇਲੇ ਠੰਢ ਵਿਚ?"

ਬੁੱਢੀ ਦੀਆਂ ਵਾਛਾਂ ਦੇ ਸੁਕੜੇ ਹੋਏ ਚੰਮ ਵਿਚ ਖਿਚ ਜਹੀ ਪਈ ਤੇ ਉਹ ਕੁ ਹਸ ਕੇ ਬੋਲੀ, "ਨਹੀਂ ਚੰਨ ਵੇ, ਪੋਚਾ ਤੇ ਨਹੀਂ ਫੇਰਦੀ ਛੱਤ ਸਾਰੀ ਦਿਹਾੜੀ ਚੋਂਦੀ ਰਹੀ ਸੀ, ਮੈਂ ਆਖਿਆ ਜਾ ਕੇ ਦੋ ਥੋਬੇ ਈ ਲਾ ਆਵਾਂ। ਹੁਣ ਤੇ ਚਿੱਕੜ ਵਾਲੇ ਹੱਥ ਧੋਣ ਡਹੀ ਹੋਈ ਆਂ।"

ਇਹ ਸੁਣ ਕੇ ਚੰਦਰ ਭਾਨ ਅੱਖਾਂ ਚੌੜੀਆਂ ਕਰਕੇ ਤੇ ਛਪਰਾਂ ਥਲੇ ਢਕੇ ਹੋਏ ਡੇਲਿਆਂ ਨੂੰ ਥਰਕਾਉਂਦਾ ਹੋਇਆ ਬੋਲਿਆ, "ਤੇ ਏਡੀ ਠੰਢ ਵਿਚ ਮਾਂ? ਅਗੇ ਕਹਿਣ ਡਹੀ ਹੋਈ ਏਂ ਹਡ ਪੈਰ ਟੁੱਟਦੇ ਨੇ!"

ਹੱਥ ਧੋਣ ਤੋਂ ਬਾਅਦ ਚੁੱਲੇ ਉਤੇ ਤਵਾ ਧਰਕੇ ਬੁੱਢੀ ਬੋਲੀ, "ਕਿਉਂ ਚੰਨ! ਭੁਖ ਲਗ ਪਈ ਸੀ!"

"ਸੁਆਹ ਭੁਖ ਲਗ ਪਈ ਸੀ, "ਕਹਿ ਕੇ ਤੇ ਆਪਣੇ ਨਿੱਘੇ ਹੱਥਾਂ ਨਾਲ ਮਾਂ ਦੇ ਹੱਥਾਂ ਨੂੰ ਗਰਮ ਕਰਦਾ ਹੋਇਆ ਚੰਦਰ ਭਾਨ ਆਖਣ ਲੱਗਾ–"ਅਗੇ ਤੇਰਾ ਇਹ ਹਾਲ ਏ, ਤੇ ਉਤੋਂ ਠੰਢ ਵਿਚ ਕੋਠੇ ਤੇ ਜਾ ਚੜ੍ਹੀ ਏਂ। ਆਪਣੀ ਜਾਨ ਦਾ ਤੇ ਫਿਕਰ ਰਖਿਆ ਕਰ।"

ਰੋਟੀ ਵੇਲਦੀ ਹੋਈ ਮੰਗਲਾ ਬੋਲੀ–"ਮੇਰੀ ਜਾਨ, ਹੁਣ ਲਾਲ! ਕਿੰਨਾ ਕੁ ਚਿਰ ਰਹਿਣੀ ਏਂ, ਹੁਣ ਤੇ ਕੰਧੀ ਉਤੇ ਰੁਖੜਾ ਵਾਲਾ ਹਾਲ ਏ, ਅਜ ਮੋਏ ਕਲ ਦੂਆ ਦਿਹਾੜਾ......." ਕਹਿੰਦੀ ਕਹਿੰਦੀ ਬੁੱਢੀ ਰੁਕ ਗਈ। ਉਸ ਦਾ ਗਲਾ ਵੀ ਰੁਕ ਗਿਆ, ਪਤਾ ਨਹੀਂ ਕਿਸ ਖ਼ਿਆਲ ਨਾਲ।

ਰੋਟੀ ਲਾਹ ਕੇ ਉਸਨੇ ਚੰਦਰ ਭਾਨ ਦੇ ਹਥ ਵਿਚ ਫੜਾਈ ਤੇ ਨਾਲ ਗੁੜ ਦੀ ਇਕ ਨਿੱਕੀ ਜਿਹੀ ਢੇਲੀ ਵੀ।

ਚੰਦਰ ਭਾਨ ਗੁੜ ਵਾਲਾ ਹੱਥ ਮਾਂ ਵੱਲ ਕਰ ਕੇ ਬੋਲਿਆ–"ਮਾਂ ਗੁੜ ਦੀ ਤੂੰ ਚਾਹ ਬਣਾ ਕੇ ਪੀ ਲਵੀਂ, ਤੇਰਾ ਸਰੀਰ ਤਗੜਾ ਨਹੀਂ, ਨਾਲੇ ਠੰਢ ਵਿਚ ਹਥ ਪੈਰ ਮਾਰਦੀ ਆਈ ਏਂ, ਮੈਨੂੰ ਰਤਾ ਕੁ ਅਚਾਰ ਕਿਸੇ ਦੇ ਘਰੋਂ....।"

ਗਲ ਕਰਦਿਆਂ ਕਰਦਿਆਂ ਉਸ ਦਾ ਧਿਆਨ ਹੋਰ ਪਾਸੇ ਖਿਚਿਆ ਗਿਆ। ਓਸ ਦੇ ਕੰਨਾਂ ਨੂੰ–ਜਿਹੜੇ ਉਸ ਦੀਆਂ ਅੱਖਾਂ ਦਾ ਕੰਮ ਵੀ ਦਿੰਦੇ ਸਨ–ਸਾਫ਼ ਦਿਸਿਆ ਕਿ ਮਾਂ ਇਸ ਵੇਲੇ ਕੀ ਕਰ ਰਹੀ ਹੈ।

ਉਹ ਅੱਖਾਂ ਦੀ ਝਿਮਣੀਆਂ ਨੂੰ ਤੇਜ਼ੀ ਨਾਲ ਝਮਕਾਉਂਦਾ ਹੋਇਆ ਰਤਾ ਕੁ ਅਗਾਂਹ ਝੁਕ ਗਿਆ। ਸੱਜੇ ਹੱਥ ਨਾਲ ਉਸ ਨੇ ਮਾਂ ਦਾ ਮੋਢਾ ਟੋਹਿਆ ਤੇ ਫਿਰ ਉਸਦੀ ਗਿੱਚੀ ਦੀਆਂ ਉਭਰੀਆਂ ਹੋਈਆਂ ਨਾੜਾਂ ਨੂੰ ਟਟੋਲਦਾ ਹੋਇਆ ਹੱਥ ਨੂੰ ਉਸਦੀਆਂ

ਅੱਖਾਂ ਤੱਕ ਲੈ ਗਿਆ। ਉਸ ਦੇ ਪੋਟੇ ਗਿੱਲੇ ਹੋ ਗਏ।

ਉਸ ਦੇ ਦਿਲ ਨੂੰ ਧੱਕਾ ਜਿਹਾ ਵੱਜਿਆ ਤੇ ਡਡੋਲਿਕਾ ਜਿਹਾ ਹੋ ਕੇ ਬੋਲਿਆ,"ਮਾਂ ਤੂੰ ਰੋਣ ਡਹੀ ਹੋਈ ਏ?"

ਬੁੱਢੀ ਪਾਸੋਂ ਝਟ ਪਟ ਬੋਲਿਆਂ ਨਾ ਗਿਆ। ਫਿਰ ਸੰਭਲ ਕੇ ਤੇ ਚੰਦਰ ਭਾਨ ਦੀ ਪਿੱਠ ਤੇ ਹੱਥ ਫੇਰਦੀ ਬੋਲੀ-"ਨਹੀਂ ਲਾਲ! ਰੋਈ ਤਾਂ ਨਹੀਂ ਐਵੇਂ ਖ਼ਿਆਲ ਆ ਗਿਆ ਸੀ।"

"ਕੀ ਖ਼ਿਆਲ ਮਾਂ? ਕਹਿ ਕੇ ਉਤਰ ਦੀ ਉਡੀਕ ਵਿਚ ਉਹ ਭਰਵੱਟਿਆਂ ਨੂੰ ਮੱਥੇ ਵਲ ਤਕ ਕੇ ਮਾਂ ਨੂੰ ਹਲੂਣੇ ਦੇਣ ਲੱਗਾ।

ਮਾਂ ਦਾ ਦਿਲ ਹੁਣ ਸਬਰ ਦੀ ਹੱਦ ਟੱਪ ਚੁੱਕਾ ਸੀ। ਭਾਵੇਂ ਉਹ ਆਪਣੇ ਅੱਥਰੂਆਂ ਦੇ ਹੜ੍ਹ ਵਿਚ ਪੁਤਰ ਨੂੰ ਰੋੜ੍ਹਨਾ ਨਹੀਂ ਸੀ ਚਾਹੁੰਦੀ, ਪਰ ਅਜ ਸਭ ਕੁਝ ਉਸ ਦੇ ਵਸੋਂ ਬਾਹਰ ਹੋ ਗਿਆ।

ਗਰਮ ਪਾਣੀ ਦੇ ਉਮੱਡਦੇ ਆ ਰਹੇ ਸੋਮਿਆਂ ਨੂੰ ਰੋਕਣ ਦਾ ਵਿਅਰਥ ਜਤਨ ਕਰਦੀ ਹੋਈ ਉਹ ਚੰਦਰ ਭਾਨ ਨੂੰ ਗਲ ਨਾਲ ਲਾ ਕੇ ਬੋਲੀ-"ਪੁਤਰ ਮੇਰੇ ਪਿਛੋਂ ਤੇਰਾ ਕੀ ਬਣੇਗਾ? ਕੌਣ ਤੇਰੀ ਖ਼ਬਰ ਸੁਰਤ ਲਵੇਗਾ? ਮੈਂ ਕਰਮਾਂ ਸੜੀ ਨੇ ਕੁਝ ਵੀ ਨਾ ਬਣਾਇਆ। ਲੋਕਾਂ ਦੇ ਪੁਤਰ ਦੁਧੀਂ ਨਾਉਂਦੇ ਤੇ ਮੱਖਣੀ ਪਲਦੇ ਨੇ, ਤੈਨੂੰ ਦੋ ਸੁੱਕੀਆਂ ਰੋਟੀਆਂ......" (ਰਤਾ ਕੁ ਠਹਿਰ ਕੇ) "ਖ਼ਬਰੇ ਇਹ ਸੁੱਕੀਆਂ ਵੀ ਤੈਨੂੰ ਮਿਲਣੀਆਂ ਨੇ ਕਿ ਨਾ! ਕਿਨ ਖੁਆਣੀਆਂ ਨੇ ਪਕਾ ਕੇ! ਖ਼ਬਰੇ ਕਿਥੇ ਰੁਲੇਂਗਾ!"

ਮਾਂ ਦੀਆਂ ਗਲਾਂ ਸੁਣ ਕੇ ਚੰਦਰ ਭਾਨ ਦਾ ਦਿਲ ਬੇ-ਕਾਬੂ ਹੋ ਗਿਆ। ਉਸ ਨੂੰ ਅੱਜ ਪਹਿਲੀ ਵਾਰ ਪਤਾ ਲੱਗਾ ਕਿ ਇਸ ਹਨੇਰੇ ਸੰਸਾਰ ਦੇ ਪਿਛੇ ਪਿਛੇ ਉਸ ਲਈ ਇਕ ਡਰਾਉਣਾ ਸੰਸਾਰ ਵੀ ਆ ਰਿਹਾ ਹੈ। ਅਰਥਾਤ ਕਦੇ ਉਹ ਮਾਂ ਤੋਂ ਬਿਨਾਂ ਵੀ ਦੁਨੀਆਂ ਵਿਚ ਹੋਵੇਗਾ। ਇਸ ਤੋਂ ਛੁਟ ਉਸਨੇ ਆਪਣੀ ਹੀਣੀ ਹਾਲਤ ਨੂੰ ਵੀ ਅੱਜ ਪਹਿਲੀ ਵਾਰ ਅਨੁਭਵ ਕੀਤਾ। ਰੋਟੀ ਉਸਦੇ ਹੱਥੋਂ ਡਿਗਦੀ ਡਿਗਦੀ ਬਚੀ!

## (2)

ਮੀਂਹ ਬੜੇ ਜ਼ੋਰ ਦਾ ਪੈ ਰਿਹਾ ਸੀ। ਕੁਝ ਠੰਢ ਨਾਲ ਤੇ ਕੁਝ ਅਜ ਦੀਆਂ ਗਲਾਂ ਨੂੰ ਯਾਦ ਕਰ ਕਰ ਚੰਦਰ ਭਾਨ ਨੂੰ ਚੋਖੀ ਰਾਤ ਤੱਕ ਨੀਂਦ ਨਾ ਪਈ। ਗੋਡਿਆਂ ਨੂੰ ਹਿੱਕ ਨਾਲ ਲਾਈ ਉਹ ਗੁੱਛਾ ਮੁੱਛਾ ਪਿਆ ਸੀ। ਉਸ ਨੂੰ ਕਈ ਤਰ੍ਹਾਂ ਦੇ ਡਰਾਉਣੇ ਖਿਆਲ ਆਉਂਦੇ ਸਨ।ਪਰ ਇਹਨਾਂ ਦੁੱਖਾਂ ਦਾ ਦਾਰੂ ਉਸ ਨੂੰ ਇਕ ਵੀ ਨਹੀਂ ਸੀ ਸੁੱਝਦਾ। ਉਸ ਘੜੀ ਮੁੜੀ ਪਾਸਾ ਪਰਤਦਿਆਂ ਹੋਇਆਂ ਦਿਨ ਚੜ੍ਹਨ ਦੀ ਉਡੀਕ ਕਰ ਰਿਹਾ ਸੀ। ਮਾਂ ਦੇ ਕਹੇ ਹੋਏ ਵਾਕ ਉਸਦੇ ਕੰਨਾਂ ਵਿਚ ਗੂੰਜਦੇ ਸਨ। ਤੇ ਉਸਨੂੰ ਕਿਸੇ ਡੂੰਘੇ ਵਹਿਣ ਵਿਚ ਰੋੜ੍ਹੀ ਲਈ ਜਾਂਦੇ ਸਨ।

ਰਤਾ ਕੁ ਮੰਜਾ ਹਿੱਲਣ ਦੀ ਆਵਾਜ਼ ਆਉਣ 'ਤੇ ਮਾਈ ਮੰਗਲਾ ਉਠ ਕੇ ਬੈਠ ਜਾਂਦੀ ਤੇ ਪੁੱਛਦੀ,"ਚੰਨਾ! ਕਿਉਂ ਨੀਂਦ ਨਹੀਂ ਆਉਂਦੀ? ਪਾਲਾ ਲਗਦਾ ਈ? ਸੌਂਦਾ ਕਿਉਂ ਨਹੀਂ?" ਚੰਦਰ ਭਾਨ ਕਹਿੰਦਾ "ਨਹੀਂ ਮਾਂ, ਮੈਂ ਤੇ ਸੁੱਤਾ ਹੋਇਆਂ ਵਾਂ। ਤੂੰ ਕਿਉਂ ਐਵੇਂ ਨੀਂਦ ਖਰਾਬ ਕਰਨੀ ਏਂ, ਸੌਂ ਜਾ।"

ਅਖ਼ੀਰ ਪਤਾ ਨਹੀਂ ਕਿਹੜੇ ਵੇਲੇ ਚੰਦਰ ਭਾਨ ਨੂੰ ਨੀਂਦ ਆ ਗਈ ਤੇ ਉਹ ਸੌਂ ਗਿਆ।

ਪਰਭਾਤ ਵੇਲੇ ਅਚਾਨਕ ਹੀ ਉਸ ਦੀ ਜਾਗ ਖੁੱਲੀ ਤੇ ਉਸ ਨੂੰ ਇਉਂ

ਜਾਪਿਆ ਕਿ ਉਹ ਕੋਈ ਅਵਾਜ਼ ਸੁਣ ਕੇ ਜਾਗਿਆ ਹੈ। ਝਟ ਕੁ ਪਿਛੋਂ ਫਿਰ ਉਸ ਦੇ ਕੰਨਾਂ ਵਿਚ ਕੁਝ ਖਟਕਿਆ,ਜਿਸ ਤਰ੍ਹਾਂ ਕਿਸੇ ਨੇ ਕਸੀਸ ਵੱਟਣ ਦੀ ਆਵਾਜ਼ ਹੁੰਦੀ ਹੈ। ਇਸ ਦੇ ਨਾਲ ਹੀ ਉਸ ਨੂੰ ਆਪਣਾ ਸਰੀਰ ਨਿੱਘਾ ਨਿੱਘਾ ਜਾਪਿਆ ਤੇ ਕੰਬਲ ਕੁਝ ਭਾਰਾ ਭਾਰਾ।

ਉਸ ਨੇ ਜਾ ਹੱਥ ਨਾਲ ਟੋਹ ਕੇ ਵੇਖਿਆ ਤਾਂ ਉਸ ਦੇ ਮੂੰਹੋਂ ਨਿਕਲਿਆ, "ਹੈਂ ਮਾਂ ਦੀ ਲੋਈ ਮੇਰੇ ਉਤੇ ?"

ਉਹ ਚੁਪ ਚੁਪਾਤਾ ਉਠਿਆ ਤੇ ਹੀਆਂ ਨੂੰ ਫੜਦਾ ਫੜਦਾ ਮਾਂ ਦੇ ਮੰਜੇ ਵਲ ਪਹੁੰਚਿਆ। ਪੈਂਦ ਵਲ ਹੱਥ ਮਾਰਨ 'ਤੇ ਖੁਸੀਆਂ ਹੋਈਆਂ ਰੱਸੀਆਂ ਤੋਂ ਬਿਨਾਂ ਉਸ ਨੂੰ ਕੁਝ ਨਾ ਲੱਭਾ। ਉਸ ਨੇ ਕਾਹਲੀ ਨਾਲ ਆਵਾਜ਼ ਦਿੱਤੀ, "ਮਾਂ!" ਤੇ ਨਾਲ ਹੀ ਆਪਣੇ ਹਥਾਂ ਨੂੰ ਸਰਾਂਦੀ ਵਲ ਸਰਕਾਉਣ ਲਗਾ।

ਉਸ ਦੇ ਕੰਨਾਂ ਅਤੇ ਹੱਥਾਂ ਨੂੰ ਇਕੋ ਸਮੇਂ ਇਕੱਠਾ ਹੀ ਉਤਰ ਮਿਲਿਆ। ਇਕ ਕੰਬਦੀ ਹੋਈ ਆਵਾਜ਼ ਆਈ, "ਜੀ ਪੁਤਰ !" ਤੇ ਨਾਲ ਹੀ ਉਸ ਦਾ ਹਥ ਸਰ੍ਹਾਂਦੀ ਵਲ ਇਕੱਠੀ ਹੋਈ ਹੋਈ ਮਾਂ ਦੇ ਸਰੀਰ ਨੂੰ ਜਾ ਛੋਹਿਆ, ਜੋ ਫਟੀ ਹੋਈ ਇਕ ਚਾਦਰ ਨਾਲ ਆਪਣੇ ਸਰੀਰ ਨੂੰ ਪਾਲੇ ਦੀ ਮਾਰ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਚੰਦਰ ਭਾਨ ਦਾ ਦਿਲ ਬੈਠ ਗਿਆ, "ਮਾਂ, ਇਹ ਕੀ ?" ਕਹਿ ਕੇ ਉਹ ਪਿਛਾਂਹ ਮੁੜਿਆ ਤੇ ਦੋਵੇਂ ਕਪੜੇ ਲਿਆ ਕੇ ਉਸ ਦੇ ਉਤੇ ਪਾ ਦਿੱਤੇ। ਫਿਰ ਉਸ ਦੇ ਮੱਥੇ 'ਤੇ ਹੱਥ ਫੇਰਨ ਲੱਗਾ, ਉਸ ਦਾ ਖਿਆਲ ਸੀ ਕਿ ਮਾਂ ਦਾ ਪਿੰਡਾ ਗੜੇ ਵਰਗਾ ਹੋਵੇਗਾ, ਪਰ ਇਸ ਤੋਂ ਉਲਟ ਬੁੱਢੀ ਦਾ ਮੱਥਾ ਹਾਂਡੀ ਵਾਂਗ ਤਪ ਰਿਹਾ ਸੀ। ਉਸ ਨੂੰ ਜ਼ੋਰ ਦਾ ਬੁਖ਼ਾਰ ਚੜ੍ਹਿਆ ਹੋਇਆ ਸੀ, ਪਰ ਮਮਤਾ ਦੀ ਮਾਰੀ ਮਾਂ ਇਹ ਕਦ ਸਹਾਰ ਸਕਦੀ ਸੀ ਕਿ ਪੁਤਰ ਦਾ ਕੰਬਲ ਆਪ ਲੈ ਕੇ ਉਸ ਨੂੰ ਪਾਲੇ ਠਾਰੇ। ਅਖ਼ੀਰ ਦੋਹਾਂ ਮਾਂ ਪੁਤਰ ਨੇ ਇਕੱਠੇ ਸੌਂ ਕੇ ਰਾਤ ਦਾ ਇਹ ਚੌਥਾ ਪਹਿਰ ਬਿਤਾਇਆ।

## (3)

"ਵੇ ਗਿਆਨ ਚੰਦਾ! ਵੇ ਸ਼ਾਮਿਆ! ਨੀ ਜਿੰਦੋ ਦੀ ਮਾਂ! ਵੇ ਕੀ ਨਾਂ ਏ ਤੇਰਾ....ਕਿਰਪਿਆ। ਵੇ ਜਾਓ ਵੇ ਰਤਾ ਪਤਾ ਤੇ ਕਰੋ, ਕਿਥੇ ਜਾ ਕੇ ਬੈਠ ਰਿਹੈ ਜਣਦਿਆਂ ਨੂੰ ਖਾਣਾ। ਐਹ ਵੇਲਾ ਆਇਆ ਏ, ਨਾ ਰੋਟੀ ਨਾ ਪਾਣੀ, ਜਰਾ ਘੱਲੀਂ ਨੀ ਸ਼ਾਮੋਂ, ਮੁੰਡੇ ਨੂੰ , ਤੇਰੇ ਬੱਚੇ ਜਿਊਣ।"

ਪੰਜ ਭਠ ਬੁਖ਼ਾਰ ਦੀ ਹਾਲਤ ਵਿਚ ਫਿਰਦੀ ਮਾਈ ਮੰਗਲਾਂ ਜਦ ਹਫ ਕੇ ਘਰ ਦੇ ਬੂਹੇ ਅੱਗੇ ਆ ਢੱਠੀ, ਤਾਂ ਉਸ ਨੇ ਉਪਰੋਕਤ ਵਾਕ ਗਲੀ ਵਾਲਿਆਂ ਨੂੰ ਕਹੇ । ਗੁਆਂਢੀ ਜਾਣਦੇ ਸਨ ਕਿ ਬੁੱਢੀ ਨੂੰ ਇਹੋ ਜਿਹਾ ਬਕੜਵਾਹ ਕਰਨ ਦੀ ਵਾਦੀ ਪਈ ਹੋਈ ਹੈ। ਕਿਸੇ ਨੇ ਵੀ ਕੰਨ ਨਾ ਧਰਿਆ। ਇਕ ਦੋਹਾਂ ਨੇ ਜੇ ਹਿੰਮਤ ਕੀਤੀ ਵੀ ਤਾਂ ਗਲੀ ਦੇ ਮੋੜ ਤੱਕ ਹੀ ਝਾਕ ਕੇ ਮੁੜ ਆਏ।

ਬੁਢੜੀ ਦਾ ਜੋੜ ਜੋੜ ਛੁੜਕਿਆ ਪਿਆ ਸੀ। ਇਸ ਤੇ ਵਾਧਾ ਇਹ ਕਿ ਉਹ ਪਹਿਰਾ ਬੱਧੀ ਬਾਜ਼ਾਰ ਦੀ ਖੇਹ ਛਾਣਦੀ ਹੋਈ ਸੰਗ ਪਾੜ ਪਾੜ ਕੇ ਆਈ ਸੀ।

ਉਹ ਮੰਜੇ ਤੀਕ ਨਾ ਪਹੁੰਚ ਸਕੀ। ਸਾਰਾ ਘਰ ਉਸ ਦੀਆਂ ਅੱਖਾਂ ਅੱਗੇ ਭੌਂ ਰਿਹਾ ਸੀ, ਪਰ ਇਹਨਾਂ ਹੋਣ 'ਤੇ ਵੀ ਕਿਸੇ ਦੀ ਖਿੱਚ ਨੇ ਉਸ ਨੂੰ ਬੇਹੋਸ਼ ਨਾ ਹੋਣ ਦਿੱਤਾ। ਉਸ ਦੀਆਂ ਅੱਖਾਂ ਬੰਦ ਹੁੰਦੀਆਂ ਜਾ ਰਹੀਆਂ ਸਨ ਤੇ ਉਹ ਬਦੋ ਬਦੀ ਉਹਨਾਂ ਨੂੰ ਉਘਾੜਨ ਦਾ ਯਤਨ ਕਰ ਰਹੀ ਸੀ।

ਝਟ ਕੁ ਪਿੱਛੋਂ ਉਸ ਨੇ ਸਰੀਰ ਨੂੰ ਹਿਲਾਇਆ ਜੁਲਾਇਆ ਤੇ ਦੋਹਾਂ ਤਲੀਆਂ ਦਾ ਭਾਰ ਭੋਇੰ ਤੇ ਦੇ ਕੇ ਉਠਣ ਦੀ ਕੋਸ਼ਿਸ਼ ਕਰਨ ਲੱਗੀ। ਥੋੜੇ ਚਿਰ ਦੇ ਜਤਨ ਨਾਲ ਉਹ ਉੱਠੀ ਅਤੇ ਸੋਟੀ ਉਤੇ ਸਾਰੇ ਸਰੀਰ ਦਾ ਭਾਰ ਪਾ ਕੇ ਫੇਰ ਬਾਹਰ ਨਿਕਲ ਟੁਰੀ।

ਬਜ਼ਾਰੋਂ ਬਜ਼ਾਰ ਭਾਉਂਦੀ ਹੋਈ ਉਹ ਕਹੀ ਜਾਂਦੀ–"ਵੇ ਜਾਣ ਵਾਲਿਆ! ਨੀ ਤੇਰਾ ਭਲਾ ਹੋਵੇ! ਵੇ ਮੁੰਡਿਓ! ਏਧਰ ਕਿਸੇ ਨੇ ਇਕ ਅੰਨਾ ਜਾਂਦਾ ਵੇਖਿਆ ਹੋਵੇ?"

ਸਾਰੇ ਜ਼ੋਰ ਨਾਲ ਲੱਤਾਂ ਨੂੰ ਡੋਲਣ ਤੋਂ ਰੋਕਦੀ ਹੋਈ ਉਹ ਜਦ ਇਕ ਬਾਜ਼ਾਰ ਦੇ ਮੋੜ 'ਤੇ ਪਹੁੰਚੀ ਤਾਂ ਅਚਾਨਕ ਉਸ ਨੂੰ ਇਕ ਆਵਾਜ਼ ਆਈ–

"ਲੈ ਲੋ ਪੈਸੇ ਦੀਆਂ ਪੰਝੀ ਸੂਈਆਂ, ਸਿਪ ਦੇ ਬਟਨ ਦੋਂਹ ਪੈਸਿਆਂ ਦੇ ਚੌਵੀ।"

ਬੁਢੀ ਠਠੰਬਰ ਕੇ ਖਲੋ ਗਈ। ਇਹ ਆਵਾਜ਼ ਉਸ ਦੇ ਚੰਦਰ ਭਾਨ ਦੀ ਸੀ। ਉਹ ਅਬੜਵਾਹੀ ਅਗਾਂਹ ਵਧੀ ਤੇ ਇਕ ਜ਼ੋਰ ਦੀ ਆਵਾਜ਼ ਮਾਰੀ, ਵੇ ਚੰਨ!"

ਪਲਕ ਪਿਛੋਂ ਉਹ ਚੰਦਰ ਭਾਨ ਨੂੰ ਛਾਤੀ ਨਾਲ ਲਾਈ ਉਸ ਦਾ ਕੱਕਰ ਵਰਗਾ ਮੱਥਾ ਚੁੰਮ ਰਹੀ ਸੀ।

"ਹਾਏ ਤੇਰੀ ਮਾਂ ਮਰ ਜਾਏ....ਵਡੇ ਵੇਲੇ ਦਾ ਘਰੋਂ .....ਤੇ ਇਹ ਕੀ ਲਈ ਫਿਰਨਾ ਏ? ਜਣਦੇ ਖਾਣਿਆਂ, ਕਿਧਰ ਦੀ ਬਿਪਤਾ ਪੈ ਗਈ ਸੀ ਤੈਨੂੰ ਸੂਈਆਂ ਗੁਦਾਮ ਵੇਚਣ ਦੀ?" ਕਹਿੰਦਿਆਂ ਕਹਿੰਦਿਆਂ ਬੁਢੀ ਦੇ ਅੱਥਰੂ ਢਲਕ ਪਏ ਤੇ ਉਸ ਦੀ ਬਾਂਹ ਵਿਚ ਬਾਂਹ ਪਾ ਕੇ ਘਰ ਨੂੰ ਲੈ ਟੁਰੀ।

ਘਰ ਪਹੁੰਚ ਕੇ ਮਾਈ ਮੰਗਲਾਂ ਦਾ ਭਾਵੇਂ ਬੁਖਾਰ ਤੇ ਨਾ ਉਤਰਿਆ, ਪਰ ਬੁਖਾਰ ਦਾ ਅਸਰ ਕੁਝ ਘਟ ਗਿਆ।

ਦੰਦਾਂ ਨੂੰ ਖਟਖਟਾਉਂਦਿਆਂ ਹੋਇਆ ਚੰਦਰ ਭਾਨ ਨੇ ਉਸ ਨੂੰ ਇਸ ਨਵੇਂ ਵਾਪਾਰ ਦਾ ਕਿੱਸਾ ਸੁਣਾਇਆ ਤੇ ਇਸ ਤੋਂ ਬਾਦ ਝਗੇ ਦੇ ਖੀਸੇ ਵਿਚੋਂ ਹਥ ਕਢ ਕੇ ਮਾਂ ਵਲ ਵਧਾਉਂਦਾ ਬੋਲਿਆ, "ਲੈ ਮਾਂ!"

ਬੁੱਢੀ ਦਾ ਇਧਰ ਧਿਆਨ ਨਹੀਂ ਸੀ। ਉਸ ਨੇ ਸਭ ਤੋਂ ਪਹਿਲਾਂ ਚੰਦਰ ਭਾਨ ਨੂੰ ਨਿੱਘਿਆਂ ਕਰਨ ਦਾ ਯਤਨ ਕੀਤਾ। ਫਿਰ ਉਸ ਦੇ ਹੱਥੋਂ ਪੈਸੇ ਲੈ ਕੇ ਵੇਖੇ, ਜੋ ਪੰਜਾਂ ਕੁ ਆਨਿਆਂ ਦੇ ਸਨ।

ਪੈਸੇ ਫੜਾ ਕੇ ਚੰਦਰ ਭਾਨ ਆਪਣੇ ਕੰਨ ਰੂਪੀ ਅੱਖਾਂ ਨਾਲ ਮਾਂ ਦੇ ਭਾਵਾਂ ਨੂੰ ਤੱਕਣ ਲਗਾ। ਉਸ ਦਾ ਖ਼ਿਆਲ ਸੀ ਕਿ ਪੈਸੇ ਵੇਖ ਕੇ ਮਾਂ ਖੁਸ਼ੀ ਭਰੀਆਂ ਗੱਲਾਂ ਨਾਲ ਉਸ ਦਾ ਸਾਰਾ ਥਕੇਵਾਂ ਲਾਹ ਦੇਵੇਗੀ, ਪਰ ਉਸ ਦੀ ਇਹ ਆਸ ਪੂਰੀ ਨਾ ਹੋਈ। ਉਸ ਦੇ ਕੰਨਾਂ ਵਿਚ ਠੰਢੇ ਸਾਹ ਲੈਣ ਦੀ ਆਵਾਜ਼ ਪਈ।

ਚੰਦਰ ਭਾਨ ਨੂੰ ਅਜ ਪਹਿਲੀ ਵਾਰ ਇਸ ਗਲ ਦਾ ਤਜਰਬਾ ਹੋਇਆ ਸੀ ਕਿ ਉਹ ਵੀ ਮਾਂ ਦੇ ਦੁੱਖਾਂ ਨੂੰ ਕੁਝ ਹੱਦ ਤੱਕ ਵੰਡ ਸਕਦਾ ਹੈ। ਇਸੇ ਕਰ ਕੇ ਖੁਸ਼ੀ ਨਾਲ ਉਸ ਦਾ ਦਿਲ ਧੜਕ ਰਿਹਾ ਸੀ। ਉਹ ਜਦ ਪੰਜ ਆਨੇ ਵਟ ਕੇ ਮੁੜਿਆ ਆ ਰਿਹਾ ਸੀ, ਤਾਂ ਕਈ ਤਰ੍ਹਾਂ ਦੇ ਖਿਆਲ ਉਸ ਦੇ ਦਿਮਾਗ਼ ਵਿਚ ਚੱਕਰ ਲਾ ਰਹੇ ਸਨ–"ਹਫ਼ਤਾ ਕੁ ਇਸੇ ਤਰ੍ਹਾਂ ਵਟਕ ਹੁੰਦੀ ਰਹੀ ਤਾਂ ਮਾਂ ਨੂੰ ਕੱਪੜੇ ਸੁਆ ਦਿਆਂਗਾ, ਫਿਰ ਉਸ ਲਈ ਇਕ ਰਜਾਈ ਭਰਾਵਾਂਗਾ, ਤੇ ਫਿਰ ਉਸ ਨੂੰ ਇਕ ਚਾਂਦੀ ਦਾ ਸੂਤੜਾ ਬਣਵਾ ਦਿਆਂਗਾ, ਆਦਿ।" ਪਰ ਮਾਂ ਦੀ ਉਦਾਸੀ ਨੇ ਉਸ ਦੇ ਸਾਰੇ ਉਤਸ਼ਾਹ ਨੂੰ ਸਲ੍ਹਾਬਾ ਚੜ੍ਹਾ ਦਿੱਤਾ।

ਬੁਢੀ ਮੰਗਲਾਂ ਦੇ ਅੰਦਰ ਇਨ੍ਹਾਂ ਪੰਜਾਂ ਆਨਿਆਂ ਨੇ ਜਿਨੇ ਤੂਫ਼ਾਨ ਲਿਆਂਦੇ ਵਲਵਲਿਆਂ ਨੇ ਜਿੰਨੀਆਂ ਕੁ ਟੱਕਰਾਂ ਖਾਧੀਆਂ, ਉਨ੍ਹਾਂ ਸਭਨਾਂ ਨੂੰ ਉਸ ਨੇ ਆਪਣੀਆਂ

ਪਤਲੀਆਂ ਹੱਡੀਆਂ ਦੇ ਕਮਜ਼ੋਰ ਪਿੰਜਰ ਵਿਚੋਂ ਬਾਹਰ ਨਾ ਨਿਕਲਣ ਦਿੱਤਾ-ਅੰਦਰੇ ਡੱਕੀ ਰੱਖਿਆ। ਉਹ ਆਪਣੇ ਚੰਨ ਦੇ ਦਿਲ ਤੇ ਕਿਸੇ ਤਰ੍ਹਾਂ ਦੀ ਠੇਸ ਨਹੀਂ ਸੀ ਲਾਣਾ ਚਾਹੁੰਦੀ।

ਬੁਢੀ ਨੇ ਸਾਰਾ ਜ਼ੋਰ ਲਾ ਕੇ ਆਪਣੇ ਸਰੀਰ ਨੂੰ ਉਦੋਂ ਤੀਕ ਡਿਗਣੋਂ ਬਚਾਈ ਰੱਖਿਆ, ਜਦੋਂ ਤੀਕ ਉਹ ਪੁਤਰ ਨੂੰ ਰੋਟੀ ਨਾ ਖੁਆ ਚੁਕੀ। ਇਸ ਤੋਂ ਬਾਅਦ ਭਾਵੇਂ ਉਸਨੇ ਬਥੇਰੀ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਚੰਦਰ ਭਾਨ ਦੇ ਪੈਰਾਂ ਨੂੰ ਨਿਘਿਆਂ ਕਰੇ, ਪਰ ਬੁਖ਼ਾਰ ਨੇ ਉਸ ਦੀ ਕੋਈ ਪੇਸ਼ ਨਾ ਜਾਣ ਦਿੱਤੀ।

(4)

ਚੰਦਰ ਭਾਨ ਦੀ ਪਹਿਲੇ ਦਿਨ ਦੀ ਖੱਟੀ, ਜੋ ਉਸ ਨੇ ਕਿਸੇ ਹੋਰ ਕੰਮ ਲਈ ਲਿਆਂਦੀ ਸੀ, ਕਿਸੇ ਹੋਰ ਕੰਮ ਤੇ ਖਰਚ ਹੋ ਗਈ ਕੋਲਿਆਂ ਅਤੇ ਤਾਰਪੀਨ ਦੇ ਤੇਲ ਉਤੇ।

... ... ... ... ... ... ...

ਪਹਿਲਾਂ ਕੁਝ ਦਿਨ ਤਾਂ ਮਾਈ ਮੰਗਲਾਂ ਨੇ ਵੱਖੀ ਪੀੜ ਸਮਝ ਕੇ ਹਨ ਬੰਨ੍ਹੀ ਰੱਖਿਆ, ਪਰ ਉਸ ਦੀ ਇਹ ਪੀੜ੍ਹ ਸਾਧਾਰਨ ਪੀੜ੍ਹ ਨਹੀਂ ਸੀ। ਇਸ ਪੀੜ ਨੇ ਮੰਜੇ ਨਾਲ ਉਸ ਦੀ ਸਾਂਝ ਪਾ ਦਿਤੀ-ਉਹ ਨਮੋਨੀਏ ਦਾ ਸ਼ਿਕਾਰ ਹੋ ਗਈ।

ਕੁਦਰਤ ਹਰ ਇਕ ਹੋਣ ਵਾਲੇ ਕੰਮ ਦਾ ਪਹਿਲਾਂ ਹੀ ਬਾਨ੍ਹਣੂ ਬੰਨ੍ਹ ਦਿੰਦੀ ਹੈ। ਚੰਦਰ ਭਾਨ ਰੋਜ਼ ਵਡੇ ਵੇਲੇ ਉਠ ਕੇ ਘਰੋਂ ਚਲਾ ਜਾਂਦਾ ਤੇ ਸ਼ਾਮ ਨੂੰ ਮੁੜਦਾ ਸੀ। ਉਸ ਦੇ ਲਿਆਂਦੇ ਹੋਏ ਪੈਸੇ ਦਾਰੂ ਤੇ ਖਰਚ ਹੁੰਦੇ ਸਨ।

ਮੰਜੇ ਤੇ ਪਈ ਮਾਈ ਮੰਗਲਾ ਆਪਣੇ ਲਾਡਲੇ ਦੇ ਕਈ ਕਸ਼ਟ ਉਠਾ ਕੇ ਕਮਾਏ ਪੈਸਿਆਂ ਨੂੰ ਖ਼ਰਚ ਹੁੰਦਿਆਂ ਵੇਖਦੀ ਸੀ ਨਾਲ ਹੀ ਜਦੋਂ ਵੇਖਦੀ ਚੰਦਰ ਭਾਨ ਦੇ ਚਿੰਤਾਤਰ ਚਿਹਰੇ ਨੂੰ, ਤਾਂ ਉਸ ਦਾ ਦਿਲ ਸੀਨਾ ਪਾੜ ਕੇ ਨਿਕਲ ਨਿਕਲ ਪੈਂਦਾ ਸੀ। ਪਰ ਇਸ ਸਭ ਕਾਸੇ ਨੂੰ ਰਬ ਦੀ ਰਜ਼ਾ ਤੇ ਮਥੇ ਦੇ ਲੇਖ ਕਹਿ ਕੇ ਉਹ ਆਪਣੇ ਰੁੜ੍ਹਦੇ ਦਿਲਡ ਅਗੇ ਬੰਨ੍ਹ ਮਾਰਨ ਦਾ ਉਪਰਾਲਾ ਕਰਦੀ ਸੀ।

ਚੰਦਰ ਭਾਨ ਨੂੰ ਹੁਣ ਇਕੋ ਧੁਨ ਲੱਗੀ ਹੋਈ ਸੀ-ਪੈਸੇ ਲਿਆਉਣ ਦੀ।

ਉਸ ਦੇ ਹੱਥਾਂ ਵਿਚੋਂ, ਉਸ ਦਾ ਭਵਿੱਸ਼, ਉਸ ਦੀ ਦੁਨੀਆਂ ਤੇ ਉਸ ਦਾ ਸਰਬੰਸ ਨਿਕਲਦਾ ਜਾਂਦਾ ਸੀ ਤੇ ਉਹ ਆਪਣੇ ਲਹੂ ਦਾ ਆਖ਼ਰੀ ਤੁਪਕਾ ਸਾੜ ਕੇ ਵੀ ਉਸ ਨੂੰ ਬਚਾਉਣਾ ਚਾਹੁੰਦਾ ਸੀ।

ਮਾਈ ਮੰਗਲਾ ਦੀ ਹਾਲਤ ਵਧੇਰੇ ਖ਼ਰਾਬ ਹੁੰਦੀ ਗਈ, ਇਥੋਂ ਤੱਕ ਕੇ ਉਸ ਨੂੰ ਖੰਘ ਨਾਲ ਲਹੂ ਆਉਣ ਲੱਗ ਪਿਆ।

ਅਜ ਚੰਦਰ ਭਾਨ ਸਾਰੀ ਰਾਤ ਲੋਗੜ ਤੱਤਾ ਕਰਕੇ ਮਾਂ ਦੀਆਂ ਵੱਖੀਆਂ ਨੂੰ ਸੇਕ ਕਰਦਾ ਰਿਹਾ। ਨਾਲ ਹੀ ਉਹ ਸੋਚਦਾ ਰਿਹਾ-'ਸਵਾ ਰੁਪਈਆ ਘਰ ਵਿਚ ਮੌਜੂਦ ਹੈ, ਜੇ ਰੁਪਈਆ ਬਾਰਾਂ ਆਨੇ ਹੋਰ ਕਿਸੇ ਤਰ੍ਹਾਂ ਮਿਲ ਜਾਣ ਤਾਂ ਡਾਕਟਰ ਸੱਦ ਲਿਆਵਾਂ।'

ਦੂਜੇ ਦਿਨ ਉਹ ਅੱਗੇ ਨਾਲੋਂ ਸਵੇਰੇ ਘਰੋਂ ਨਿਕਲ ਤੁਰਿਆ ਤੇ ਜਾਂਦਾ ਹੋਇਆ ਗੁਆਂਢੀਆਂ ਨੂੰ ਮਾਂ ਦਾ ਖ਼ਿਆਲ ਰੱਖਣ ਵਾਸਤੇ ਕਹਿ ਗਿਆ।

ਉਹ ਸਾਰਾ ਦਿਨ ਸੰਘ ਪਾੜਦਾ ਫਿਰਿਆ, ਪਰ ਕੋਈ ਕੋਈ ਦਿਨ ਹੀ ਨਹਿਸ਼ ਹੁੰਦਾ ਹੈ, ਉਹ ਚਾਰ ਆਨਿਆਂ ਤੋਂ ਵੱਧ ਨਾ ਵੱਟ ਸਕਿਆ।

ਲੌਢੇ ਵੇਲੇ ਦਾ ਸੂਰਜ ਜਿਉਂ ਜਿਉਂ ਢਲਦਾ ਜਾਂਦਾ ਤਿਉਂ ਤਿਉਂ ਉਸ ਦੇ ਦਿਲ ਵੀ ਬੇਚੈਨੀ ਵੱਧਦੀ ਜਾਂਦੀ।

ਅੰਤ ਹਾਰ ਕੇ ਉਹ ਉਸ ਮੁਨਿਆਰ ਪਾਸ ਗਿਆ, ਜਿਸ ਪਾਸੋਂ ਉਹ ਸੌਦਾ ਲੈਂਦਾ ਹੁੰਦਾ ਸੀ। ਉਸ ਨੇ ਸਾਰਾ ਦੁੱਖ ਫੋਲਿਆ ਅਤੇ ਮੁਨਿਆਰ ਨੇ ਤਰਸ ਕਰਕੇ ਉਸ ਨੂੰ ਇਕ ਰੁਪਿਆ ਉਧਾਰਾ ਦੇ ਦਿੱਤਾ।

ਚੰਦਰ ਭਾਨ ਉਸ ਨੂੰ ਦਿਲੋਂ ਅਸੀਸਾਂ ਦਿੰਦਾ ਹੋਇਆ ਘਰ ਮੁੜਿਆ, ਉਹ ਜਿੰਨੇ ਕਦਮ ਘਰ ਵਲ ਪੁਟਦਾ ਸੀ ਉਨ੍ਹੇ ਹੀ ਵੱਖੋ ਵੱਖਰੇ ਖਿਆਲ ਉਸ ਦੇ ਮਨ ਵਿਚ ਪੈਣਾ ਹੁੰਦੇ ਸਨ। ਤੇ ਇਹਨਾਂ ਸਭਨਾਂ ਵਿਚ ਉਸ ਨੂੰ ਮਾਂ ਦੀ ਹੀ ਤਸਵੀਰ ਦਿਸਦੀ ਸੀ।

ਗਲੀ ਵੜਦਿਆਂ ਹੀ ਉਸ ਨੇ ਕੰਨ ਖੜੇ ਕਰ ਲਏ। ਉਹ ਦਸਾਂ ਕੁ ਕਦਮਾਂ ’ਤੇ ਸੀ, ਜਦ ਉਹ ਆਪਣੇ ਪੈਰਾਂ ਅਤੇ ਸੋਟੀ ਦੀ ਆਵਾਜ਼ ਨੂੰ ਰੋਕ ਕੇ ਘਰ ਦੇ ਅੰਦਰੋਂ ਆਉਣ ਵਾਲੀ ਕਿਸੇ ਆਵਾਜ਼ ਨੂੰ ਸੁਣਨ ਦੀ ਕੋਸ਼ਿਸ਼ ਕਰਨ ਲੱਗਾ।

ਪੰਜ ਕੁ ਕਦਮ ਹੋਰ ਅੱਗੇ ਜਾ ਕੇ ਉਸ ਨੇ ਕੰਨਾਂ ਦੇ ਪਿਛੇ ਹੱਥ ਰੱਖ ਕੇ ਹਵਾ ਦੀ ਆ ਰਹੀ ਸਾਂ ਸਾਂ ਨੂੰ ਰੋਕਿਆ।

ਜਦੋਂ ਉਸ ਦਾ ਘਰ ਦੋਹਾਂ ਕਦਮਾਂ ਦੀ ਵਿਥ ’ਤੇ ਸੀ ਤਾਂ ਉਸ ਨੇ ਆਪਣੇ ਸਾਹ ਨੂੰ ਵੀ ਰੋਕ ਲਿਆ ਤੇ ਸਿਰ ਨੂੰ ਅਗਾਂਹ ਅਗਾਂਹ ਕਰਨ ਲੱਗਾ।

ਅੰਦਰੋਂ ਕਿਸੇ ਦੀ ਆਵਾਜ਼ ਆ ਰਹੀ ਸੀ , ਡਾਢੀ ਔਖਿਆਈ ਨਾਲ ‘ਹਾਏ ਹਾਏ’ ਕਰਨ ਦੀ।

ਉਧਰ ਮੰਗਲਾਂ ਦੇ ਕੰਨਾਂ ਨੇ ਡੰਗੋਰੀ ਦਾ ਖੜਾਕ ਸੁਣਿਆ। ਉਹ ਪਾਸਾ ਪਰਤਣ ਦੀ ਕੋਸ਼ਿਸ਼ ਕਰਦੀ ਹੋਈ, ਖਿਚਵੀਂ ਅਤੇ ਫੁਟਵੀਂ ਆਵਾਜ਼ ਵਿਚ ਬੋਲੀ– “ਚੰਨ!....ਆ ਗਿਆ ਏ ?......ਆ ਮੇਰਾ ਭਾਗ........ਆ ਜਾ ਮੇਰੇ ਕੋਲ।”

ਇਸ ਆਵਾਜ਼ ਨੇ ਚੰਦਰ ਭਾਨ ਨੂੰ ਮਾਂ ਦੀ ਬੀਮਾਰੀ ਦਾ ਸਾਰਾ ਹਾਲ ਦੱਸ ਦਿੱਤਾ। ਮੰਗਲਾਂ ਲਈ ਸੱਚ ਮੁੱਚ ਡਾਕਟਰ ਦੀ ਲੋੜ ਸੀ।

ਉਹ ਮਾਂ ਦੇ ਮੰਜੇ ’ਤੇ ਝੁਕ ਗਿਆ। ਉਸ ਦੀ ਪਿੱਠ ’ਤੇ ਮਾਂ ਦਾ ਹੱਥ ਫਿਰਨ ਨਾਲ ਜਦ ਉਸ ਦਾ ਥਕੇਵਾਂ ਦੂਰ ਹੋ ਗਿਆ ਤਾਂ ਮਾਂ ਦੇ ਮੱਥੇ ਨੂੰ ਟਟੋਲਦਿਆਂ ਹੋਇਆ ਬੇ ਸਬਰੀ ਨਾਲ ਬੋਲਿਆ, “ਮਾਂ ਨੀ! ਕਿਉਂ ਪੀੜ ਦਾ ਆਰਾਮ ਆਇਆ ਈ ?”

ਬਨਾਉਂਟੀ ਹੌਸਲੇਂ ਭਰੀ ਆਵਾਜ਼ ਵਿਚ ਮੰਗਲਾ ਬੋਲੀ, “ਆਰਾਮ ਏਂ...ਹੁਣ ਆਰਾਮ ਏ....ਮੈਂ ਰਾਜ਼ੀ ਆ ਲਾਲ!”

ਚੰਦਰ ਭਾਨ ਸਮਝ ਗਿਆ ਕਿ ਇਕ ਛੋਟਾ ਜਿਹਾ ਵਾਕ ਬੋਲਣ ਵਿਚ ਵੀ ਜਿਸ ਰੋਗੀ ਨੂੰ ਦੋ ਤਿੰਨ ਵਾਰੀ ਕਸੀਸ ਵੱਟਣੀ ਪਵੇ, ਉਹ ਕਿੰਨਾ ਕੁ ਰਾਜ਼ੀ ਹੋ ਸਕਦਾ ਹੈ।

ਉਹ ਮੰਜੇ ਤੋਂ ਉਠਿਆ ਤੇ ਕੰਧ ਦੇ ਆਸਰੇ ਉਹ ਜਾਲੇ ਤਕ ਪਹੁੰਚਿਆ, ਜਿਥੇ ਉਸ ਦੀ ਰਾਸ ਪੂੰਜੀ ਪਈ ਸੀ। ਜਾਲੇ ਵਿਚ ਉਸ ਨੇ ਹਥ ਮਾਰਿਆ ਤਾਂ ਪੈਸਿਆਂ ਦੀ ਥਾਂ ਉਥੇ ਨਵੇਂ ਬੂਟ ਪਏ ਸਨ।

ਉਸ ਨੇ ਮਾਂ ਨੂੰ ਪੁੱਛਿਆ ਮਾਂ ਇਹ ਬੂਟ ਕਿਸਦੇ ਨੇ ਜਾਲੇ ਵਿਚ ?

“ਤੇਰੇ ਜੋਗੇ ਲਏ ਸੀ ਚੰਨ!....ਵਿਕਣੇ ਆਏ ਸੀ।”

“ਮੇਰੇ ਜੋਗੇ ?” ਉਸ ਨੇ ਹੈਰਾਨ ਹੋ ਕੇ ਪੁੱਛਿਆ–“ਤੇ ਮੈਂ ਤੈਨੂੰ ਕਦੋਂ ਕਿਹਾ ਸੀ ਬੂਟ ਲੈਣ ਲਈ ? ਮਾਂ। ਤੂੰ ਜੋ ਕੰਮ ਕਰਨੀ ਏ ਕਾਹਲੀ ਦਾ ਈ ਕਰਨੀ ਏ। ਕਿੰਨੇ ਦੇ ਲਏ ਈ ?”

ਮੰਗਲਾ ਨੇ ਖੰਘ ਕੇ ਕਿਹਾ–'ਪੌਣੇ ਦੋਹਾਂ ਦੇ।"
"ਤੇ ਪੈਸੇ ਮਾਂ?"
"ਸਵਾ ਰੁਪਈਆ ਰੋਕ ਦਿੱਤਾ ਈ ਤੇ....ਅਠਾ ਆਨਿਆ ਵਿਚ...."
"ਅਠਾਂ ਆਨਿਆਂ ਵਿਚ ਕੀ ਦਿੱਤਾ ਸੀ?"
"ਉਹ ਜਿਹੜਾ ਤਰੱਗਾ ਪਿਆ ਸੀ ਟੁੱਟਾ ਹੋਇਆ।"
ਚੰਦਰ ਭਾਨ ਨੂੰ ਪਿਆਰ ਭਰਿਆ ਗੁਸਾ ਆਇਆ ਤੇ ਫਿਰ ਸੋਚਾਂ ਵਿਚ ਪੈ ਗਿਆ।

ਮੰਗਲਾਂ ਦੀ ਰਤਾ ਕੁ ਅੱਖ ਲੱਗ ਗਈ। ਚੰਦਰ ਭਾਨ ਦਬੇ ਪੈਂਰੀਂ ਬਾਹਰ ਨਿਕਲ ਟੁਰਿਆ। ਬੂਟਾਂ ਦਾ ਜੋੜਾ ਪੈਂਰੀ ਪਾਉਣ ਦੀ ਥਾਂ ਉਸ ਨੇ ਹੱਥ ਵਿਚ ਫੜਿਆ ਹੋਇਆ ਸੀ।

## (5)

ਡਾਕਟਰ ਨੇ ਬੁੱਢੀ ਦੀ ਨਬਜ਼ ਟੋਟੋਲੀ, ਟੂਟੀਆਂ ਲਾ ਕੇ ਫੇਫੜਿਆਂ ਦੀ ਆਵਾਜ਼ ਸੁਣੀ ਤੇ ਉਸ ਦੀਆਂ ਪਸਲੀਆਂ ਨੂੰ ਟੋਹ ਕੇ ਵੇਖਿਆ। ਬੁੱਢੀ ਦਾ ਸਾਹ ਪੈਰੋ ਪੈਰ ਤੇਜ਼ ਹੁੰਦਾ ਜਾਂਦਾ ਸੀ ਤੇ ਛਾਤੀ ਵਿਚੋਂ ਸਾਂ ਸਾਂ ਦੀ ਆਵਾਜ਼ ਆ ਰਹੀ ਸੀ।

ਨੁਸਖਾ ਲਿਖ ਕੇ ਡਾਕਟਰ ਨੇ ਚੰਦਰ ਭਾਨ ਨੂੰ ਫੜਾਇਆ ਤੇ ਰੁਪਏ ਖੀਸੇ ਵਿਚ ਪਾਉਂਦਾ ਝਟ ਪਟ ਬਾਹਰ ਨਿਕਲ ਗਿਆ।

ਚੰਦਰ ਭਾਨ ਜਦ ਦੁਆਈ ਲੈਣ ਜਾਣ ਲੱਗਾ ਤਾਂ ਮੰਗਲਾ ਦੀ ਧੁੰਦਲੀ ਨਜ਼ਰ ਉਸ ਦੇ ਪੈਰਾਂ 'ਤੇ ਸੀ। ਪਰ ਉਸ ਵਿਚਾਰੀ ਨੂੰ ਕੀ ਪਤਾ ਕਿ ਉਸ ਦੇ ਖਰੀਦੇ ਹੋਏ ਬੂਟ, ਚੰਦਰ ਭਾਨ ਦੇ ਪੈਰੀਂ ਪੈਣ ਤੋਂ ਪਹਿਲਾਂ ਹੀ ਡਾਕਟਰ ਦੇ ਖੀਸੇ ਵਿਚ ਜਾ ਪਏ ਹਨ। ਹਰ ਇਕ ਚੀਜ਼ ਆਪਣੇ ਥਾਂ ਸਿਰ ਹੀ ਸੋਭਦੀ ਹੈ। ਕੀ ਚੰਦਰ ਭਾਨ ਦੇ ਪੈਰ ਇਸ ਜੋਗ ਸਨ।

ਅਜੇ ਡਾਕਟਰ ਨੇ ਬਾਹਰ ਪੈਰ ਕੱਢਿਆ ਹੀ ਸੀ ਕਿ ਮਾਈ ਮੰਗਲਾ ਸਦਾ ਲਈ ਅੱਖਾਂ ਮੀਟ ਗਈ। ਅੰਨੇ ਦੀ ਇਕ ਮਾਤਰ ਡੰਗੋਰੀ ਘੁਣਾਂ ਦੀ ਖਾਧੀ ਡੰਗੋਰੀ ਵੀ ਰੱਬ ਨੇ ਉਸ ਪਾਸੋਂ ਖੋਹ ਲਈ। ਉਹ ਹੁਣ ਇਸ ਸੂੰਨਸਾਨ ਤੇ ਡਰਾਉਣੇ ਸੰਸਾਰ ਵਿਚ ਇਕੱਲਾ ਸੀ।

... ... ... ... ... ... ...

ਜਿਸ ਦਿਨ ਮੰਗਲਾਂ ਦੀ ਅਰਥੀ ਨਿਕਲੀ, ਚੰਦਰ ਭਾਨ ਨੇ ਮੁੜ ਉਸ ਘਰ ਵਿਚ ਪੈਰ ਨਹੀਂ ਪਾਇਆ। ਓਹੀ ਘਰ, ਜਿਸ ਦੀਆਂ ਢਠੀਆਂ ਕੰਧਾਂ ਉਸ ਲਈ ਸਾਰੇ ਸੁਖ, ਸਾਰੀਆਂ ਖੁਸ਼ੀਆਂ ਲਈ ਬੈਠੀਆਂ ਸਨ, ਅਜ ਡਰਾਉਣੀਆਂ ਸ਼ਕਲਾਂ ਬਣਾ ਬਣਾ ਕੇ ਉਸ ਦੇ ਸਾਹਮਣੇ ਆਉਂਦੀਆਂ ਸਨ। ਉਸ ਨੂੰ ਇਹੋ ਜਾਪਦਾ ਸੀ ਕਿ ਇਸ ਘਰ ਦੇ ਪ੍ਰਾਣ ਨਿਕਲ ਗਏ ਹਨ ਤੇ ਇਹ ਹੁਣ ਇਕ ਲੋਥ ਤੋਂ ਵਧ ਕੁਝ ਨਹੀਂ। ਉਸ ਦਿਨ ਤੋਂ ਬਾਅਦ ਚੰਦਰ ਭਾਨ ਨੂੰ ਕਿਸੇ ਨਹੀਂ ਡਿੱਠਾ।

–0–

## ਪਰਭਾਤ ਦਾ ਸੁਪਨਾ

ਮਾਸਟਰ ਕਿਰਪਾ ਰਾਮ ਦਾ ਆਸ਼ਾਵਾਦ ਕੁਝ ਸ਼ੇਖ ਚਿੱਲੀਆਨਾ ਕਿਸਮ ਦਾ ਸੀ। ਉਸ ਦੀ ਆਸ਼ਾ ਦਾ ਕੇਂਦਰ ਵੀ ਬੜਾ ਅਜੀਬ ਸੀ। ਕਦੀ ਕਿਸੇ ਸਮੇਂ ਉਸ ਨੇ ਜੰਗੀ ਕਰਜ਼ੇ ਦੇ ਤੀਹਾਂ ਚਾਲੀਆਂ ਰੁਪਈਆਂ ਦੇ ਬਾਂਡ ਖਰੀਦੇ ਸਨ। ਉਸ ਨੂੰ ਪੱਕਾ ਯਕੀਨ ਸੀ ਕਿ ਜ਼ਰੂਰ ਉਸ ਦਾ ਇਨਾਮ ਨਿਕਲੇਗਾ। ਏਸੇ ਇਨਾਮ ਦੀ ਉਮੇਦ ਉਤੇ ਉਹ ਆਪਣੇ ਭਵਿਸ਼ ਦੇ ਉਚੇ ਉਚੇ ਮਹੱਲ ਉਸਾਰਦਾ ਰਹਿੰਦਾ ਸੀ।

ਸ਼ੁਰੂ ਸ਼ੁਰੂ ਵਿਚ ਜਦ ਮੈਂ ਪਠਾਨਕੋਟ ਦੇ ਇਕ ਸਕੂਲ ਵਿਚ ਟੀਚਰ ਲੱਗਾ ਤਾਂ ਤਾਂ ਮਾਸਟਰ ਕਿਰਪਾ ਰਾਮ ਨਾਲ ਮੇਰੀ ਮੁਢਲੀ ਜਾਣ ਪਛਾਣ ਹੋਈ। ਪਹਿਲਾਂ ਪਹਿਲਾਂ ਤਾਂ ਉਹ ਕੁਝ ਸਨਕੀ ਜਿਹਾ ਜਾਪਿਆ, ਪਰ ਥੋੜੇ ਦਿਨਾਂ ਵਿਚ ਹੀ ਉਹ ਮੈਨੂੰ ਕੁਝ ਚੰਗਾ ਚੰਗਾ ਲੱਗਣ ਲਗ ਪਿਆ। ਉਸ ਵਿਚ ਹੋਰ ਵੀ ਅਨੇਕਾਂ ਗੁਣ ਸਨ। ਪਰ ਉਸ ਦੇ ਜਿਸ ਗੁਣ ਨੇ ਉਸ ਵੱਲ ਮੈਨੂੰ ਵਧੇਰੇ ਖਿੱਚਿਆ, ਉਹ ਸੀ ਉਸ ਦੀ ਜ਼ਿੰਦਾ ਦਿਲੀ। ਘਰ ਵਿਚ ਤੰਗੀ ਹੋਵੇ, ਜੇਬ ਵਿਚ ਭਾਵੇਂ ਕੱਚੀ ਕੌਡੀ ਨਾ ਹੋਵੇ, ਉਹ ਸਦਾ ਆਪਣੇ ਰੰਗ ਵਿਚ ਮਸਤ ਰਹਿੰਦਾ।

ਤਨਖ਼ਾਹ ਸਾਡੀ ਦੋਹਾਂ ਦੀ ਲਗਪਗ ਇਕੋ ਜਿੰਨੀ ਸੀ–ਚਾਲੀ ਪੰਤਾਲੀ ਰੁਪਏ। ਤੇ ਇੰਨੇ ਪੈਸਿਆਂ ਨਾਲ ਉਸ ਵਰਗੇ ਵੱਡ ਪਰਵਾਰੇ ਦਾ ਬਣਦਾ ਵੀ ਕੀ ਸੀ। ਅਸੀਂ ਤਾਂ ਭਲਾ ਦੋਵੇਂ ਮੀਆਂ ਬੀਵੀ ਸਾਂ। ਪਰ ਮਾਸਟਰ ਜਿਸ ਦੇ ਤਿੰਨ ਬੱਚੇ ਸਨ, ਏਨੀ ਥੋੜੀ ਰਕਮ ਨਾਲ ਕੀਕਣ ਗੁਜ਼ਾਰਾ ਕਰਦਾ ਹੋਵੇਗਾ, ਇਹ ਸੋਚ ਸੋਚ ਕੇ ਮੈਨੂੰ ਹੈਰਾਨੀ ਹੁੰਦੀ ਸੀ। ਪਰ ਅਸ਼ਕੇ ਆਖੋਂ ਮਾਸਟਰ ਦੇ ਕਿ ਮੈਂ ਉਸਦੇ ਮੱਥੇ 'ਤੇ ਕਦੇ ਸ਼ਿਕਨ ਨਹੀਂ ਸੀ ਦੇਖਿਆ। ਕਦੇ ਕਦੇ ਉਹ ਭਾਨੇ ਸ਼ਾਹ ਦੀ ਬਦਸਲੂਕੀ ਬਾਬਤ ਗਿਲਾ ਜ਼ਰੂਰ ਕਰਦਾ ਸੀ। ਜਿਸ ਪਾਸੋਂ ਕਦੀ ਉਸ ਨੇ ਸੌ ਰੁਪਏ ਦਾ ਕਰਜ਼ਾ ਚੁੱਕਿਆ ਸੀ, ਤੇ ਜਿਹੜਾ ਸੂੰਦਾ ਸੂੰਦਾ ਇਸ ਵੇਲੇ ਚਾਰ ਸੌ ਤੋਂ ਵੀ ਟੱਪ ਗਿਆ ਸੀ। ਪਰ ਨਾਲ ਹੀ ਮਾਸਟਰ ਬੜੀ ਐਂਠ ਨਾਲ ਕਹਿੰਦਾ–"ਬਾਂਡਾ ਦਾ ਇਨਾਮ ਆਉਣ ਦੀ ਢਿਲ ਹੈ ਕਿ ਮੱਥੇ ਮਾਰਾਂਗਾ ਸੂ, ਮੈਂ ਕਦੀ ਸਕੇ ਪਿਉ ਦੀ ਕਾਣ ਨਹੀਂ ਸਹੀ, ਉਸ ਨੂੰ ਕੀ ਜਾਣਨਾ ਵਾਂ ਤੜਪ ਘਸੀਏ ਜਿਹੇ ਨੂੰ ਮੈਂ।"

ਕਈ ਟੀਚਰਾਂ ਨੇ ਉਸ ਦਾ ਨਾਂ 'ਮਾਸਟਰ ਰੇਡੀਓ' ਪਾਇਆ ਹੋਇਆ ਸੀ, ਜਿਨ੍ਹਾਂ ਦੀ ਰੀਸੇ ਕਈ ਮੁੰਡੇ ਵੀ , ਉਸ ਨੂੰ ਪਿਛੋਂ ਕੰਡੀ ਏਸੇ ਨਾਂ ਨਾਲ ਪੁਕਾਰਦੇ ਸਨ।

ਪਹਿਲਾਂ ਤਾਂ ਮੈਨੂੰ ਉਸਦੇ ਇਸ ਉਪਨਾਮ ਬਾਰੇ ਸਮਝ ਨਾ ਆਈ, ਪਰ ਮਗਰੋਂ ਛੇਤੀ ਹੀ ਪਤਾ ਲੱਗ ਗਿਆ ਕਿ ਉਸ ਨੂੰ ਰੇਡੀਓ ਕਿਉਂ ਕਿਹਾ ਜਾਂਦਾ ਹੈ। ਉਹ ਬੋਲਦਾ ਜ਼ਿਆਦਾ ਸੀ ਤੇ ਬਹਿਸ ਦਾ ਗੁਣ ਤਾਂ ਉਸ ਨੂੰ ਜਿਵੇਂ ਗੁੜ੍ਹਤੀ ਵਿਚ ਮਿਲਿਆ ਸੀ। ਤੁਸੀਂ ਕੋਈ ਨਿਗੂਣੀ ਤੋਂ ਨਿਗੂਣੀ ਗੱਲ ਕਰੋ, ਉਹ ਖਿਚ ਘਸੀਟ ਕੇ ਗਲ ਬਹਿਸ ਦੇ

ਖਰਾਦ ਤੇ ਜਾ ਚਾੜ੍ਹੇਗਾ ਤੇ ਫਿਰ ਤਦ ਤੀਕ ਪਿੱਛਾ ਨਹੀਂ ਛੱਡੇਗਾ, ਜਦ ਤੀਕ ਉਸ ਗੱਲ ਦੇ ਪਰਛੇ ਨਾ ਉਡ ਜਾਣ।

ਇਸ ਤੋਂ ਛੁਟ ਉਸ ਦਾ ਕੱਦ ਬੁਤ ਵੀ ਕਿਸੇ ਹੱਦ ਤੱਕ ਰੇਡੀਓ ਨਾਲ ਮਿਲਦਾ ਜੁਲਦਾ ਸੀ-ਗੋਲ ਮਟੋਲ ਤੇ ਹੇਠੋਂ ਉਤੋਂ ਮੁਰੱਬਾ। ਜਿੰਨੀ ਉਸ ਦੀ ਜ਼ਬਾਨ ਤੇਜ਼ ਸੀ, ਲੱਤਾਂ ਓਦੂੰ ਵੀ ਜ਼ਿਆਦਾ ਤੇਜ਼ ਸਨ।

ਹੁੰਦਿਆਂ ਹੋਇਆ ਸਾਡੀ ਜਾਨ ਪਛਾਣ ਦੋਸਤੀ ਦੇ ਦਰਜ਼ੇ ’ਤੇ ਜਾ ਪਹੁੰਚੀ। ਇਸ ਦਾ ਸਬਬ ਹੋਰ ਵੀ ਸੀ। ਸਾਡੀ ਰੋਜ਼ ਦੀ ਸੈਰ ਤੇ ਹਫ਼ਤਾਵਾਰੀ ਪਿਕਨਿਕ। ਮਹੀਨੇ ਮਗਰੋਂ ਤਨਖਾਹ ਜਦੋਂ ਮਿਲੇ ਉਸ ਤੋਂ ਮਗਰੋਂ ਸਾਡਾ ‘ਐਸ਼’ ਦਾ ਪ੍ਰੋਗਰਾਮ ਹੁੰਦਾ ਸੀ।

‘ਐਸ਼’ ਤੋਂ ਕੋਈ ਰਈਸਾਂ ਨਵਾਬਾਂ ਵਾਲੀ ਆਯਾਸ਼ੀ ਨਾ ਸਮਝਿਆ ਜਾਵੇ। ਇਕ ਇਕ ਲੰਮੀ ਸੈਰ ਤੋਂ ਸ਼ੁਰੂ ਹੋ ਕੇ ਨੌਂ ਨੌਂ ਆਨਿਆਂ ਦੀ ਪਿਕਚਿਰ ਉਤੇ ਜਾ ਕੇ ਖ਼ਤਮ ਹੋ ਜਾਂਦੀ ਸੀ। ਤੇ ਇਸ ਵਿਚ ਸਾਨੂੰ ਜੋ ਸੁਆਦ ਆਉਂਦਾ ਉਹ ਕਿਸੇ ਰਾਜੇ ਮਹਾਰਾਜੇ ਨੂੰ ਵਹ ਨਹੀਂ ਆਇਆ ਹੋਵੇਗਾ।

ਉਸ ਦਿਨ ਅਸੀਂ ਦੋਹੇ ਜਾਣੇ ਆਪਣੀ ਤੀਹਾਂ ਦਿਨਾਂ ਦੀ ਮਜ਼ਦੂਰੀ ਜੇਬਾ ਵਿਚ ਪਾਈ ਜਦ ਛੁਟੀ ਤੋਂ ਬਾਅਦ ਘਰ ਵਲ ਆ ਰਹੇ ਸਾਂ ਤਾਂ ਮਾਸਟਰ ਮੈਨੂੰ ਕਹਿਣ ਲੱਗਾ-“ਭਾਪਾ, (ਉਹ ਮੈਨੂੰ ਭਾਪਾ ਕਹਿ ਕੇ ਬੁਲਾਂਦਾ ਸੀ) ਸੁਪਨਿਆਂ ਦੇ ਸੰਬੰਧ ਵਿਚ ਤੇਰਾ ਕੀ ਖਿਆਲ ਹੈ?”

ਮੈਨੂੰ ਉਸਦੀਆਂ ਹੋਰ ਤਾਂ ਸਾਰੀਆਂ ਆਦਤਾਂ ਚੰਗੀਆਂ ਲੱਗਦੀਆਂ ਸਨ, ਪਰ ਉਸ ਦੀ ਆਦਤ ਜਿਹੜੀ ਨਿਰੀ ਕੰਨ ਖਾਊ, ਥਕਾਵੀਂ ਤੇ ਖ਼ੁਸ਼ਕ ਹੁੰਦੀ ਸੀ-ਤੋਂ ਮੈਂ ਬੜਾ ਕਤਰਾਂਦਾ ਸਾਂ। ਉਸ ਦਾ ਸਵਾਲ ਸੁਣਦਿਆਂ ਹੀ ਮੈਂ ਸੋਚਿਆ, ਬਸ ਹੁਣ ਕਿਸੇ ਨਵੀਂ ਬਹਿਸ ਦਾ ਮੁੱਢ ਬੱਝਾ ਸਮਝੋ। ਪਰ ਮੈਂ ਅਕਲਮੰਦੀ ਇਹ ਕੀਤੀ ਕਿ ਉਸ ਦੇ ਸਵਾਲ ਸਬੰਧੀ ਆਪਣੀ ਰਾਇ ਨਾ ਦੇ ਕੇ ਸਗੋਂ ਉਸੇ ਉਤੇ ਸਵਾਲ ਚੁਕ ਕੀਤਾ-“ਤੇਰਾ ਆਪਣਾ ਕੀ ਖਿਆਲ ਹੈ?”

ਇਹ ਕਰਨ ਤੋਂ ਮੇਰਾ ਮਤਲਬ ਇਹ ਸੀ ਕਿ ਜੋ ਕੁਝ ਉਹ ਕਹੇਗਾ ਬਿਲਕੁਲ ਠੀਕ ਹੈ ਕਹਿ ਕੇ ਪੁਆੜਾ ਮੁਕਾ ਛਡਾਂਗਾ।

ਉਹ ਬੋਲਿਆ-“ਮੇਰਾ ਤੇ ਸੌ ਫ਼ੀਸਦੀ ਛੱਡ ਕੇ ਸੱਤਰ ਸੌ ਫ਼ੀਸਦੀ ਖ਼ਿਆਲ ਹੈ ਕਿ ਪਰਭਾਤ ਦਾ ਸੁਪਨਾ ਕਦੀ ਝੂਠਾ ਨਹੀਂ ਹੁੰਦਾ। ਇਕ ਵਾਰੀ ਨਹੀਂ, ਬੜੀ ਵਾਰੀ ਮੈਂ ਖੁਦ ਅਜ਼ਮਾ ਕੇ ਵੇਖ ਚੁੱਕਾ ਹਾਂ।” ਤੇ ਮਾਸਟਰ ਨੇ ਇਕ ਲੰਮੀ ਸਲੰਮੀ ਲੜੀ ਸ਼ੁਰੂ ਕਰ ਦਿੱਤੀ-ਫ਼ਲਾਣੇ ਵੇਲੇ ਮੈਨੂੰ ਫ਼ਲਾਣਾ ਸੁਪਨਾ ਆਇਆ ਸੀ, ਜਿਸ ਦਾ ਐਹ ਸਿੱਟਾ ਨਿਕਲਿਆ ਅਤੇ ਉਸ ਤੋਂ ਬਾਅਦ ਐਵੇਂ ਹੋਇਆ, ਆਦਿ।

ਇਕ ਦੋ ਨਹੀਂ ਕੁਝ ਸੱਤ ਅੱਠ ਵਾਕੇ ਸੁਣਾਏ ਉਸ ਨੇ ਪਰਭਾਤ ਦਾ ਸੁਪਨਾ ਸੱਚ ਹੋਣ ਦੇ ਹੱਕ ਵਿਚ। ਤੇ ਜਦ ਅਸੀਂ ਮੀਲ ਸਵਾ ਮੀਲ ਪੈਂਡਾ ਮੁਕਾ ਕੇ ਘਰ ਦੇ ਲਾਗੇ ਪਹੁੰਚੇ ਤਾਂ ਮਾਸਟਰ ਨੇ ਆਪਣੀ ਵਿਆਖਿਆ ਦਾ ਅੰਤਿਮ ਤੋੜਾ ਇਸ ਗੱਲ ਉਤੇ ਝਾੜਿਆ-“ਤੇ ਭਾਪਾ! ਅੱਜ ਜਿਸ ਸੁਪਨੇ ਦਾ ਜ਼ਿਕਰ ਤੈਨੂੰ ਮੈਂ ਸੁਣਾਨ ਲੱਗਾ ਹਾਂ, ਮੇਰੀ ਗੱਲ ਤੂੰ ਪੱਥਰ ਉਤੇ ਲਕੀਰ ਸਮਝ ਕੇ ਲੈ ਇਹ ਵੀ ਸੌ ਫ਼ੀਸਦੀ ਸੱਚਾ ਸਾਬਿਤ ਹੋਵੇਗਾ।”

“ਹਾਂ, ਦੱਸ” ਮੈਂ ਕੁਝ ਛਿੱਥਾ ਪੈ ਕੇ ਪੁੱਛਿਆ। ਮੈਨੂੰ ਡਰ ਸੀ ਕਿ ਪਤਾ ਨਹੀਂ ਘਰ ਪਹੁੰਚਦਿਆਂ ਤੱਕ ਵੀ ਇਸ ਦਾ ਗੱਲਾਂ ਦਾ ਸਿਲਸਿਲਾ ਬੰਦ ਹੋਵੇ ਕਿ ਨਾ। ਜੇਠ ਮਹੀਨੇ ਦੀ ਗਰਮੀ ਤੇ ਫਿਰ ਦੁਪਹਿਰਾਂ ਦਾ ਵੇਲਾ ਹੋਣ ਕਰਕੇ ਮੇਰਾ ਮਨ ਮੁੜ੍ਹਕੇ ਨਾਲ

ਕਾਹਲਾ ਪੈ ਰਿਹਾ ਸੀ। ਜੁ ਕਿਹੜੇ ਵੇਲੇ ਘਰ ਪਹੁੰਚ ਕਿ ਚੈਨ ਦਾ ਸਾਹ ਆਵੇ।

"ਪਰ ਮਾਖੌਲ ਨਾ ਉਡਾਈ ਮੇਰੀ ਗੱਲ ਦਾ", ਕਹਿਣ ਤੋਂ ਬਾਅਦ ਮਾਸਟਰ ਬੋਲਿਆ–"ਅਜ ਪਰਭਾਤ ਵੇਲੇ ਮੈਨੂੰ ਸੁਪਨਾ ਆਇਆ ਹੈ ਕਿ ਮੇਰਾ ਬਾਂਡ ਦਾ ਇਨਾਮ ਨਿਕਲ ਆਇਆ ਏ । ਪਤਾ ਈ ਕਿੰਨਾ? ਪੰਜ ਹਜ਼ਾਰ ਦਾ। ਤੇ ਮੇਰਾ ਦਿਲ ਕਹਿ ਰਿਹਾ ਏ ਕਿ ਇਹ ਸੁਪਨਾ ਕਦੀ ਝੂਠਾ ਨਹੀਂ ਹੋ ਸਕਦਾ।"

ਮੈਂ ਬੜੀ ਮੁਸ਼ਕਲ ਨਾਲ ਹਾਸਾ ਰੋਕਿਆ। ਇਕ ਵਾਰੀ ਤਾਂ ਦਿਲ ਚਾਹਿਆ ਕਿ ਇਸ ਦਾ ਮੌਜੂ ਉਡਾਵਾ, ਪਰ ਕੁਝ ਤਾਂ ਗਰਮੀ ਨਾਲ ਘਬਰਾਇਆ ਹੋਇਆ ਸਾਂ ਦੂਜਾ ਸੋਚਿਆ, ਇਸ ਦੇ ਖਿਆਲੀ ਮਹੱਲ ਨੂੰ ਢਾਹ ਕੇ ਮੇਰੇ ਹੱਥ ਕੀ ਆਉਣਾ ਹੈ। ਸੋ ਮੈਂ ਦਬਵੀਂ ਜਿਹੀ ਆਵਾਜ਼ ਵਿਚ ਕਹਿ ਦਿੱਤਾ–"ਪਰਮਾਤਮਾ ਕਰੇ ਸੱਚਾ ਹੀ ਸਾਬਤ ਹੋਏ ਤੇਰਾ ਇਹ ਸੁਪਨਾ।"

ਘਰ ਪਹੁੰਚਣ ਤੋਂ ਪਹਿਲਾਂ ਮਸਾਂ ਸਵੇਰ ਦੀ ਮਹਾਂਵਾਰੀ ਐਸ਼ ਦਾ ਪ੍ਰੋਗਰਾਮ ਚੱਕੀ ਦੇ ਪੁਲ ਤੇ ਜਾਣ ਦਾ ਪੱਕਾ ਕਰ ਲਿਆ। ਐਤਕੀ ਖਾਣ ਪੀਣ ਦਾ ਸਮਾਨ ਲਿਜਾਣ ਦੀ ਵਾਰੀ ਮਾਸਟਰ ਦੀ ਸੀ।

..... .... ..... .... .... ... ....

ਸਵੇਰੇ ਅਜੇ ਦਿਨ ਵੀ ਨਹੀਂ ਸੀ ਚੜ੍ਹਿਆ ਕਿ ਮਾਸਟਰ ਨੇ ਆ ਬੂਹਾ ਖੜਕਾਇਆ। ਤੇ ਅੰਦਰ ਆਉਂਦਿਆਂ ਹੀ ਉਸਨੇ ਇਕ ਲੈਕਚਰ ਝਾੜਨਾ ਸ਼ੁਰੂ ਕਰ ਦਿੱਤਾ–"ਬਈ ਕਮਾਲ ਏ। ਅਜੇ ਤੱਕ ਤੂੰ ਮੰਜੇ ਦੀ ਸਵਾਰੀ ਨਹੀਂ ਛੱਡੀ? ਛੁੱਟੀ ਦਾ ਮਤਲਬ ਇਹ ਤਾਂ ਨਹੀਂ ਹੁੰਦਾ ਕਿ ਆਦਮੀ ਅਪਾਹਜ ਬਣ ਜਾਵੇ ਬਿਲਕੁੱਲ? ਸਗੋਂ ਛੁੱਟੀ ਵਾਲੇ ਦਿਨ ਸਾਨੂੰ ਜ਼ਿਆਦਾ ਐਕਟਿਵ ............" ਤੇ ਪਤਾ ਨਹੀਂ ਕਿਧਰ ਕਿਧਰ ਦੇ ਦ੍ਰਿਸ਼ਟਾਂਤ ਤੇ ਦਾ ਦ੍ਰਿਸ਼ਟਾਂਤ ਘੜਦਾ ਹੋਇਆ ਉਹ ਇਸ ਹੱਦ ਤੱਕ ਬੋਲੀ ਗਿਆ ਜਦ ਤੱਕ ਮੈਂ ਕੱਪੜਾ ਲੱਤਾ ਪਾ ਮੂੰਹ ਹੱਥ ਧੋ ਕੇ ਤਿਆਰ ਨਾ ਹੋ ਗਿਆ।

ਟਿਫ਼ਨ ਕੈਰੀਅਰ ਉਸ ਦੇ ਕੋਲ ਸੀ ਉਸ ਦੱਸਿਆ ਕਿ ਕਿਸ ਤਰ੍ਹਾਂ ਸਿਰੀ ਮਤੀ ਦੇ ਸੁਤਿਆ ਸੁਤਿਆਂ ਹੀ ਉਸਨੇ ਸ਼ਬਜ਼ੀ, ਚਟਨੀ ਭੜਥਾ ਆਦਿ ਤਿਆਰ ਕਰ ਕੇ ਪਿਕਨਿਕ ਲਈ ਪਰਾਉਂਠੇ ਵੀ ਪਕਾ ਲਏ ਸਨ।

ਅਖ਼ੀਰ ਅਸੀਂ ਸੈਰ ਨੂੰ, ਨਹੀਂ 'ਐਸ਼' ਨੂੰ ਨਿਕਲੇ। ਪ੍ਰੋਗਰਾਮ ਸੀ ਚੱਕੀ ਦੇ ਪੁਲ ਦਾ, ਜੋ ਕਾਫ਼ੀ ਲੰਮਾ ਪੈਂਡਾ ਸੀ। ਮੈਂ ਬਥੇਰਾ ਚਿਲਾਇਆ ਕਿ ਟਾਂਗਾ ਕਰ ਲਿਆ ਜਾਵੇ, ਰੁਪਏ ਸਵਾ ਰੁਪਏ ਦੀ ਕਿਹੜੀ ਗੱਲ ਹੈ, ਕਲ ਹੀ ਤਾਂ ਤਨਖਾਹ ਮਿਲੀ ਹੈ। ਪਰ ਮਾਸਟਰ ਨੇ ਜਿਉਂ ਕਫ਼ਾਇਤ ਸ਼ਆਰੀ ਉਤੇ ਲੈਕਚਰ ਕਰਨਾ ਸ਼ੁਰੂ ਕਰ ਦਿੱਤਾ ਕਿ ਮੀਲ ਸਵਾ ਮੀਲ ਦੀ ਦੂਰੀ 'ਤੇ ਜਾ ਕੇ ਉਸ ਦਾ ਲੈਕਚਰ ਖ਼ਤਮ ਹੋਇਆ। ਮੈਨੂੰ ਉਸ ਨੇ ਲਾ ਜਵਾਬ ਹੀ ਨਹੀਂ, ਕਾਇਲ ਵੀ ਕਰ ਲਿਆ ਕਿ ਸਚ ਮੁੱਚ ਸਾਨੂੰ ਪੈਸੇ ਦੀ ਪੂਰੀ ਪੂਰੀ ਕਦਰ ਕਰਨੀ ਚਾਹੀਦੀ ਹੈ। ਅਸੀਂ ਜੇ ਏਨੀ ਕੁ ਖੇਚਲ ਤੋਂ ਬਚਣ ਲਈ ਟਾਂਗਿਆ ਉਤੇ ਰੁਪਏ ਫ਼ੂਕਣ ਲੱਗ ਪਵਾਂਗੇ ਤਾਂ ਸਾਡੀ ਸੰਤਾਨ ਉਤੇ, ਸਾਡੀ ਸੰਸਕ੍ਰਿਤੀ ਉਤੇ, ਸਾਡੇ ਦੇਸ਼ ਅਤੇ ਕੌਮ ਉਤੇ, ਇਸ ਦਾ ਕਿੰਨਾ ਖ਼ਤਰਨਾਕ ਅਸਰ ਪਵੇਗਾ।

ਮੁਕਦੀ ਗੱਲ, ਘੋੜਿਆ ਖਚਰ ਤੇ ਲਸ਼ਕਰਾਂ ਵਿਚੋਂ ਰਾਹ ਬਣਾਂਦੇ ਮਿਲਟਰੀ ਦੇ ਟਰੱਕ ਅਤੇ ਲਾਰੀਆਂ ਤੋਂ ਬਚਦੇ ਬਚਾਂਦੇ ਤੇ ਰਜਵਾਂ ਘੱਟਾ ਫਕਦੇ ਹੋਏ ਅਖ਼ੀਰ ਅਸੀਂ ਚੱਕੀ ਦੇ ਪੁਲ ਤੇ ਜਾ ਹੀ ਅਪੜੇ।

ਸਾਰਾ ਦਿਨ ਖ਼ੂਬ ਐਸ਼ ਕੀਤੀ ਠੰਢੀਆਂ ਛਾਵਾਂ ਮਾਣੀਆਂ, ਦਰਿਆ ਵਿਚ

ਤਾਰੀਆਂ ਲਾਈਆਂ, ਪਰਾਉਂਠੇ ਛਕੇ, ਘਰਾਟਾਂ ਦੀ ਮੌਜ ਵੇਖੀ, ਤੇ ਸਭ ਤੋਂ ਵੱਡੀ ਚੀਜ਼ ਮਾਸਟਰ ਕਿਰਪਾ ਰਾਮ ਦੀ ਜੀਵਨੀ ਦੇ ਅਨੇਕਾਂ ਸੁਆਦਲੇ ਕਿੱਸੇ ਸੁਣੇ। ਨਾਲ ਹੀ ਕਈਆਂ ਵਖੋ ਵਖ ਵਿਸ਼ਿਆਂ ਉਤੇ ਉਸ ਦੇ ਲੈਕਚਰ ਵੀ ਹੋਏ। ਗਰਮੀ ਭਾਵੇਂ ਕੜਾਕੇ ਦੀ ਪੈ ਰਹੀ ਸੀ, ਪਰ ਸੈਰ ਦਾ ਸੁਆਦ ਵਾਹਵਾ ਆਇਆ।

ਵਾਪਸੀ ਤੇ ਜਦ ਮਾਸਟਰ ਕਿਰਪਾ ਰਾਮ ਦਾ ਉਹੀ ਕਫ਼ਾਇਤ ਸ਼ਆਰੀ ਵਾਲਾ ਲੈਕਚਰ ਫੇਰ ਸ਼ੁਰੂ ਹੋਇਆ ਤਾਂ ਸੱਚੀ ਗਲ ਮੇਰੇ ਤਾਂ ਮਾਪੇ ਮਰ ਗਏ। ਇਕ ਸਾਰੇ ਦਿਨ ਦੀ ਥਕਾਵਟ, ਦੂਜਾ ਲੋਹੜੇ ਦੀ ਗਰਮੀ। ਕਦਮ ਪੁੱਟਣ ਨੂੰ ਵੱਢਿਆ ਰੂਹ ਨਾ ਕਰੇ। ਪਰ ਉਸ ਵਡੇ ਫ਼ਿਲਾਸਫਰ ਦੀ ਲੈਕਚਰ ਬਾਜ਼ੀ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਝੱਖ ਮਾਰ ਕੇ ਉਸ ਗਿੱਠੂ ਜਿਹੇ ਦੇ ਨਾਲ ਲੱਤਾਂ ਘਸੀਟਣੀਆਂ ਹੀ ਪਈਆਂ।

ਪੁਲ ਤੋਂ ਟੁਰ ਕੇ ਅਸੀਂ ਅਧ ਕੁ ਮੀਲ ਦੀ ਵਾਟ ਤੇ ਪੁਜੇ ਸਾਂ ਕਿ ਪਿਛੋਂ ਸਾਈਕਲ ਦੀ ਘੰਟੀ ਖੜਕਾਦਾਂ ਹੋਇਆ ਇਕ ਬੰਦਾ ਸਾਡੇ ਲਾਗੋਂ ਨਿਕਲ ਗਿਆ। ਤੇ ਜਾਂਦਾ ਜਾਂਦਾ ਉਚੀ ਆਵਾਜ਼ ਦੇ ਕੇ ਮੇਰੇ ਸਾਥੀ ਮਾਸਟਰ ਨੂੰ ਕਹਿ ਗਿਆ–"ਮਾਸਟਰ ਜੀ ਤੁਹਾਡਾ ਇਕ ਰਜਿਸਟਰੀ ਲਿਫ਼ਾਫਾ ਆਇਆ ਹੋਇਆ ਹੈ, ਭਲਕੇ ਘਰੇ ਰਹਿਣਾ, ਸਵੇਰੇ ਦਸ ਵਜੇ।" ਇਹ ਡਾਕੀਆ ਸੀ ਸਾਡੇ ਇਲਾਕੇ ਦਾ।

"ਲਫ਼ਾਫਾ ? ਮੇਰਾ ਲਫਾਫਾ ? ਮਿਸਟਰ, ਕੀ ਨਾਂ ਏ ਤੇਰਾ, ਓ ਗਲ ਤੇ ਸੁਣ ਜਾ.....ਏ ਮੈਂ ਕਿਹਾ...!" ਮਾਸਟਰ ਉੱਚੀ ਉੱਚੀ ਚਿਲਾਂਦਾ ਰਿਹਾ। ਪਰ ਸਾਈਕਲ ਸਵਾਰ ਰੁਕਿਆ ਨਹੀਂ। ਇਕ ਤਾਂ ਉਹ ਬੜਾ ਢਾਲੂ ਸੀ–ਬਾਈ ਸਿਕਲ ਨੂੰ ਰੋਕਣਾ ਉਂਜ ਹੀ ਮੁਸ਼ਕਿਲ ਸੀ। ਦੂਜਾ ਸਾਈਕਲ ਸਵਾਰ ਸ਼ਾਇਦ ਜਲਦੀ ਵਿਚ ਸੀ।

ਤੇ ਮੈਂ ਵੇਖਿਆ, ਲਫ਼ਾਫੇ ਦਾ ਨਾਂ ਸੁਣਦਿਆਂ ਹੀ ਮੇਰਾ ਸਾਥੀ ਖੁਸ਼ੀ ਨਾਲ ਪਾਗ਼ਲ ਜਿਹਾ ਹੋ ਉਠਿਆ, ਉਹ ਹਉਕਦਾ ਤੇ ਥਥਲਾਦਾਂ ਹੋਇਆ ਬੋਲਿਆ–"ਵੇਖਿਆ ਈ ਭਾਪਾ! ਕਲ ਮੈਂ ਤੈਨੂੰ ਕਿਹਾ ਸੀ ਨਾ, ਪਰਭਾਤ ਦਾ ਸੁਪਨਾ ਕਦੀ ਝੂਠਾ ਨਹੀਂ ਹੁੰਦਾ। ਮੇਰਾ ਦਿਲ ਘੜੀ ਮੁੜੀ ਕਹਿੰਦਾ ਸੀ। ਕਿ ਐਤਕੀ ਇਨਾਮ ਜ਼ਰੂਰ ਆਵੇਗਾ। ਭਾਵੇਂ ਸੂਰਜ ਐਂਧਰੋਂ ਦਾ ਐਂਧਰ ਚੜ੍ਹ ਪਵੇ। ਪਰਭਾਤ ਦਾ ਸੁਪਨਾ ਕਦੀ ਗ਼ਲਤ ਹੋ ਹੀ ਨਹੀਂ ਸਕਦਾ। ਸਾਡੇ ਅੰਦਰ ਕੁਦਰਤ ਨੇ ਇਕ ਭਵਿੱਸ਼ ਦਰਸੀ ਤਾਕਤ ਵੀ ਪਾਈ ਹੋਈ ਹੈ, ਜਿਹੜੀ ਕਿਸੇ ਹੋਣ ਵਾਲੀ ਘਟਨਾ ਬਾਰੇ ਸਾਨੂੰ ਅਗੇਤਰਾ ਹੀ ਖ਼ਬਰਦਾਰ ਕਰ ਦਿੰਦੀ ਹੈ। ਵਿਗਿਆਨਕਾਂ ਨੇ ਮਨ ਦੇ ਹਿਸੇ ਦਸੇ ਨੇ ਨੇ–ਇਕ ਅਚੇਤ ਤੇ ਇਕ ਸੁਚੇਤ। ਅਚੇਤ ਮਨ ਦੀ ਮਸ਼ੀਨਰੀ ਨਿਰੀ ਪੁਰੀ....."

ਪਤਾ ਨਹੀਂ ਉਸ ਦੀ ਇਹ ਲੈਕਚਰਬਾਜ਼ੀ ਕਿਥੇ ਕੁ ਜਾ ਕੇ ਖ਼ਤਮ ਹੁੰਦੀ ਜੇ ਸਾਹਮਿਓ ਇਕ ਖਾਲੀ ਟਾਂਗਾ ਨਾ ਆ ਜਾਂਦਾ। ਮੇਰੀਆਂ ਲੱਤਾਂ ਦਰਦ ਨਾਲ ਚਿੱਲੂ ਚਿੱਲੂ ਕਰ ਰਹੀਆਂ ਸਨ। ਸੋਚਿਆ, ਭਾਵੇਂ ਮਾਸਟਰ ਮੰਨੇ ਨਾ ਮੰਨੇ, ਮੈਂ ਤਾਂ ਜ਼ਰੂਰ ਟਾਂਗਾ ਕਰ ਲੈਣਾ ਏ। ਸੈਰ ਕਰਣ ਆਏ ਹਾਂ, ਮੁਕਾਣ ਦੇਣ ਥੋੜਾ ਨਾ ਆਏ ਹਾਂ।

ਟਾਂਗਾ ਨੇੜੇ ਪਹੁੰਚਿਆ। ਮੈਂ ਆਵਾਜ਼ ਦੇਣ ਦੇਣ ਹੀ ਪਿਆ ਕਰਦਾ ਸਾਂ ਕਿ ਮਾਸਟਰ ਨੇ ਪੂਰੇ ਠਾਠ ਨਾਲ ਵਿਚ ਪੁਕਾਰਿਆ–'–ਟਾਂਗੇ ਵਾਲੇ ਰੋਕੋ ਟਾਂਗਾ।"

ਉਸ ਦੀ ਇਹ ਅਨੋਖੀ ਅਦਾ ਵੇਖ ਕੇ ਮੈਂ ਹੱਕਾ ਬੱਕਾ ਰਹਿ ਗਿਆ। ਅਜੇ ਹੁਣੇ ਹੀ ਤਾਂ ਮੈਨੂੰ ਕਫ਼ਾਇਤ ਸ਼ਅਰੀ ਦੇ ਉਪਦੇਸ਼ ਦੇ ਰਿਹਾ ਸੀ।

ਅਸੀਂ ਦੋਵੇਂ ਜਾਣੇ ਜਦ ਬੈਠ ਗਏ ਤਾਂ ਟਾਂਗੇ ਵਾਲੇ ਨੇ ਪਿਛਲੇ ਪਾਸਿਓ ਆਉਂਦੇ ਕੁਝ ਪੇਂਡੂਆਂ ਨੂੰ ਵੇਖ ਕੇ ਪੁਕਾਰਿਆ–"ਚਲੋ ਇਕ ਦੋ ਸਵਾਰੀਆਂ ਸ਼ਹਿਰ ਨੂੰ।"

"ਚਲ ਓਏ" ਮੇਰਾ ਦੋਸਤ ਦਬਕੇ ਨਾਲ ਉਸ ਨੂੰ ਕਹਿਣ ਲੱਗਾ–'–ਅਸਾਂ

ਸਾਲਮ ਲੈਣਾ ਏ।"

'ਹਲਾ ਜੀ!" ਕਹਿ ਕੇ ਕੋਚਵਾਨ ਨੇ ਘੋੜੇ ਨੂੰ ਛਾਂਟਾਂ ਲਾਂਦਿਆਂ। ਇਕ ਵਾਰੀ ਫੇਰ ਅਸਾਂ ਦੋਹਾਂ ਵੱਲ ਗਹੁੰ ਨਾਲ ਤੱਕਿਆ। ਸ਼ਾਇਦ ਦਿਲ ਵਿਚ ਉਹ ਕਹਿ ਰਿਹਾ ਸੀ ਤੁਹਾਡੀ ਸ਼ਕਲ ਤੇ ਨਹੀਂ ਦਿਸਦੀ 'ਸ਼ਾਲਮ' ਟਾਂਗਾ ਕਰਨ ਵਾਲੀ –ਕਿਤੇ ਨੌਸਰਬਾਜ਼ੀ ਤਾਂ ਨਹੀਂ ਕਰ ਰਹੇ।

ਟਾਂਗਾ ਟੁਰ ਪਿਆ। ਤੇ ਮੈਂ ਮਾਸਟਰ ਉਤੇ ਆਪਣੀ ਸ਼ੰਕਾ ਪਰਗਟ ਕਰ ਹੀ ਦਿਤੀ। "ਮਾਸਟਰ! ਮਾਸਟਰ ਕਿਥੇ ਗਈ ਯਾਰ ਤੇਰੀ ਸੰਜਮ ਦੀ ਉਹ ਫਿਲਾਸਫੀ?" ਉਹ ਉਸੇ ਸਿਧਾਤਿਕ ਲਹਿਜੇ ਵਿਚ ਕਹਿਣ ਲੱਗਾ–"ਵੇਖੋ ਨਾ ਭਾਪਾ, ਵਕਤ ਦੀ ਕਦਰ ਕਰਨੀ ਆਦਮੀ ਦਾ ਸਭ ਤੋਂ ਪਹਿਲਾਂ ਫ਼ਰਜ ਹੈ। ਸਾਡੇ ਲੋਕਾਂ ਦਾ ਵਕਤ ਸਸਤਾ ਨਹੀਂ ਕਿ ਰੁਪਏ ਦੋ ਰੁਪਿਆਂ ਬਦਲੇ ਜਾਇਆ ਕਰ ਦਈਏ....."
ਤੇ ਇਸ ਵਕਤ ਦੇ ਸਿਰਲੇਖ ਹੇਠ ਮਾਸਟਰ ਨੇ ਜਿਉਂ ਦਲੀਲਬਾਜ਼ੀ ਦੀ ਮਸ਼ੀਨ ਗੰਨ ਛੱਡੀ ਕਿ ਤੋੜ ਸ਼ਹਿਰ ਪਹੁੰਚ ਜਾਣ ਤੇ ਵੀ ਉਸ ਦਾ ਗੋਲੀ ਗੱਠਾ ਖ਼ਤਮ ਹੋਣ ਵਿਚ ਨਾ ਆਇਆ। ਵਿਚ ਵਿਚਾਲੇ ਮੈਂ ਇਕ ਦੋ ਵਾਰੀ ਪੁੱਛਣਾ ਚਾਹਿਆ ਕਿ ਇਸ ਤੋਂ ਪਹਿਲਾਂ ਤੇਰੀ ਇਹ ਵਕਤ ਬਚਾਣ ਦੀ ਫ਼ਿਲਸਾਫ਼ੀ ਕਿਥੇ ਗਈ ਸੀ? ਪਰ ਇਸ ਡਰੋ ਕਿ ਮਤੇ ਇਸ ਰੇਡੀਓ ਦਾ ਕੋਈ ਨਵਾਂ ਪ੍ਰੋਗਰਾਮ ਸ਼ੁਰੂ ਹੋ ਜਾਵੇ, ਦੜ ਵੱਟੀ ਬੈਠਾ ਰਿਹਾ।

ਤੇ ਮੇਰੀ ਹੈਰਾਨੀ ਹੋਰ ਵੀ ਵੱਧ ਗਈ ਜਦ ਮੈਂ ਉਸ ਨੂੰ 'ਰਾਇਲ ਹੋਟਲ' ਦੇ ਗੇਟ ਅਗੇ ਟਾਂਗਾ ਰੁਕਵਾਂਦਿਆਂ ਤਕਿਆ। ਨਾਂਹ ਨੁਕਰ ਕਰਦਿਆਂ ਵੀ ਉਹ ਮੈਨੂੰ ਖਿੱਚ ਘਸੀਟ ਕੇ ਹੋਟਲ ਦੇ ਅੰਦਰ ਲੈ ਗਿਆ ਤੇ ਉਥੋਂ ਜਦ ਸਾਢੇ ਪੰਜ ਰੁਪਿਆਂ ਦਾ ਬਿਲ ਉਤਾਰ ਕੇ ਉਹ ਬਾਹਰ ਨਿਕਲਿਆ, ਤਾਂ ਅੱਗੇ ਉਹੀ ਟਾਂਗਾ ਖੜਾ ਸੀ। ਸ਼ਾਇਦ ਹੋਟਲ ਅੰਦਰ ਜਾਣ ਲੱਗਿਆ ਉਹ ਟਾਂਗੇ ਵਾਲੇ ਨੂੰ ਖੜਾ ਰਹਿਣ ਲਈ ਕਹਿ ਗਿਆ ਸੀ। ਟਾਂਗੇ ਉਤੇ ਛੜੱਪਾ ਮਾਰ ਕੇ ਜਾਹ ਚੜ੍ਹਿਆ ਤੇ ਮੈਨੂੰ ਬਿਠਾਲ ਕੇ ਕਹਿਣ ਲੱਗਾ–"ਭਾਪਾ! ਮੇਰੀ ਸਲਾਹ ਏ, ਸਬੱਬ ਨਾਲ ਆਏ ਹਾਂ, ਜ਼ਰਾ ਬਜ਼ਾਰੋਂ ਦੋ ਚਾਰ ਚੀਜ਼ਾਂ ਵੀ ਲੈਂਦੇ ਚੱਲੀਏ।"

ਤੇ ਜਦ ਮੇਰੇ ਕੋਲੋਂ ਨਾ ਰਿਹਾ ਗਿਆ, ਤਾਂ ਮੈਂ ਪੁਛ ਹੀ ਬੈਠਾ–"ਮਾਸਟਰ ਤੇਰੀ ਹੋਸ਼ ਟਿਕਾਣੇ ਹੈ ਕਿ ਨਹੀਂ?"

ਉਹ ਜੇਬ ਚੋਂ ਬਟੂਆ ਕੱਢ ਕੇ ਉਸ ਵਿਚਲੇ ਨੋਟ ਗਿਣਦਾ ਹੋਇਆ ਬੋਲਿਆ– "ਹੋਸ਼ ਵੀ ਹੈ, ਤੇ ਬਟੂਏ ਵਿਚ ਰੁਪਏ ਵੀ ਤੀਹ ਪੈਂਤੀ ਮੌਜ਼ੂਦ ਨੇ।"

ਮੈਂ ਪੁੱਛਿਆ–"ਤੇ ਮਹੀਨਾ ਸਾਰਾ, ਬਾਬੇ ਸਾਹਿਬ ਬੈਠ ਕੇ ਗੁਜ਼ਾਰੇਗਾ?"

ਉਹ ਖੂਬ ਤਣ ਕੇ ਬੋਲਿਆ–"ਤੂੰ ਵੀ ਭਾਪਾ, ਨਿਰਾ ਪੁਰਾ ਸਾਧੂ ਏ। ਭਲਾ ਮੈਂ ਐਵੇਂ ਸ਼ਾਹ ਖ਼ਰਚੀ ਕਰਨ ਡਿਹਾ ਹੋਇਆ ਵਾ? ਮੇਰਾ ਇਨਾਮ ਆਇਆ ਏ ਇਨਾਮ। ਬਹੁਤਾ ਨਾ ਸਹੀ ਪੰਜ ਹਜ਼ਾਰ ਤਾਂ ਹੋਣਾ ਈ ਏ। ਇਤਨੀ ਵੱਡੀ ਰਕਮ ਪ੍ਰਾਪਤ ਹੋਣ ਦੀ ਖੁਸ਼ੀ ਵਿਚ ਜੇ ਦਸ ਵੀਹ ਰੁਪਏ ਖ਼ਰਚ ਹੋ ਵੀ ਗਏ ਤਾਂ ਕੀ ਇਹ ਸੌਦਾ ਮਹਿੰਗਾ ਏ? ਨਾਲੇ ਇਕ ਹੋਰ ਵੀ ਤੇ ਮੁਸ਼ਕਲ ਹੈ ਨਾ ਭਾਪਾ! ਬਈ ਤੂੰ ਵੇਖ ਲਈ! ਭਲਕੇ ਜਿਉਂ ਹੀ ਇਨਾਮ ਦੇ ਰੁਪਏ ਤੇਰੀ ਭਰਜਾਈ ਦੀ ਨਜ਼ਰੀ ਪੈਣਗੇ ਬਸ ਮੇਰੇ ਕੋਲ ਉਸ ਨੇ ਕੌਡੀ ਵੀ ਨਹੀਂ ਛੱਡਣੀ। ਉਹ ਫੋਲ ਬਹੇ ਗੀ ਆਪਣੀਆਂ ਵਹੀਆਂ ਐਨੇ ਮਹੀਨਿਆਂ ਦਾ ਕਿਰਾਇਆ ਦੇਣਾ ਏ, ਭਾਨੇ ਸ਼ਾਹ ਦਾ ਚਾਰ ਸੌ ਸਣੇ ਵਿਆਜ਼ ਚੁੱਕਣਾ ਏ, ਤੇ ਹੋਰ ਪਤਾ ਨਹੀਂ ਕੀ ਕੀ। ਮੈਂ ਕਹਿਨਾ, ਸਬਬ ਨਾਲ ਤਨਖ਼ਾਹ ਦੇ ਰੁਪਏ ਹੱਥ ਵਿਚ ਨੇ। ਹੋਰ ਨਹੀਂ ਤਾਂ ਛੋਟੇ ਕਾਕੇ ਵਾਸਤੇ ਦੋ ਚਾਰ ਚੀਜ਼ਾਂ ਹੀ ਲੈ ਚੱਲਾ ਰੱਬ ਦੀ ਸਹੁੰ ਭਾਪਾ! ਇਹ ਕੋਈ ਬੜਾ

ਭਾਗਾਂ ਵਾਲਾ ਜੀਅ ਆਇਆ ਏ। ਸਾਡੇ ਘਰ। ਨਹੀਂ ਤੇ ਭਲਾ ਇਹ ਮੂੰਹ ਤੇ ਮਸਰਾਂ ਦੀ ਦਾਲ। ਮੇਰੇ ਵਰਗਿਆਂ ਨੇ ਕਦੇ ਸੌ ਰੁਪਏ ਦੀ ਸ਼ਕਲ ਨਹੀਂ ਸੀ ਵੇਖੀ। ਜਿਹੜਾ ਭਾਗਵਾਨ ਆਪਣੇ ਨਾਲ ਹਜ਼ਾਰਾਂ ਰੁਪਇਆ ਦੀ ਪੂੰਜੀ ਲੈ ਕੇ ਆਇਆ ਹੈ ਕੀ ਮੇਰਾ ਇਤਨਾ ਵੀ ਫ਼ਰਜ਼ ਨਹੀਂ ਕਿ ਉਸ ਦੇ ਆਰਾਮ ਲਈ ਦਸ ਵੀਹ ਰੁਪਏ ਕੁਰਬਾਨ ਕਰ ਦਿਆਂ ?"

ਕੁਝ ਤੇ ਮੈਂ ਸੁਭਾਵਕ ਹੀ ਘੱਟ ਬੋਲਣ ਵਾਲਾ ਹਾਂ ਤੇ ਕੁਝ ਮਾਸਟਰ ਦੀਆਂ ਤਕਰੀਰਾਂ ਤੋਂ ਕਤਰਾਂਦਾ ਸਾਂ, ਸੋ ਚੁੱਪ ਕਰ ਹਾਂ ਵਿਚ ਹਾਂ ਮਿਲਾਈ ਗਿਆ ਤੇ ਦੜ ਵੱਟ ਕੇ ਟਾਂਗੇ ਵਿਚ ਬੈਠਾ ਰਿਹਾ।

ਟਾਂਗਾ ਸਾਨੂੰ ਕਾਫ਼ੀ ਚਿਰ ਬਾਜ਼ਾਰਾਂ ਵਿਚ ਫਿਰਾਦਾਂ ਫਿਰਿਆ। ਮਾਸਟਰ ਕਿਰਪਾ ਰਾਮ ਕਿੰਨਾਂ ਹੀ ਕੁਝ ਖਰੀਦ ਕੇ ਉਸ ਵਚ ਲਦਦਾ ਰਿਹਾ। ਬਚੇ ਲਈ ਫ਼ਰਾਕਾਂ, ਦੁਧ ਪੀਣ ਵਾਲੀ ਵਲੈਤੀ ਬੋਤਲ, ਗਲੈਸਕੋ ਦਾ ਡੱਬਾ, ਬਿੱਬ, ਜ਼ਰਾਬਾਂ, ਬਿਸਕੁਟਾਂ ਦੇ ਡੱਬੇ ਤੇ ਹੋਰ ਰੱਬ ਜਾਣੇ ਕੀ ਕੀ ਪੁੜੀਆਂ ਤੇ ਡੱਬਿਆਂ ਵਿਚ ਬੰਨਿਆਂ ਹੋਇਆ।

ਗਲੀ ਵਿਚ ਪਹੁੰਚ ਕੇ ਅਸੀਂ ਟਾਂਗੇ ਤੋਂ ਉਤਰੇ ਤੇ ਸਮਾਨ ਉਤਾਰਿਆ। ਮਾਸਟਰ ਨੇ ਕਰਾਇਆ ਦੇਣ ਲਈ ਜਦ ਬਟੂਆ ਖੋਲਿਆ ਤੇ ਉਸ ਵਿਚ ਤਿੰਨਾਂ ਰੁਪਿਆਂ ਤੋਂ ਵੱਧ ਰਕਮ ਬਾਕੀ ਨਹੀਂ ਸੀ। ਟਾਂਗੇ ਦਾ ਕਰਾਇਆ ਪੂਰਾ ਕਰਨ ਲਈ ਬਾਕੀ ਬਾਰਾਂ ਆਨੇ ਮੈਨੂੰ ਦੇਣੇ ਪਏ।

ਖੁਤਖੁਤੀ ਮੈਨੂੰ ਵੀ ਰਾਤੀ ਕਾਫ਼ੀ ਰਹੀ, ਸੋਚਦਾ ਰਿਹਾ ਸਾਂ ਵੇਖੀਏ ਕਿੰਨੀ ਕੁ ਰਕਮ ਮਿਲਦੀ ਸੂ।

ਦੂਜੇ ਦਿਨ ਡਾਕੀਏ ਦੇ ਆਉਣ ਦੀ ਉਡੀਕ ਵਿਚ ਮਾਸਟਰ ਡੇਢ ਦੋ ਘੰਟੇ ਲੇਟ ਸਕੂਲ ਪਹੁੰਚਿਆਂ। ਖ਼ਾਲੀ ਪੀਰੀਅਡ ਵੇਲੇ ਮੈਂ ਉਸ ਦੀ ਕਲਾਸ ਵਿਚ ਜਾ ਕੇ ਕਾਹਲੀ ਕਾਹਲੀ ਪੁੱਛਿਆ–"ਸੁਣਾ ਮਾਸਟਰ....." ਤੇ ਹੋਰ ਕੁਝ ਪੁੱਛਣ ਤੋਂ ਪਹਿਲਾਂ ਹੀ ਉਸ ਨੇ ਜੇਬ ਵਿਚੋਂ ਇਕ ਰਜਿਸਟਰੀ ਲਿਫ਼ਾਫਾ ਕੱਢ ਕੇ ਮੇਰੇ ਹੱਥ ਵਿਚ ਫੜਾ ਦਿੱਤਾ, ਜਿਸ ਵਿਚਲੀ ਚਿੱਠੀ ਪੜ੍ਹਨ ਦੀ ਮੈਨੂੰ ਲੋੜ ਹੀ ਨਾ ਰਹੀ, ਜਦ ਉਸ ਦੇ ਸਿਰਨਾਵੇਂ ਉਤੇ ਮੇਰੀ ਨਜ਼ਰ ਪਈ–

"ਨੋਟਸ ਬਨਾਮ–ਮਾਸਟਰ ਕਿਰਪਾ ਰਾਮ–
ਅਲਰਾਕਮ–ਲਾਲਾ ਭਾਨੇ ਸ਼ਾਹ........."

ਮੇਰੇ ਦਿਲ ਨੂੰ ਬੜਾ ਸਦਮਾ ਪਹੁੰਚਿਆਂ ਤੇ ਉਸ ਦੀ ਮੂਰਖਤਾ ਉਤੇ ਗੁੱਸਾ ਵੀ ਬੜਾ ਆਇਆ। ਪਰ ਹੈਰਾਨੀ ਵਾਲੀ ਗੱਲ ਇਹ ਕਿ ਮਾਸਟਰ ਦੇ ਚਿਹਰੇ ਉਤੇ ਫਿਕਰ ਦਾ ਕੋਈ ਚਿੰਨ੍ਹ ਨਹੀਂ ਸੀ। ਮੇਰੇ ਹੋਰ ਕੁਝ ਪੁੱਛਣ ਤੋਂ ਪਹਿਲਾਂ ਉਹ ਸਦਾ ਵਰਗੇ ਸਿਧਾਂਤਿਕ ਲਹਿਜੇ ਵਿਚ ਬੋਲਿਆ–"ਅਸਲ ਵਿਚ ਭਾਪਾ,ਪਰਭਾਤ ਦਾ ਸੁਪਨਾ ਝੂਠਾ ਤੇ ਨਹੀਂ ਹੁੰਦਾ–ਕਦੀ ਗ਼ਲਤ ਹੋ ਹੀ ਨਹੀਂ ਸਕਦਾ–ਇਕ ਵਾਰੀ ਛੱਡ ਕੇ ਪੰਜਾਹ ਵਾਰੀ ਅਜਮਾਈ ਹੋਈ ਗੱਲ ਹੈ। ਪਰ ਫ਼ਰਕ ਇਹ ਲੱਗ ਗਿਆ ਕਿ ਸੁਪਨਾ ਸ਼ਾਇਦ ਪਰਭਾਤ ਤੋਂ ਅਗੇਤਰਾ ਜਾਂ ਪਛੇਤਰਾ ਆਇਆ ਹੋਵੇਗਾ......."

ਤੇ ਜਿਉਂ ਹੀ ਉਹ 'ਸੁਪਨੇ' ਅਤੇ 'ਵਕਤ' ਦੇ ਸਬੰਧ ਵਿਚ ਇਕ ਨਵੀਂ ਬਹਿਸ ਦੀ ਲੜੀ ਸ਼ੁਰੂ ਕਰਨ ਲੱਗਾ ਕਿ ਮੈਂ ਬੁੱਲ੍ਹ ਟੁੱਕਦਿਆਂ ਕਿਹਾ–"ਮੜ੍ਹੀਆਂ ਵਿਚ ਜਾਏ ਤੇਰਾ ਸੁਪਨਾ ਤੇ ਨਾਲੇ ਵਕਤ। ਮੈਂ ਪੁਛਨਾਂ, ਕਲ ਜੋ ਸਾਰੀ ਤਨਖ਼ਾਹ ਫ਼ੂਕ ਆਇਆ ਸੈਂ, ਹੁਣ ਮਹੀਨਾ ਭਰ ਮਿੱਟੀ ਖਾ ਕੇ ਗੁਜ਼ਾਰਾ ਕਰੇਗਾ ?

ਉਹ ਆਪਣੇ ਸੁਭਾਵਕ ਲਾ ਪਰਵਾਹ ਢੰਗ ਵਿਚ ਕਹਿਣ ਲੱਗਾ–"ਖਾਣ ਦਾ ਫ਼ਿਕਰ ਨਾ ਕਰ ਮੇਰੇ ਦੋਸਤ। ਮੈਂ ਖਾਵਾਂਗਾ ਵਹੁਟੀ ਦੀਆਂ ਗਾਲ੍ਹਾਂ, ਤੇ ਉਹ ਖਾਏ ਗੀ ਮੇਰਾ ਸਿਰ।"

Sri Satguru Jagjit Singh Ji eLibrary NamdhariElibrary@gmail.com

(ਸਮਾਪਤ)